# ਭਗਵੰਤ ਮਾਨ ਦੀ ਕੋਠੀ ਨੇੜਿਓਂ ਅੱਧੀ ਰਾਤ ਚੁੱਕੇ ਧਰਨਾਕਾਰੀ

## ਪੁਲੀਸ ਨੇ ਫ਼ਤਹਿਗੜ੍ਹ ਸਾਹਿਬ ਜਾ ਕੇ ਛੱਡੇ; ਗੁਰਬਾਣੀ ਦੀਆਂ ਪੋਥੀਆਂ ਦੀ ਬੇਅਦਬੀ ਦਾ ਦੋਸ਼

**'ਆਪ' ਸਰਕਾਰ ਨੇ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੁਹਰਾਇਆ: ਭਾਈ ਵਡਾਲਾ**

**ਗੁਰਦੀਪ ਸਿੰਘ ਲਾਲੀ**
**ਸੰਗਰੂਰ, 26 ਅਗਸਤ**

ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਚੱਲ ਰਹੇ ਪੰਥਕ ਮੋਰਚੇ ਸਮੇਤ ਤਿੰਨ ਪੱਕੇ ਮੋਰਚਿਆਂ 'ਤੇ ਡਟੀ ਸਿੱਖ ਸੰਗਤ ਸਮੇਤ ਸੰਘਰਸ਼ੀ ਨੌਜਵਾਨਾਂ ਅਤੇ ਲੜਕੀਆਂ ਨੂੰ ਪੁਲੀਸ ਨੇ ਕਥਿਤ ਅੱਧੀ ਰਾਤੀ ਜਬਰੀ ਚੁੱਕ ਲਿਆ ਅਤੇ ਉਥੇ ਲੱਗੇ ਟੈਂਟ ਪੁੱਟ ਕੇ ਸਾਰਾ ਸਾਮਾਨ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।




ਸੰਗਰੂਰ 'ਚ ਧਰਨਕਾਰੀਆਂ ਤੋਂ ਖਾਲੀ ਕਰਵਾਈ ਜਗ੍ਹਾ ਅਤੇ (ਸੱਜੇ) ਫ਼ਤਹਿਗੜ੍ਹ ਸਾਹਿਬ ਵਿੱਚ ਖੁਆਰ ਹੁੰਦੇ ਹੋਏ ਨੌਜਵਾਨ।

ਜਾਣਕਾਰੀ ਅਨੁਸਾਰ ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਭਾਈ ਬਲਦੇਵ ਸਿੰਘ ਵਡਾਲਾ ਸਮੇਤ ਸਿੱਖ ਸੰਗਤ, ਪੰਜਾਬ ਪੁਲੀਸ ਭਰਤੀ ਉਮੀਦਵਾਰ-2016 ਅਤੇ ਕਰੋਨਾ ਯੋਧਿਆਂ ਨੂੰ ਪੁਲੀਸ ਨੇ ਮੁੱਖ ਮੰਤਰੀ ਦੀ ਕੋਠੀ ਅੱਗਿਓਂ ਜਬਰੀ ਬੱਸਾਂ ਵਿੱਚ ਚੜ੍ਹਾ ਕੇ ਅੱਧੀ ਰਾਤ ਕਰੀਬ 90 ਕਿਲੋਮੀਟਰ ਦੂਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਛੱਡ ਦਿੱਤਾ। ਪੁਲੀਸ ਨੇ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਅੱਗੇ ਸਾਰੀ ਜਗ੍ਹਾ ਨੂੰ ਧਰਨਾਕਾਰੀਆਂ ਤੋਂ ਖਾਲੀ ਕਰਵਾ ਕੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਮੁੱਖ ਮੰਤਰੀ ਦੀ ਕੋਠੀ ਵੱਲ ਜਾਂਦੀ ਸ਼ਹਿਰ ਦੀ ਸੰਗਰੂਰ-ਪਟਿਆਲਾ ਸੜਕ 'ਤੇ ਦੋਵੇਂ ਪਾਸੇ ਇੱਕ-ਇੱਕ ਕਿਲੋਮੀਟਰ ਬੈਰੀਕੇਡ ਲਗਾ ਕੇ ਆਵਾਜਾਈ ਵੀ ਬੰਦ ਕਰ ਦਿੱਤੀ ਹੈ। ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਭਾਈ ਬਲਦੇਵ ਸਿੰਘ ਵਡਾਲਾ ਅਤੇ ਜ਼ਿਲ੍ਹਾ ਮੁੱਖ ਸੇਵਾਦਾਰ ਭਾਈ ਬਚਿੱਤਰ ਸਿੰਘ ਨੇ ਦੱਸਿਆ ਕਿ ਮੋਰਚਿਆਂ ਵਾਲੀ ਥਾਂ 'ਤੇ ਵੱਡੀ ਗਿਣਤੀ 'ਚ ਪੁੱਜੀ ਪੁਲੀਸ ਫੋਰਸ ਨੇ ਬੀਤੀ ਰਾਤ ਉਨ੍ਹਾਂ 'ਤੇ ਧਾਵਾ ਬੋਲ ਦਿੱਤਾ। ਪੁਲੀਸ ਨੇ ਪਹਿਲਾਂ ਸਾਰਿਆਂ ਤੋਂ ਜਬਰੀ ਮੋਬਾਈਲ ਖੋਹੇ ਤੇ ਬਾਅਦ ਵਿੱਚ ਸਾਰਾ ਸਾਮਾਨ ਜ਼ਬਤ ਕਰਕੇ ਟੈਂਟ ਪੁੱਟ ਦਿੱਤੇ। ਉਨ੍ਹਾਂ ਦੱਸਿਆ ਕਿ ਪੁਲੀਸ ਵੱਲੋਂ ਗੁਰਬਾਣੀ ਦੀਆਂ ਧਾਰਮਿਕ ਪੋਥੀਆਂ ਜੁੱਤੀਆਂ ਪਾ ਕੇ ਚੁੱਕਣ ਮਗਰੋਂ ਗੁਰੂ ਦੇ ਲੰਗਰਾਂ ਦੀ ਬੇਅਦਬੀ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਵੱਲੋਂ ਸਿੱਖ ਸੰਗਤ ਨੂੰ ਧੂਹ ਕੇ ਬੱਸਾਂ ਵਿੱਚ ਸੁੱਟਣ ਦੌਰਾਨ ਕਈਆਂ ਦੀਆਂ ਦਸਤਾਰਾਂ ਲੱਥ ਗਈਆਂ ਹਨ। ਸਿੱਖ ਆਗੂਆਂ ਨੇ ਦੱਸਿਆ ਕਿ ਪੁਲੀਸ ਵੱਲੋਂ ਸੰਗਤ ਨੂੰ ਪਟਿਆਲਾ ਜੇਲ੍ਹ ਤੋਂ ਬਾਅਦ ਗੁਰਦੁਆਰਾ ਦੂਖਨਿਵਾਰਨ ਸਾਹਿਬ ਅਤੇ ਅਖੀਰ ਵਿੱਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਹਦੂਦ 'ਚ ਤੜਕੇ ਕਰੀਬ 2 ਵਜੇ ਛੱਡ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸ਼ਾਂਤਮਈ ਚੱਲ ਰਹੇ ਸਿੱਖ ਨੀਤੀ ਪੰਥਕ ਮੋਰਚੇ 'ਚ ਬੈਠੀ ਸਿੱਖ ਸੰਗਤ 'ਤੇ ਕਾਰਵਾਈ ਕਰਦਿਆਂ ਮਾਨ ਸਰਕਾਰ ਨੇ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਦੁਹਰਾ ਦਿੱਤਾ ਹੈ।

ਉਨ੍ਹਾਂ ਮੰਗ ਕੀਤੀ ਕਿ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ, ਪਾਵਨ ਸਰੂਪਾਂ ਦੇ ਮਾਮਲੇ ਵਿਚ ਕੇਸ ਦਰਜ ਕਰਕੇ ਸੀਬੀਆਈ ਤੋਂ ਜਾਂਚ ਕਰਵਾਈ ਜਾਵੇ ਅਤੇ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਸਿੱਖ ਆਗੂਆਂ ਨੇ ਐਲਾਨ ਕੀਤਾ ਕਿ ਪਹਿਲੀ ਸਤੰਬਰ ਤੋਂ ਸਿੱਖ ਸਦਭਾਵਨਾ ਦਲ ਵੱਲੋਂ ਵੱਡਾ ਸੰਘਰਸ਼ ਉਲੀਕਿਆ ਜਾਵੇਗਾ। ਜ਼ਿਕਰਯੋਗ ਹੈ ਕਿ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ 'ਚ ਕਾਰਵਾਈ ਦੀ ਮੰਗ ਲਈ ਸਿੱਖ ਸਦਭਾਵਨਾ ਦਲ ਵੱਲੋਂ ਭਾਈ ਬਲਦੇਵ ਸਿੰਘ ਵਡਾਲਾ ਦੀ ਅਗਵਾਈ ਹੇਠ ਬੀਤੀ 20 ਅਗਸਤ ਤੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਪੰਥਕ ਮੋਰਚਾ ਲਗਾਇਆ ਹੋਇਆ ਸੀ। ਇਸੇ ਤਰ੍ਹਾਂ ਪੰਜਾਬ ਪੁਲੀਸ ਭਰਤੀ-2016 ਦੇ ਉਮੀਦਾਰ ਤੇ ਕਰੋਨਾ ਯੋਧਿਆਂ ਦੇ ਪੱਕੇ ਮੋਰਚੇ ਕਈ ਮਹੀਨਿਆਂ ਤੋਂ ਜਾਰੀ ਸਨ।

### ਧਰਨਾਕਾਰੀਆਂ ਨੇ ਪੁਲੀਸ 'ਤੇ ਲਾਏ ਧਮਕੀਆਂ ਦੇਣ ਦੇ ਦੋਸ਼

**ਸ੍ਰੀ ਫ਼ਤਹਿਗੜ੍ਹ ਸਾਹਿਬ (ਅਜੈ ਮਲਹੋਤਰਾ):** ਸੰਗਰੂਰ ਵਿਚੋਂ ਮੁੱਖ ਮੰਤਰੀ ਦੀ ਕੋਠੀ ਅੱਗਿਓਂ ਚੁੱਕ ਕੇ ਫਤਹਿਗੜ੍ਹ ਸਾਹਿਬ ਛੱਡੇ ਧਰਨਕਾਰੀ ਜਗਦੀਪ ਸਿੰਘ, ਖੁਸ਼ਦੀਪ ਕੌਰ, ਮਨਜਿੰਦਰ ਕੌਰ ਆਦਿ ਨੇ ਦੱਸਿਆ ਕਿ ਉਨ੍ਹਾਂ 'ਚੋਂ ਕੁਝ 2017 'ਚ ਪੁਲੀਸ ਭਰਤੀ ਦੀ ਬਣੀ ਮੈਰਿਟ ਦਾ ਹਿੱਸਾ ਹਨ ਤੇ ਉਹ ਹਾਲੇ ਤੱਕ ਨੌਕਰੀ ਦੇ ਨਿਯੁਕਤੀ ਪੱਤਰ ਲੈਣ ਲਈ ਭਟਕ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਨੇ ਕਰੋਨਾ ਦੌਰਾਨ ਆਪਣੀਆਂ ਜਾਨਾਂ ਖਤਰੇ 'ਚ ਪਾ ਕੇ ਪਹਿਲੀ ਕਤਾਰ ਵਿੱਚ ਦਿਨ ਰਾਤ ਕੰਮ ਕੀਤਾ ਤੇ ਹੁਣ ਪੱਕੀ ਨੌਕਰੀ ਦੀ ਆਸ 'ਚ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨੇ 'ਤੇ ਬੈਠੇ ਸਨ। ਬੀਤੀ ਰਾਤ ਜਦੋਂ ਧਰਨੇ ਵਾਲੀ ਜਗ੍ਹਾ 'ਤੇ ਉਹ ਸੁੱਤੇ ਪਏ ਸਨ ਤਾਂ ਰਾਤ 11.30 ਵਜੇ ਦੇ ਕਰੀਬ ਪੁਲੀਸ ਨੇ ਉਨ੍ਹਾਂ ਨੂੰ ਜਬਰੀ ਪੁਲੀਸ ਦੀ ਬੱਸ 'ਚ ਬਿਠਾ ਲਿਆ ਅਤੇ ਉਨ੍ਹਾਂ ਦੇ ਮੋਬਾਈਲ ਵੀ ਖੋਹ ਲਏ। ਇਸ ਤੋਂ ਬਾਅਦ ਪੁਲੀਸ ਨੇ ਉਨ੍ਹਾਂ ਨੂੰ ਬੱਸ 'ਚ ਬਿਠਾ ਕੇ ਅੱਧੀ ਰਾਤ ਨੂੰ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੇ ਬਾਹਰ ਛੱਡ ਦਿੱਤਾ। ਨੌਜਵਾਨਾਂ ਨੇ ਦੱਸਿਆ ਕਿ ਪੁਲੀਸ ਨੇ ਉਨ੍ਹਾਂ ਨੂੰ ਧਮਕੀ ਦਿੱਤੀ ਹੈ ਜੇਕਰ ਉਹ ਹੁਣ ਦੁਬਾਰਾ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਦਿਖਾਈ ਦਿੱਤੇ ਤਾਂ ਮੁਕੱਦਮੇ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ 'ਚ ਸੁੱਟਿਆ ਜਾਵੇਗਾ।

### ਕਿਸੇ ਨੂੰ ਜਬਰੀ ਨਹੀਂ ਹਟਾਇਆ: ਡੀਐੱਸਪੀ

ਸੰਗਰੂਰ ਪੁਲੀਸ ਦੇ ਡੀਐੱਸਪੀ ਅਜੈਪਾਲ ਸਿੰਘ ਨੇ ਸਿੱਖ ਸਦਭਾਵਨਾ ਦਲ ਵੱਲੋਂ ਲਗਾਏ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਡਰੀਮਲੈਂਡ ਕਲੋਨੀ ਦੇ ਵਸਨੀਕਾਂ ਨੇ ਡਿਪਟੀ ਕਮਿਸ਼ਨਰ ਕੋਲ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਗੈਰਕਾਨੂੰਨੀ ਤੌਰ 'ਤੇ ਲੱਗ ਰਹੇ ਧਰਨਿਆਂ ਕਾਰਨ ਉਨ੍ਹਾਂ ਨੂੰ ਰੋਜ਼ਾਨਾ ਖੁਆਰ ਹੋਣਾ ਪੈਂਦਾ ਹੈ, ਜਿਸ ਕਰਕੇ ਧਰਨਿਆਂ ਨੂੰ ਹਟਾਇਆ ਜਾਵੇ। ਡਿਪਟੀ ਕਮਿਸ਼ਨਰ ਦੇ ਹੁਕਮਾਂ ਤਹਿਤ ਹੀ ਏਡੀਸੀ ਅਤੇ ਐੱਸਡੀਐੱਮ ਸੰਗਰੂਰ ਨੇ ਪੁਲੀਸ ਸਮੇਤ ਪੁੱਜ ਕੇ ਧਰਨਾਕਾਰੀਆਂ ਨੂੰ ਧਰਨੇ ਹਟਾਉਣ ਲਈ ਆਖਿਆ ਅਤੇ ਉਹ ਆਪਣੇ ਧਰਨੇ ਖ਼ਤਮ ਕਰਕੇ ਚਲੇ ਗਏ। ਟੈਂਟ ਵਾਲੇ ਆਪਣਾ ਸਾਮਾਨ ਚੁੱਕ ਕੇ ਲੈ ਗਏ। ਉਨ੍ਹਾਂ ਕਿਹਾ ਕਿ ਕਿਸੇ ਨੂੰ ਜਬਰੀ ਨਹੀਂ ਹਟਾਇਆ ਗਿਆ ਅਤੇ ਨਾ ਹੀ ਕਿਸੇ ਨਾਲ ਕੋਈ ਬਦਸਲੂਕੀ ਕੀਤੀ ਗਈ ਹੈ।

# ਬੇਅਦਬੀ ਕਾਂਡ: ਧਾਲੀਵਾਲ ਨੇ ਬਾਦਲਾਂ ਤੇ ਕੈਪਟਨ ਨੂੰ ਲਾਏ ਰਗੜੇ

**ਸੁਖਬੀਰ 'ਤੇ ਝੂਠ ਬੋਲਣ ਦੇ ਦੋਸ਼**

**ਚਰਨਜੀਤ ਭੁੱਲਰ**
**ਚੰਡੀਗੜ੍ਹ, 26 ਅਗਸਤ**

ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇੱਥੇ ਸਾਬਕਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨੇ ਵਿੰਨ੍ਹੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਬੇਅਦਬੀ ਤੇ ਗੋਲੀ ਕਾਂਡ ਦੀਆਂ ਘਟਨਾਵਾਂ ਵਿੱਚ ਸਿੱਖ ਸੰਗਤ ਨੂੰ ਛੇਤੀ ਇਨਸਾਫ਼ ਦੇਵੇਗੀ। ਇਨ੍ਹਾਂ ਘਟਨਾਵਾਂ ਦੀ ਪਿਛਲੇ ਸਮੇਂ ਦੌਰਾਨ ਨਿਰਪੱਖ ਜਾਂਚ ਨਹੀਂ ਹੋ ਸਕੀ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਆਪਣੇ ਸਵਾਰਥਾਂ ਲਈ ਘਿਉ ਖਿਚੜੀ ਸਨ। ਸ੍ਰੀ ਧਾਲੀਵਾਲ ਨੇ ਇੱਥੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਕਾਂਗਰਸ ਤੇ ਅਕਾਲੀ ਸਰਕਾਰਾਂ ਦੇ ਨਾਪਾਕ



ਇਰਾਦਿਆਂ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਅਤੇ ਉਸ ਤੋਂ ਬਾਅਦ ਗੋਲੀ ਕਾਂਡ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਹਾਲੇ ਤੱਕ ਨਿਆਂ ਨਹੀਂ ਮਿਲ ਸਕਿਆ। ਸ੍ਰੀ ਧਾਲੀਵਾਲ ਨੇ ਸੁਖਬੀਰ ਬਾਦਲ ਵੱਲੋਂ ਗੋਲੀ ਚਲਾਉਣ ਦੇ ਹੁਕਮਾਂ ਤੋਂ ਇਨਕਾਰ ਕਰਨ ਦੇ ਸੁਆਲ 'ਤੇ ਕਿਹਾ ਕਿ ਸੁਖਬੀਰ ਬਾਦਲ ਝੂਠ ਬੋਲ ਰਹੇ ਹਨ ਕਿਉਂਕਿ ਕੋਈ ਵੀ ਪੁਲੀਸ ਅਧਿਕਾਰੀ ਮੁੱਖ ਮੰਤਰੀ ਜਾਂ ਗ੍ਰਹਿ ਮੰਤਰੀ ਦੀ ਇਜਾਜ਼ਤ ਤੋਂ ਬਿਨਾਂ ਗੋਲੀ ਨਹੀਂ ਚਲਾ ਸਕਦਾ। ਹੁਣ 'ਸਿਟ' (ਵਿਸ਼ੇਸ਼ ਜਾਂਚ ਟੀਮ) ਨੇ ਸ੍ਰੀ ਬਾਦਲ ਨੂੰ ਤਲਬ ਕੀਤਾ ਹੈ ਅਤੇ ਨਿਰਪੱਖ ਜਾਂਚ ਦੌਰਾਨ ਸਾਰੇ ਤੱਥ ਸਾਹਮਣੇ ਆ ਜਾਣਗੇ। ਉਨ੍ਹਾਂ ਨੇ ਸੁਖਬੀਰ ਬਾਦਲ ਨੂੰ ਇਹ ਸਪੱਸ਼ਟ ਕਰਨ ਦੀ ਚੁਣੌਤੀ ਦਿੱਤੀ ਕਿ ਕੀ ਗੋਲੀਬਾਰੀ ਵਾਲੇ ਦਿਨ ਕੋਟਕਪੂਰਾ ਵਿੱਚ ਮੌਜੂਦ ਅਧਿਕਾਰੀ ਉਨ੍ਹਾਂ ਦੇ ਸੰਪਰਕ ਵਿਚ ਸਨ। ਕਿਸ ਦੇ ਹੁਕਮ 'ਤੇ ਅਫ਼ਸਰਾਂ ਨੇ ਗੋਲੀ ਚਲਾਈ, ਕੀ ਉਸ ਨੇ ਅਫ਼ਸਰਾਂ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ। ਗ੍ਰਹਿ ਮੰਤਰੀ ਹੋਣ ਦੇ ਨਾਤੇ, ਕੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਸੂਚਿਤ ਕੀਤਾ। ਜੇ ਅਫ਼ਸਰਾਂ ਨੇ ਖ਼ੁਦ ਹੀ ਗੋਲੀ ਚਲਾਈ ਤਾਂ ਬਤੌਰ ਗ੍ਰਹਿ ਮੰਤਰੀ ਸੁਖਬੀਰ ਨੇ ਉਨ੍ਹਾਂ ਖ਼ਿਲਾਫ਼ ਕੀ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਛੇਤੀ ਕਾਨੂੰਨ ਅਨੁਸਾਰ ਮੁਲਜ਼ਮਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

# ਗੁਰਦੁਆਰੇ 'ਚ ਕੁੜੀ ਦੇ ਨੱਚਣ ਦਾ ਮਾਮਲਾ ਅਕਾਲ ਤਖ਼ਤ ਪੁੱਜਿਆ

**ਟ੍ਰਿਬਿਊਨ ਨਿਊਜ਼ ਸਰਵਿਸ**
**ਅੰਮ੍ਰਿਤਸਰ, 26 ਅਗਸਤ**

ਉੱਤਰਾਖੰਡ ਦੇ ਜ਼ਿਲ੍ਹਾ ਊਧਮ ਸਿੰਘ ਨਗਰ ਦੇ ਇੱਕ ਪਿੰਡ ਦੇ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜਨਮ ਅਸ਼ਟਮੀ ਵਾਲੇ ਦਿਨ ਇਕ ਕੁੜੀ ਦੇ ਨੱਚਣ ਦਾ ਮਾਮਲਾ ਸਾਹਮਣੇ ਆਇਆ ਹੈ। ਸ੍ਰੀ ਅਕਾਲ ਤਖ਼ਤ ਵੱਲੋਂ ਇਸ ਦਾ ਸਖ਼ਤ ਨੋਟਿਸ ਲੈਂਦੇ ਹੋਏ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧੀ ਜਾਂਚ ਕਰਨ ਲਈ ਕਿਹਾ ਗਿਆ ਹੈ। ਸ਼ਿਕਾਇਤ ਮਿਲਣ ਮਗਰੋਂ ਜਥੇਦਾਰ ਹਰਪ੍ਰੀਤ ਸਿੰਘ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਇਸ ਦੀ ਪੜਤਾਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਉੱਤਰਾਖੰਡ ਦੇ ਇੱਕ ਗੁਰਦੁਆਰੇ ਵਿੱਚ ਅਜਿਹੀ ਘਟਨਾ ਵਾਪਰ ਚੁੱਕੀ ਹੈ।

# ਕੁੰਵਰ ਵਿਜੈ ਪ੍ਰਤਾਪ 'ਚ ਸਾਨੂੰ ਗ੍ਰਿਫ਼ਤਾਰ ਕਰਨ ਦੀ ਹਿੰਮਤ ਨਹੀਂ ਸੀ: ਸੁਖਬੀਰ

**ਕੋਟਕਪੂਰਾ ਗੋਲੀ ਕਾਂਡ ਬਾਰੇ ਸੰਮਨ ਹਜ਼ਾਰ ਬੰਦੇ ਨੂੰ ਆਉਣ ਦਾ ਦਾਅਵਾ**

**ਨਿੱਜੀ ਪੱਤਰ ਪ੍ਰੇਰਕ**
**ਜਲੰਧਰ, 26 ਅਗਸਤ**



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਦਿੱਲੀ ਵਾਂਗ ਪੰਜਾਬ ਵਿੱਚ ਵੀ ਆਬਕਾਰੀ ਨੀਤੀ ਰਾਹੀਂ ਕੀਤੇ ਗਏ 500 ਕਰੋੜ ਦੇ ਘਪਲੇ ਕਾਰਨ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਪੰਜਾਬ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਰਾਘਵ ਚੱਢਾ ਜੇਲ੍ਹ ਜਾਣਗੇ। ਸ੍ਰੀ ਬਾਦਲ ਅੱਜ ਅਕਾਲੀ ਆਗੂ ਬਲਜੀਤ ਸਿੰਘ ਨੀਲਾ ਮਹਿਲ ਦੀ ਦੂਜੀ ਬਰਸੀ ਮੌਕੇ ਕਰਵਾਏ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਏ ਸਨ। ਕੋਟਕਪੂਰਾ ਗੋਲੀ ਕਾਂਡ ਬਾਰੇ ਆਏ ਸੰਮਨ ਦਾ ਜ਼ਿਕਰ ਕਰਦਿਆ ਸੁਖਬੀਰ ਬਾਦਲ ਨੇ ਕਿਹਾ ਕਿ ਅਜਿਹੇ ਸੰਮਨ ਤਾਂ ਹਜ਼ਾਰ ਬੰਦੇ ਨੂੰ ਆਏ ਹਨ। ਉਨ੍ਹਾਂ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਜਦੋਂ 'ਸਿਟ' ਦੇ ਮੁਖੀ ਸੀ ਉਦੋਂ ਵੀ ਉਨ੍ਹਾਂ ਵਿੱਚ ਹਿੰਮਤ ਨਹੀਂ ਹੋਈ ਸਾਨੂੰ ਗ੍ਰਿਫ਼ਤਾਰ ਕਰਨ ਦੀ। ਸ੍ਰੀ ਬਾਦਲ ਨੇ ਇਹ ਦੋਸ਼ ਲਾਇਆ ਕਿ ਕੁਲਦੀਪ ਸਿੰਘ ਧਾਲੀਵਾਲ ਜਾਂਚ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਿਰਫ ਨਾਂ ਦਾ ਹੀ ਮੁੱਖ ਮੰਤਰੀ ਹੈ। ਅਸਲੀ ਮੁੱਖ ਮੰਤਰੀ ਰਾਘਵ ਚੱਢਾ ਹੈ ਜਿਸ ਨੇ ਆਬਕਾਰੀ ਨੀਤੀ ਵਿੱਚ ਲੁੱਟ ਪਾਈ ਹੋਈ ਹੈ।

# ਜੰਗਲਾਤ ਘੁਟਾਲਾ: ਈਡੀ ਨੇ ਧਰਮਸੋਤ ਤੇ ਗਿਲਜੀਆਂ ਮਾਮਲੇ 'ਚ ਦਸਤਾਵੇਜ਼ ਮੰਗੇ

**ਦਵਿੰਦਰ ਪਾਲ**
**ਚੰਡੀਗੜ੍ਹ, 26 ਅਗਸਤ**

ਪੰਜਾਬ ਦੇ ਸਾਬਕਾ ਕਾਂਗਰਸੀ ਮੰਤਰੀਆਂ ਦੇ ਜੰਗਲਾਤ ਘੁਟਾਲੇ ਦੇ ਮਾਮਲੇ ਦੀ ਮੁਕੰਮਲ ਜਾਣਕਾਰੀ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਮੰਗੇ ਜਾਣ ਕਾਰਨ ਸਾਧੂ ਸਿੰਘ ਧਰਮਸੋਤ, ਸੰਗਤ ਸਿੰਘ ਗਿਲਜੀਆਂ ਤੇ ਉਨ੍ਹਾਂ ਦੇ ਭਤੀਜੇ ਦਲਜੀਤ ਸਿੰਘ ਗਿਲਜੀਆਂ ਅਤੇ ਜੰਗਲਾਤ ਵਿਭਾਗ ਦੇ ਕਈ ਅਧਿਕਾਰੀਆਂ ਦੀਆਂ ਮੁਸ਼ਕਲਾਂ ਵਧਦੀਆਂ ਦਿਖਾਈ ਦੇ ਰਹੀਆਂ ਹਨ। ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਈਡੀ ਨੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਸੰਗਤ ਸਿੰਘ ਗਿਲਜੀਆਂ ਖਿਲਾਫ਼ ਦਰਜ ਐਫਆਈਆਰ ਦੀ ਕਾਪੀ ਅਤੇ ਤਫ਼ਤੀਸ਼ ਦੀ ਮੁਕੰਮਲ ਜਾਣਕਾਰੀ ਮੰਗੀ ਹੈ। ਈਡੀ ਵੱਲੋਂ ਇਸ ਮਾਮਲੇ ਵਿੱਚ ਪੈਸਿਆਂ ਦੇ ਲੈਣ-ਦੇਣ ਦੀ ਜਾਂਚ ਕੀਤੀ ਜਾਵੇਗੀ। ਕੈਪਟਨ ਸਰਕਾਰ ਵਿੱਚ ਸਾਧੂ ਸਿੰਘ ਧਰਮਸੋਤ ਜੰਗਲਾਤ ਮੰਤਰੀ ਸਨ। ਕੈਪਟਨ ਦੇ ਅਸਤੀਫੇ ਮਗਰੋਂ ਚੰਨੀ ਸਰਕਾਰ ਵੇਲੇ ਧਰਮਸੋਤ ਦੀ ਥਾਂ ਸੰਗਤ ਸਿੰਘ ਗਿਲਜੀਆਂ ਜੰਗਲਾਤ ਮੰਤਰੀ ਬਣੇ ਸਨ। ਵਿਜੀਲੈਂਸ ਦਾ ਦੋਸ਼ ਕਿ ਗਿਲਜ਼ੀਆਂ ਦੇ ਸਮੇਂ ਵੀ ਵਿਭਾਗ ਵਿੱਚ ਭ੍ਰਿਸ਼ਟਾਚਾਰ ਹੋਇਆ ਸੀ। ਵਿਜੀਲੈਂਸ ਨੇ ਸੰਗਤ ਸਿੰਘ ਗਿਲਜ਼ੀਆਂ ਦੇ ਨਾਲ-ਨਾਲ ਉਸ ਦੇ ਭਤੀਜੇ ਦਲਜੀਤ ਸਿੰਘ ਗਿਲਜੀਆਂ ਨੂੰ ਵੀ ਇਸ ਮਾਮਲੇ ਵਿਚ ਗ੍ਰਿਫ਼ਤਾਰ ਕਰ ਲਿਆ ਸੀ ਜੋ ਇਸ ਸਮੇਂ ਜੇਲ੍ਹ ਵਿੱਚ ਹੈ। ਵਿਜੀਲੈਂਸ ਵੱਲੋਂ ਦੋਵਾਂ ਮੰਤਰੀਆਂ ਦੀ ਜਾਇਦਾਦ ਦੀ ਜਾਂਚ ਵੀ ਕੀਤੀ ਗਈ ਹੈ ਤੇ ਇਹ ਸਾਰੀ ਜਾਣਕਾਰੀ ਈਡੀ ਨੂੰ ਮੁਹੱਈਆ ਕਰਾਈ ਜਾਵੇਗੀ। ਸੂਤਰਾਂ ਮੁਤਾਬਿਕ ਈਡੀ ਵੱਲੋਂ ਅਜਿਹੇ ਮਾਮਲਿਆਂ, ਜਿਨ੍ਹਾਂ ਵਿੱਚ ਕਾਂਗਰਸ ਦੇ ਆਗੂਆਂ ਦੀ ਸ਼ਮੂਲੀਅਤ ਹੈ, ਬਾਰੇ ਵੀ ਜਾਣਕਾਰੀ ਮੰਗਣ ਦੇ ਆਸਾਰ ਹਨ। ਵਿਜੀਲੈਂਸ ਨੇ 7 ਜੂਨ ਨੂੰ ਧਰਮਸੋਤ ਨੂੰ ਗ੍ਰਿਫ਼ਤਾਰ ਕੀਤਾ ਸੀ। ਵਿਜੀਲੈਂਸ ਦੀ ਮੁੱਢਲੀ ਤਫ਼ਤੀਸ਼ ਮੁਤਾਬਕ ਸਾਧੂ ਸਿੰਘ ਧਰਮਸੋਤ ਵੱਲੋਂ ਜੰਗਲਾਤ ਮੰਤਰੀ ਹੁੰਦਿਆਂ 500 ਰੁਪਏ ਪ੍ਰਤੀ ਰੁੱਖ ਰਿਸ਼ਵਤ ਹਾਸਲ ਕੀਤੀ ਜਾਂਦੀ ਸੀ। ਵਿਜੀਲੈਂਸ ਦਾ ਦਾਅਵਾ ਹੈ ਕਿ ਧਰਮਸੋਤ ਨੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਕਰੋੜਾਂ ਰੁਪਏ ਇਕੱਠੇ ਕੀਤੇ। ਇਸ ਤੋਂ ਇਲਾਵਾ ਧਰਮਸੋਤ ਉਤੇ ਆਪਣੇ ਨੇੜਲਿਆਂ ਰਾਹੀਂ ਨਾਜਾਇਜ਼ ਮਾਈਨਿੰਗ ਸਮੇਤ ਜੰਗਲਾਤ ਜ਼ਮੀਨਾਂ 'ਤੇ ਲਾਂਘੇ ਦੇ ਬਦਲੇ ਐੱਨਓਸੀ ਜਾਰੀ ਕਰਨ ਲਈ ਕਲੋਨਾਈਜ਼ਰਾਂ, ਨਵੇਂ ਬਣੇ ਫਿਲਿੰਗ ਸਟੇਸ਼ਨਾਂ, ਨਵੇਂ ਪ੍ਰਾਜੈਕਟਾਂ ਦੇ ਮਾਲਕਾਂ ਅਤੇ ਹੋਟਲਾਂ ਅਤੇ ਰੈਸਟੋਰੈਂਟਾਂ ਤੋਂ ਰਿਸ਼ਵਤ ਲੈਣ ਦੇ ਦੋਸ਼ ਲੱਗੇ ਸਨ। ਇਸੇ ਤਰ੍ਹਾਂ ਵਿਜੀਲੈਂਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਨੇ ਵੀ ਆਪਣੇ ਕਾਰਜਕਾਲ ਦੌਰਾਨ ਟ੍ਰੀ-ਗਾਰਡਾਂ ਦੀ ਖ਼ਰੀਦ ਰਾਹੀਂ 6,40,00,000 ਰਿਸ਼ਵਤ ਵਜੋਂ ਇਕੱਠੇ ਕੀਤੇ। ਵਿਜੀਲੈਂਸ ਨੇ ਸੰਗਤ ਸਿੰਘ ਗਿਲਜੀਆਂ 'ਤੇ ਰੋਪੜ ਜ਼ਿਲ੍ਹੇ ਵਿੱਚ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ ਵੀ ਲਾਏ ਸਨ। ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਤੇ ਆਈ.ਪੀ.ਸੀ. ਦੀ ਧਾਰਾ 120ਬੀ ਅਧੀਨ ਅਮਿਤ ਚੌਹਾਨ, ਆਈ.ਐਫ.ਐੱਸ., ਗੁਰਮਨਪ੍ਰੀਤ ਸਿੰਘ, ਡੀ.ਐਫ.ਓ., ਦਿਲਪ੍ਰੀਤ ਸਿੰਘ, ਵਣ ਗਾਰਡ ਐੱਸ.ਐੱਸ.ਧਰਮਸੋਤ, ਐੱਸ.ਐੱਸ.ਗਿਲਜੀਆਂ ਸਾਬਕਾ ਮੰਤਰੀ, ਧਰਮਸੋਤ ਦੇ ਓ.ਐੱਸ.ਡੀ ਚਮਕੌਰ ਸਿੰਘ, ਕੰਵਲਜੀਤ ਸਿੰਘ ਖੰਨਾ ਸ਼ਹਿਰ, ਐੱਸ.ਐੱਸ. ਗਿਲਜੀਆਂ ਦੇ ਪੀਏ ਕੁਲਵਿੰਦਰ ਸਿੰਘ ਸ਼ੇਰਗਿੱਲ ਤੇ ਸਚਿਨ ਕੁਮਾਰ ਵਿਰੁੱਧ ਕੇਸ ਦਰਜ ਕੀਤਾ ਸੀ।

**ਵਿਜੀਲੈਂਸ ਬਿਊਰੋ ਤੋਂ ਤਫ਼ਤੀਸ਼ ਦੀ ਮੁਕੰਮਲ ਜਾਣਕਾਰੀ ਮੰਗੀ**

# ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਗੀਤ 'ਜਾਂਦੀ ਵਾਰ' ਰਿਲੀਜ਼ ਕਰਨ 'ਤੇ ਇਤਰਾਜ਼

**ਪੱਤਰ ਪ੍ਰੇਰਕ**
**ਮਾਨਸਾ, 26 ਅਗਸਤ**

ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੇ ਸੰਗੀਤਕਾਰ ਸਲੀਮ ਮਰਚੈਂਟ ਵੱਲੋਂ ਗੀਤ 'ਜਾਂਦੀ ਵਾਰ' ਰਿਲੀਜ਼ ਕੀਤੇ ਜਾਣ 'ਤੇ ਇਤਰਾਜ਼ ਜਤਾਉਂਦਿਆਂ ਇਸ ਦੀ ਰਿਲੀਜ਼ ਰੋਕਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਗੀਤ ਦਾ ਵਪਾਰੀਕਰਨ ਗ਼ੈਰਕਾਨੂੰਨੀ ਹੈ। ਸਲੀਮ ਮਰਚੈਂਟ ਨੇ ਇਹ ਗੀਤ 2 ਸਤੰਬਰ ਨੂੰ ਰਿਲੀਜ਼ ਕਰਨ ਦਾ ਐਲਾਨ ਕੀਤਾ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਤੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਹ ਗੀਤ ਰਿਲੀਜ਼ ਕੀਤਾ ਜਾਂਦਾ ਹੈ ਤਾਂ ਸੰਗੀਤਕਾਰ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਭਗਵਾਨਪੁਰੀਆ ਦਾ 8 ਰੋਜ਼ਾ ਪੁਲੀਸ ਰਿਮਾਂਡ

**ਪੱਤਰ ਪ੍ਰੇਰਕ**
**ਐੱਸਏਐੱਸ ਨਗਰ (ਮੁਹਾਲੀ), 26 ਅਗਸਤ**

ਪੰਜਾਬ ਪੁਲੀਸ ਸਟੇਟ ਕਰਾਈਮ ਵਿੰਗ ਵੱਲੋਂ ਪਿਛਲੇ ਦਿਨੀਂ ਜਾਅਲੀ ਪਾਸਪੋਰਟ ਮਾਮਲੇ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਖ਼ਿਲਾਫ਼ ਦਰਜ ਕੀਤੇ ਅਪਰਾਧਿਕ ਮਾਮਲੇ ਵਿੱਚ ਹੁਣ ਪੁਲੀਸ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਨਾਮਜ਼ਦ ਕਰਕੇ ਉਸ ਦੀ ਗ੍ਰਿਫ਼ਤਾਰੀ ਪਾ ਲਈ ਹੈ। ਉਸ 'ਤੇ ਕਾਰੋਬਾਰੀਆਂ ਨੂੰ ਡਰਾ ਧਮਕਾ ਕੇ ਫਿਰੌਤੀਆਂ ਮੰਗਣ ਤੇ ਜਾਅਲੀ ਦਸਤਾਵੇਜ਼ਾਂ ਰਾਹੀਂ ਪਾਸਪੋਰਟ ਬਣਾਉਣ ਦਾ ਦੋਸ਼ ਹੈ। ਜੱਗੂ ਨੂੰ ਅੱਜ ਅਦਾਲਤ ਨੇ 8 ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਮੁਲਜ਼ਮ ਨੂੰ 3 ਸਤੰਬਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਲੁਧਿਆਣਾ ਵਿੱਚ ਲੱਗੇਗਾ ਟਾਟਾ ਗਰੁੱਪ ਦਾ ਪਹਿਲਾ ਸਟੀਲ ਪਲਾਂਟ

## ਮੁੱਖ ਮੰਤਰੀ ਨੇ ਟਾਟਾ ਗਰੁੱਪ ਦੇ ਵਫ਼ਦ ਨੂੰ ਜ਼ਮੀਨ ਦਾ ਅਲਾਟਮੈਂਟ ਪੱਤਰ ਸੌਂਪਿਆ

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 26 ਅਗਸਤ**

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਟਾਟਾ ਗਰੁੱਪ ਨੂੰ ਪਹਿਲੇ ਪੜਾਅ ਤਹਿਤ ਲੁਧਿਆਣਾ ਵਿੱਚ 2600 ਕਰੋੜ ਰੁਪਏ ਦੇ ਨਿਵੇਸ਼ ਨਾਲ ਸਕਰੈਪ ਆਧਾਰਿਤ ਸਟੀਲ ਪਲਾਂਟ ਸਥਾਪਤ ਕਰਨ ਲਈ ਜ਼ਮੀਨ ਅਲਾਟਮੈਂਟ ਦਾ ਪੱਤਰ ਸੌਂਪਿਆ ਹੈ। ਮੁੱਖ ਮੰਤਰੀ ਨੇ ਟਾਟਾ ਸਟੀਲ ਲਿਮਟਿਡ ਦੇ ਆਲਮੀ ਸੀਈਓ ਤੇ ਮੈਨੇਜਿੰਗ ਡਾਇਰੈਕਟਰ ਟੀਵੀ ਨਰੇਂਦਰਨ ਦੀ ਅਗਵਾਈ ਹੇਠ ਆਏ ਵਫ਼ਦ ਨਾਲ ਮੁਲਾਕਾਤ ਕੀਤੀ ਤੇ ਇਹ ਪੱਤਰ ਸੌਂਪਿਆ। ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ਵ ਪੱਧਰ ਦੀ ਇਸ ਮੋਹਰੀ ਕੰਪਨੀ



ਟਾਟਾ ਗਰੁੱਪ ਦੇ ਨੁਮਾਇੰਦੇ ਨੂੰ ਜ਼ਮੀਨ ਦਾ ਅਲਾਟਮੈਂਟ ਪੱਤਰ ਸੌਂਪਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ।

ਦਾ ਸੂਬੇ ਵਿੱਚ ਇਹ ਪਹਿਲਾ ਨਿਵੇਸ਼ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਵੱਡੇ ਉਦਯੋਗਿਕ ਸਮੂਹ ਵੱਲੋਂ ਇਹ ਨਿਵੇਸ਼ ਕਰਨ ਨਾਲ ਸੂਬੇ ਦੇ ਉਦਯੋਗਿਕ ਵਿਕਾਸ ਦੀ ਗਤੀ ਹੋਰ ਤੇਜ਼ ਹੋਵੇਗੀ। ਉਨ੍ਹਾਂ ਕਿਹਾ ਕਿ ਟਾਟਾ ਗਰੁੱਪ ਪ੍ਰਾਜੈਕਟ ਦੇ ਪਹਿਲੇ ਪੜਾਅ ਤਹਿਤ ਲਗਪਗ 2600 ਕਰੋੜ ਰੁਪਏ ਦਾ ਨਿਵੇਸ਼ ਕਰਕੇ ਲੁਧਿਆਣਾ ਵਿੱਚ ਪੰਜਾਬ ਸਰਕਾਰ ਦੇ ਹਾਈ-ਟੈੱਕ ਵੈਲੀ ਇੰਡਸਟਰੀਅਲ ਪਾਰਕ ਨਾਲ ਸਟੀਲ ਪਲਾਂਟ ਸਥਾਪਤ ਕਰੇਗਾ। ਮੁੱਖ ਮੰਤਰੀ ਨੇ 'ਇਨਵੈਸਟ ਪੰਜਾਬ' ਦੀ ਟੀਮ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਇਸ ਪਲਾਂਟ ਦੀ ਸਥਾਪਤੀ ਲਈ ਟਾਟਾ ਸਟੀਲ ਦੇ ਪ੍ਰਬੰਧਕਾਂ ਨਾਲ ਤਾਲਮੇਲ ਬਣਾਇਆ।

ਉਨ੍ਹਾਂ ਕਿਹਾ ਕਿ ਬਿਜਲੀ 'ਤੇ ਚੱਲਣ ਵਾਲੀਆਂ ਆਰਕ ਭੱਠੀਆਂ 'ਤੇ ਆਧਾਰਤ ਇਹ ਪਲਾਂਟ 0.75 ਐੱਮ.ਟੀ.ਪੀ.ਏ. ਫਿਨਿਸ਼ਡ ਸਟੀਲ ਦਾ ਉਤਪਾਦਨ ਕਰੇਗਾ ਅਤੇ ਸਟੀਲ ਬਣਾਉਣ ਦੀ ਪ੍ਰਕਿਰਿਆ ਲਈ ਕੱਚਾ ਮਾਲ 100 ਫ਼ੀਸਦ ਸਕਰੈਪ ਹੋਵੇਗਾ। ਟਾਟਾ ਸਟੀਲ ਦੇ ਸੀਈਓ ਅਤੇ ਮੈਨੇਜਿੰਗ ਡਾਇਰੈਕਟਰ ਨੇ ਪੰਜਾਬ ਸਰਕਾਰ ਦੇ ਨਿਰੰਤਰ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਹਰਿਆਣਾ ਵਿੱਚ ਬਾਜ਼ਾਰ ਤੇ ਸਕਰੈਪ ਪੈਦਾ ਕਰਨ ਵਾਲੇ ਆਟੋ ਹੱਬ ਨੇੜੇ ਹੋਣ ਕਾਰਨ ਪੰਜਾਬ ਇਲੈਕਟ੍ਰਿਕ ਆਰਕ ਫਰਨੇਸ ਲਈ ਢੁਕਵੀਂ ਥਾਂ ਹੈ। ਇਸ ਮੌਕੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ, ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਤੇ ਪ੍ਰਮੁੱਖ ਸਕੱਤਰ ਦਲੀਪ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।


ਮੇਗਾ ਈ-ਨਿਲਾਮੀ ਵਿਕਰੀ ਸੂਚਨਾ

**SBI ਸਟੇਟ ਬੈਂਕ ਆਫ ਇੰਡੀਆ**

ਐਸਏਆਰਬੀ-ਅਮਨ ਪਲਾਜ਼ਾ ਕੰਪਲੈਕਸ, ਟਾਵਰ-ਬੀ, ਨਾਲ ਪਾਸਪੋਰਟ ਸੇਵਾ ਕੇਂਦਰ, ਅੰਬੇਡਕਰ ਚੌਕ, ਜਲੰਧਰ-144001, ਫੋਨ/ਫੈਕਸ ਨੰ: 0181-2242385, Email: sbi.51516@sbi.co.in

ਮੇਗਾ ਈ-ਨਿਲਾਮੀ ਵਿਕਰੀ ਸੂਚਨਾ

**ਮਿਤੀ 12.09.2022 ਨੂੰ 11.00 ਵਜੇ ਤੋਂ 13.00 ਵਜੇ ਚੱਲ/ਅਚੱਲ ਪ੍ਰਾਪਰਟੀਆਂ ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਜਨਤਕ ਸੂਚਨਾ**

**ਬਿਆਨਾ ਰਕਮ ਅਤੇ ਦਸਤਾਵੇਜ਼ (ਆਨਲਾਈਨ) ਜਮ੍ਹਾਂ ਕਰਵਾਉਣ ਲਈ ਅੰਤਿਮ ਮਿਤੀ ਤੇ ਸਮਾਂ: 11.09.2022 Upto 16.00 ਵਜੇ ਤੱਕ BY BIDDERS OWN WALLET REGISTERED WITH M/S MSTC LTD. ON ITS E-AUCTION SITE: https://www.mstcecommerce.com/auctionhome/ibapi/index.jsp BY MEANS OF RTGS/NEFT**

**ਪ੍ਰਾਪਰਟੀ ਦੇ ਨਿਰੀਖਣ ਦੀ ਮਿਤੀ ਤੇ ਸਮਾਂ: 09.09.2022 ਨੂੰ 11.00 ਵਜੇ ਤੋਂ 16.00 ਵਜੇ ਤੱਕ**

**ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਨਿਯਮਾਂ 2002 ਦੀ 8(6) ਅਤੇ ਨਿਯਮ 6(2) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਣ ਵਾਲੇ ਸਕਿਓਰਿਟਾਈਜ਼ੇਸ਼ਨ ਐਂਡ ਰਿਕੰਸਟਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਅਧੀਨ ਚੱਲ/ਅਚੱਲ ਐਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ।** ਸਾਧਾਰਨ ਜਨਤਾ ਨੂੰ ਆਮ ਰੂਪ ਵਿਚ ਅਤੇ ਕਰਜ਼ਦਾਰਾਂ ਅਤੇ ਗਾਰੰਟਰਾਂ ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਦੱਸੇ ਅਨੁਸਾਰ ਚੱਲ/ਅਚੱਲ ਪ੍ਰਾਪਰਟੀਜ਼ ਸੁਰੱਖਿਅਤ ਕ੍ਰੈਡਿਟਰ ਦੇ ਕੋਲ ਗਿਰਵੀ/ਹਾਈਪੋਥੀਕੇਟਿਡ/ਬੰਧਕ/ਚਾਰਜ਼ਡ ਹੈ, ਜਿਸ ਦਾ ਕੰਸਟ੍ਰਕਟਿਵ ਕਬਜ਼ਾ ਸਟੇਟ ਬੈਂਕ ਆਫ ਇੰਡੀਆ ਐਸਏਆਰਬੀ, ਜਲੰਧਰ ਦੀਆਂ ਹੇਠ ਲਿਖੀਆਂ ਸ਼ਾਖਾਵਾਂ ਅਧੀਨ ਅਧਿਕਾਰਤ ਅਫਸਰ ਵੱਲੋਂ ਲਿਆ ਗਿਆ ਹੈ, ਜੋ ਕਿ ਸੁਰੱਖਿਅਤ ਕ੍ਰੈਡਿਟਰ ਦੇ ਤੌਰ 'ਤੇ ਕਰਜ਼ਦਾਰ ਅਤੇ ਗਾਰੰਟਰ ਤੋਂ ਸਟੇਟ ਬੈਂਕ ਆਫ ਇੰਡੀਆ ਸੁਰੱਖਿਅਤ ਕ੍ਰੈਡਿਟਰ ਨੂੰ ਵਿਆਜ ਸਹਿਤ ਬਕਾਇਆ ਸਬੰਧਤ ਰਕਮ ਦੀ ਵਸੂਲੀ ਲਈ "ਜਿੱਥੇ ਹੈ, ਜਿਵੇਂ ਹੈ" ਅਤੇ "ਜਿਸ ਤਰ੍ਹਾਂ ਵੀ ਹੈ" ਆਧਾਰ 'ਤੇ ਹੇਠ ਲਿਖੀ ਚੱਲ/ਅਚੱਲ ਪ੍ਰਾਪਰਟੀਜ਼ ਦੀ 12.09.2022 ਨੂੰ ਵਿਕਰੀ ਕਰਨਗੇ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ** ਹਰੇਕ ਖਾਤੇ ਦੇ ਪ੍ਰਤੀ ਦਰਸਾਈ ਗਈ ਹੈ। **ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਪ੍ਰਤੀਬੰਧ ਹੇਠ ਲਿਖੇ ਅਨੁਸਾਰ ਹਨ। ਵੈੱਬਸਾਈਟ 'ਤੇ ਵੇਖੀ ਜਾਵੇ: (ਏ) https://sbi.co.in (ਬੀ) https://www.mstcecommerce.com/auctionhome/ibapi/index.jsp (ਸੀ) https://ibapi.in**

**ਚੱਲ/ਅਚੱਲ ਪ੍ਰਾਪਰਟੀਆਂ ਦਾ ਵੇਰਵਾ**

| ਕਰਜ਼ਦਾਰਾਂ/ਗਾਰੰਟਰਾਂ ਦਾ ਨਾਂ | ਬਕਾਇਆ ਰਕਮ ਜਿਸ ਦੀ ਵਸੂਲੀ ਵਾਸਤੇ ਪ੍ਰਾਪਰਟੀ ਨੂੰ ਵੇਚਿਆ ਜਾ ਰਿਹਾ ਹੈ | ਮਾਲਕ | ਪ੍ਰਾਪਰਟੀਆਂ ਦਾ ਵੇਰਵਾ | ਕਬਜ਼ੇ ਦਾ ਸਟੇਟਸ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਾਸ਼ੀ | ਪ੍ਰਾਪਰਟੀ ਦੀ ਨਿਲਾਮੀ ਦੀ ਮਿਤੀ ਤੇ ਸਮਾਂ | ਅਧਿਕਾਰਤ ਅਫਸਰ ਤੇ ਪੁੱਛਗਿੱਛ ਲਈ ਸੰਪਰਕ ਨੰ. |
|---|---|---|---|---|---|---|---|
| 1. **ਰਜਿੰਦਰ ਚੌਹਾਨ,** ਗਾਰੰਟਰ: ਸ੍ਰੀਮਤੀ ਰਾਜੂ ਪਤਨੀ ਰਜਿੰਦਰ ਚੌਹਾਨ | Amount as per 13(2) Rs. 22,10,264.670 as on 15.11.2018 with interest and other charges/costs | ਰਜਿੰਦਰ ਚੌਹਾਨ | ਰਿਹਾਇਸ਼ੀ ਪ੍ਰਾਪਰਟੀ, ਖਸਰਾ ਨੰ. 422 (2-18), 417 ਮਿਨ (4-7), 418 (2-11), 419 (3-3) ਵਿਚ ਸ਼ਾਮਲ ਕੁੱਲ ਮਾਪ 12 ਕਨਾਲ 19 ਮਰਲੇ ਅਤੇ ਇਸ ਪ੍ਰਾਪਰਟੀ ਵਿਚੋਂ ਮਾਪ 2½ ਮਰਲੇ (ਅੰਦਾ.), ਸੇਲ ਡੀਡ ਨੰ. 3282, ਮਿਤੀ 30.08.2011 ਦੇ ਤਹਿਤ ਖਰੀਦੀ ਸਬ-ਰਜਿਸਟਰਾਰ ਪਠਾਨਕੋਟ। ਮਕਾਨ ਸ੍ਰੀ ਰਜਿੰਦਰ ਚੌਹਾਨ ਦੇ ਨਾਂ 'ਤੇ ਹੈ ਅਤੇ ਪਿੱਛੇ ਸਿੰਘ ਸਭਾ ਗੁਰਦੁਆਰਾ ਨਜ਼ਦੀਕ ਮਾਂ ਚਿੰਤਪੂਰਨੀ ਐਂਟਰਪ੍ਰਾਈਜ਼ਿਜ, ਨਿਊ ਸ਼ਾਸਤਰੀ ਨਗਰ, ਪਠਾਨਕੋਟ-145001 ਵਿਖੇ ਸਥਿਤ ਹੈ, ਪੂਰਬ: ਗਲੀ-9 ਫੁੱਟ, ਪੱਛਮ: ਪ੍ਰੇਮ ਲਤਾ ਦਾ ਮਕਾਨ, ਉੱਤਰ: ਮਿਸਟਰ ਸੋਨੀ ਦਾ ਮਕਾਨ, ਦੱਖਣ: ਯੋਗੇਸ਼ ਕੁਮਾਰ ਦਾ ਮਕਾਨ, CERASI200014969817 | Physical Possession | Rs. 15.91 Lakh / Rs. 1.60 Lakh / Rs. 10,000 | 12.09.2022 11.00 Hrs. to 13.00 hrs | Sh. Balbir Raj (9779585242) Pawan Kumar (8727892345) |
| 2. **ਮੈ. ਅਗਰਵਾਲ ਇੰਡਸਟਰੀਜ਼** ਮਾਲਕ: ਸੰਦੀਪ ਅਗਰਵਾਲ | Amount as per 13(2) Rs. 44,08,658.00 as on 20.05.2014 with interest and other charges/costs | ਮੈ. ਅਗਰਵਾਲ ਇੰਡਸਟਰੀਜ਼ ਮਾਲਕ ਸੰਦੀਪ ਅਗਰਵਾਲ | ਇੰਡਸਟਰੀਅਲ ਜ਼ਮੀਨ ਅਤੇ ਇਮਾਰਤ ਪਲਾਟ ਨੰ. 5, ਇੰਡਸਟਰੀਅਲ ਏਰੀਆ ਬਿਨ ਅਟਾਰੀਆ, ਤਹਿਸੀਲ ਇੰਦੌਰਾ, ਜ਼ਿਲ੍ਹਾ ਕਾਂਗੜਾ (ਹਿ.ਪ੍ਰ.) ਵਿਖੇ ਸਥਿਤ, ਮਾਪ 1000 ਵ.ਮੀਟਰ, ਮੈ. ਅਗਰਵਾਲ ਇੰਡਸਟਰੀਜ਼ ਦੇ ਨਾਂ 'ਤੇ, ਮਾਲਕ ਸ੍ਰੀ ਸੰਦੀਪ ਅਗਰਵਾਲ, ਪੂਰਬ: ਪ੍ਰਾਈਵੇਟ ਜ਼ਮੀਨ, ਪੱਛਮ: ਇੰਡਸਟਰੀਅਲ ਏਰੀਆ ਰੋਡ, ਉੱਤਰ: ਮੈ. ਸ਼ੁਭਮ ਫਾਊਂਡਰੀ, ਦੱਖਣ: ਮੈ. ਆਰ.ਕੇ.ਐਮ. ਫੂਡਜ਼ (ਲੀਜ਼ ਡੀਡ)। | Physical Possession | Rs. 34.00 Lakh / Rs. 3.40 Lakh / Rs. 10,000 | 12.09.2022 11.00 Hrs. to 13.00 hrs | Sh. Balbir Raj (9779585242) Pawan Kumar (8727892345) |
| 3. **ਮੈ. ਹਰਮੀਤ ਟਰੇਡਿੰਗ ਕੰ.** ਗਾਰੰਟਰ: ਹਰਮੀਤ ਸਿੰਘ ਅਤੇ ਰਾਜਿੰਦਰ ਸਿੰਘ | Amount as per 13(2) Rs. 84,94,858.46 as on 01.12.2021 with interest and other charges/costs | ਹਰਮੀਤ ਸਿੰਘ ਪੁੱਤਰ ਰਾਜਿੰਦਰ ਸਿੰਘ | ਪ੍ਰਾਪਰਟੀ ਮਾਪ 407 ਵ. ਗਜ਼ (ਅੰਦਾਜ਼ਨ) ਦਾ ਇਕੁਇਟੇਬਲ ਮਾਰਟਗੇਜ, ਆਯਾਮ ਇਸ ਤਰ੍ਹਾਂ ਹੈ- ਪੂਰਬ: 110 ਫੁੱਟ, ਪੱਛਮ: 112 ਫੁੱਟ, ਉੱਤਰ: 33 ਫੁੱਟ, ਦੱਖਣ: 33 ਫੁੱਟ, ਖਸਰਾ ਨੰ. 455 ਮਿਨ ਵਿਚ ਸ਼ਾਮਲ, ਵਾਕਿਆ ਰਕਬਾ ਕੋਟ ਖਾਲਸਾ ਅਰਬਨ ਤਹਿ. ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ, ਸੇਲ ਡੀਡ ਨੰ. 15679, ਮਿਤੀ 08.12.1989 ਦੇ ਤਹਿਤ ਰਜਿਸਟਰਡ, ਸ੍ਰੀ ਰਾਜਿੰਦਰਪਾਲ ਸਿੰਘ ਪੁੱਤਰ ਸ੍ਰੀ ਮੋਹਿੰਦਰ ਸਿੰਘ ਦੇ ਨਾਂ 'ਤੇ ਦਰਜ, ਸਬ-ਰਜਿਸਟਰਾਰ ਅੰਮ੍ਰਿਤਸਰ ਕੋਲ ਰਜਿ. ਅਤੇ ਸੀਮਾ ਇਸ ਤਰ੍ਹਾਂ ਹੈ- ਪੂਰਬ: ਖ਼ੁਦ ਮਾਲਕ, ਪੱਛਮ: ਹੋਰਾਂ ਦੀ ਪ੍ਰਾਪਰਟੀ, ਉੱਤਰ: ਸੁਦਰਸ਼ਨ ਲਾਲ ਪੁੱਤਰ ਦਵਾਰਕਾ ਦਾਸ ਦੀ ਪ੍ਰਾਪਰਟੀ, ਦੱਖਣ: ਗਲੀ 15' ਫੁੱਟ। | Physical Possession | Rs. 65.36 Lakh / Rs. 6.53 Lakh / Rs. 10,000 | 12.09.2022 11.00 Hrs. to 13.00 hrs | Sh. Balbir Raj (9779585242) Pawan Kumar (8727892345) |
| 4. **ਮੈ. ਸੁਰਵੀਨ ਮਾਰਕੀਟਿੰਗ ਪ੍ਰਾਈ. ਲਿਮ.,** ਗਾਰੰਟਰ ਸ੍ਰੀ ਵਿਨੀਤ ਬੇਦੀ ਅਤੇ ਸ੍ਰੀਮਤੀ ਸੁਰਭੀ ਬੇਦੀ ਅਤੇ ਸ੍ਰੀ ਰਾਜਪਾਲ ਸਿੰਘ ਗਾਂਧੀ | Amount as per 13(2) Rs. 4,19,45,992 as on 11.03.2019 | ਸ੍ਰੀ ਵਿਨੀਤ ਬੇਦੀ ਅਤੇ ਸ੍ਰੀਮਤੀ ਸੁਰਭੀ ਬੇਦੀ | ਰਿਹਾਇਸ਼ੀ ਮਕਾਨ ਦੇ ਸਾਰੇ ਹਿੱਸੇ, ਮਾਪ 15 ਮਰਲਾ ਅਰਥਾਤ 08 ਕ-12 ਮ ਦਾ 15/172 ਹਿੱਸਾ, ਖਾਤਾ ਨੰ. 474/570-571, 230/270-271, 387/463, ਖਸਰਾ ਨੰ. 10//7/3(6-16), 7/3(0-8), 7/1(0-4), 7/1(0-10), 7/2(0-14), ਐਚ.ਬੀ. ਨੰ. 100 ਵਿਚ ਸ਼ਾਮਲ, ਪਿੰਡ ਜਿੰਦੋਵਾਲ, ਗੁਰਦੁਆਰਾ ਚਰਨਕੰਵਲ ਰੋਡ ਬੰਗਾ ਵਿਖੇ, ਸੇਲ ਡੀਡ ਨੰ. 1391 ਫਾਰ 07 ਮਰਲਾ, ਮਿਤੀ 02.12.2002 ਦੇ ਤਹਿਤ ਰਜਿਸਟਰਡ, ਸ੍ਰੀ ਵਿਨੀਤ ਬੇਦੀ ਦੇ ਨਾਂ 'ਤੇ ਅਤੇ 1803 ਫਾਰ 08 ਮਰਲਾ ਮਿਤੀ 29.01.2003 ਦੇ ਤਹਿਤ ਰਜਿਸਟਰਡ, ਸ੍ਰੀਮਤੀ ਸੁਰਭੀ ਬੇਦੀ ਦੇ ਨਾਂ 'ਤੇ। | Symbolic Possession Since 17.07.2019 | Rs. 72.75 Lakh / Rs. 7.28 Lakh / Rs. 10,000 | 12.09.2022 11.00 Hrs. to 13.00 hrs | CM: Mr. Manjit Mahey (9503643038) Manager: Sh. R.K. Kalsi 9779586561 |
| 5. **ਮੈ. ਸੁਰਵੀਨ ਮਾਰਕੀਟਿੰਗ ਪ੍ਰਾਈ. ਲਿਮ.,** ਗਾਰੰਟਰ- ਸ੍ਰੀ ਵਿਨੀਤ ਬੇਦੀ ਅਤੇ ਸ੍ਰੀਮਤੀ ਸੁਰਭੀ ਬੇਦੀ ਅਤੇ ਸ੍ਰੀ ਰਾਜਪਾਲ ਸਿੰਘ ਗਾਂਧੀ | Amount as per 13(2) Rs. 4,19,45,992 as on 11.03.2019 | ਸ੍ਰੀ ਰਾਜ ਪਾਲ ਸਿੰਘ ਗਾਂਧੀ ਪੁੱਤਰ ਸ੍ਰੀ ਚਰਨਜੀਤ ਸਿੰਘ ਗਾਂਧੀ | ਹੋਟਲ ਜ਼ਮੀਨ ਅਤੇ ਬਿਲਡਿੰਗ ਦੇ ਸਾਰੇ ਹਿੱਸੇ, ਮਾਪ 02ਕ-04ਮ-06ਐਸ, ਪਿੰਡ ਬੰਗਾ, ਤਹਿਸੀਲ ਨਵਾਂਸ਼ਹਿਰ ਵਿਖੇ ਸਥਿਤ, ਸ੍ਰੀ ਰਾਜਪਾਲ ਸਿੰਘ ਗਾਂਧੀ ਪੁੱਤਰ ਸ੍ਰੀ ਚਰਨਜੀਤ ਸਿੰਘ ਗਾਂਧੀ ਦੇ ਨਾਂ 'ਤੇ ਰਜਿਸਟਰਡ, ਸੇਲ ਡੀਡ ਨੰ. 80, ਮਿਤੀ 09.04.2008 ਦੇ ਤਹਿਤ, ਜੁਆਇੰਟ ਸਬ ਰਜਿਸਟਰਾਰ, ਬੰਗਾ ਕੋਲ ਰਜਿਸਟਰਡ, ਸਾਲ 2002-03 ਲਈ ਜਮ੍ਹਾਂਬੰਦੀ ਦੇ ਅਨੁਸਾਰ ਅਤੇ ਵੇਰਵਾ ਹੇਠ ਅਨੁਸਾਰ ਹੈ:- **(ਏ)** ਖਾਤਾ ਨੰ. 94/102-103, ਖਸਰਾ ਨੰ. 80//7/1(0-14), 8/2(1-13), 66//16/2(3-6) ਰਕਬਾ 05 ਕਨਾਲ 13 ਮਰਲਾ, ਜਿਸ ਵਿਚੋਂ 126/1017 ਹਿੱਸਾ ਅਰਥਾਤ 14 ਮਰਲਾ, **(ਬੀ)** ਖਾਤਾ ਨੰ. 95/105, ਖਸਰਾ ਨੰ. 66//22/2(2-8), ਜਿਸ ਵਿਚੋਂ ਹਿੱਸਾ 6/432 ਅਰਥਾਤ 06 ਸਰਸਈ, **(ਸੀ)** ਖਾਤਾ ਨੰ. 102/131, ਖਸਰਾ ਨੰ. 80//7/2(0-7), ਜਿਸ ਵਿਚੋਂ 8/63 ਹਿੱਸਾ ਅਰਥਾਤ 08 ਸਰਸਈ, **(ਡੀ)** ਖਾਤਾ ਨੰ. 109/138 ਖਸਰਾ ਨੰ. 66//17(5-4), ਜਿਸ ਵਿਚੋਂ 32/936 ਹਿੱਸਾ ਅਰਥਾਤ 03 ਮਰਲਾ 05 ਸਰਸਈ, **(ਈ)** ਖਾਤਾ ਨੰ. 1230/1516-1519, ਖਸਰਾ ਨੰ. 80//3/2(2-8), 4/1/1(0-11), 4/1/3(0-13), 4/2(0-12), 8/1(0-16) ਰਕਬਾ 05 ਕਨਾਲ, ਜਿਸ ਵਿਚੋਂ 71/900 ਹਿੱਸਾ ਅਰਥਾਤ 07 ਮਰਲਾ 08 ਸਰਸਈ, **(ਐਫ)** ਖਸਰਾ ਨੰ. 66//23/2/2(2-14), ਜਿਸ ਵਿਚੋਂ 40/486 ਹਿੱਸਾ ਅਰਥਾਤ 04 ਮਰਲਾ 04 ਸਰਸਈ, **(ਜੀ)** ਖਸਰਾ ਨੰ. 66//22/1(2-14), ਜਿਸ ਵਿਚੋਂ ਹਿੱਸਾ 28/486 ਅਰਥਾਤ 03 ਮਰਲਾ-01 ਸਰਸਈ, **(ਐਚ)** ਖਾਤਾ ਨੰ. 1230/1528-1564, ਖਸਰਾ ਨੰ. 80//4/3(2-8), ਜਿਸ ਵਿਚੋਂ 54/432 ਹਿੱਸਾ ਅਰਥਾਤ 06 ਮਰਲਾ, **(ਆਈ)** ਖਸਰਾ ਨੰ. 80//8/3(2-15), ਜਿਸ ਵਿਚੋਂ ਹਿੱਸਾ 37/495 ਅਰਥਾਤ 04 ਮਰਲਾ-01 ਸਰਸਈ। | Symbolic Possession Since 17.07.2019 | Rs. 197.56 Lakh / Rs. 19.76 Lakh / Rs. 25,000/- | 12.09.2022 11.00 Hrs. to 13.00 hrs | CM: Mr. Manjit Mahey (9503643038) Manager: Sh. R.K. Kalsi 9779586561 |
| 6. **ਮੈ. ਸੁਰਵੀਨ ਮਾਰਕੀਟਿੰਗ ਪ੍ਰਾਈ. ਲਿਮ.,** ਗਾਰੰਟਰ ਸ੍ਰੀ ਵਿਨੀਤ ਬੇਦੀ ਤੇ ਸ੍ਰੀਮਤੀ ਸੁਰਭੀ ਬੇਦੀ ਤੇ ਸ੍ਰੀ ਰਾਜਪਾਲ ਸਿੰਘ ਗਾਂਧੀ | Amount as per 13(2) Rs. 4,19,45,992 as on 11.03.2019 | ਸ੍ਰੀ ਵਿਨੀਤ ਬੇਦੀ | ਸਾਰੇ ਹਿੱਸਿਆਂ ਸਹਿਤ ਮੁਕੰਮਲ ਗੋਦਾਮ ਦੀ ਈਐਮ, ਮਾਪ 54.5* ਮਰਲਾ (ਆਊਟ ਆਫ ਕੁੱਲ ਏਰੀਆ 109 ਮਰਲਾ) ਖਾਤਾ ਨੰ. 493/545, ਖਸਰਾ ਨੰ. 14//18/2(3-4), 18/3(1-12), 19/1(6-7), 23/1(2-4), 23/2/(2-0), 23/3(3-16) ਹੱਦਬਸਤ ਨੰ. 105, ਐਚਪੀ ਪੈਟਰੋਲ ਪੰਪ ਦੇ ਨਾਲ, ਪਿੰਡ ਨੌਰਾ ਵਿਚ ਸਥਿਤ, ਮਲਕੀਅਤ ਸ੍ਰੀ ਵਿਨੀਤ ਬੇਦੀ ਰਜਿਸਟਰਡ ਮਾਰਫਤ ਸੇਲ ਡੀਡ ਨੰ. 4103 ਤੇ 3993, ਮਿਤੀ 10.02.2004 ਤੇ 31.12.2004* 109 ਮਰਲਾ ਮਾਪ ਵਾਲੀ ਜ਼ਮੀਨ ਵਿਚੋਂ, ਜ਼ਮੀਨ ਦਾ ਮਾਪ 54.5 ਮਰਲਾ ਐਚਪੀਸੀਐਲ ਕੋਲ ਲੀਜ਼ 'ਤੇ ਹੈ ਅਤੇ ਬਾਕੀ 54.5 ਮਰਲਾ ਮਾਪ ਵਾਲੀ ਜ਼ਮੀਨ ਫਰੀ ਹੋਲਡ ਹੈ। | Symbolic Possession Since 17.07.2019 | Rs. 58.20 Lakh / Rs. 5.82 Lakh / Rs. 10,000/- | 12.09.2022 11.00 Hrs. to 13.00 hrs | CM: Mr. Manjit Mahey (9503643038) Manager: Sh. R.K. Kalsi 9779586561 |
| 7. **ਮੈ. ਸੁਰਵੀਨ ਮਾਰਕੀਟਿੰਗ ਪ੍ਰਾਈ. ਲਿਮ.** ਗਾਰੰਟਰ: ਸ੍ਰੀ ਵਿਨੀਤ ਬੇਦੀ ਤੇ ਸ੍ਰੀਮਤੀ ਸੁਰਭੀ ਬੇਦੀ ਤੇ ਸ੍ਰੀ ਰਾਜਪਾਲ ਸਿੰਘ ਗਾਂਧੀ | Amount as per 13(2) Rs. 4,19,45,992 as on 11.03.2019 | ਸ੍ਰੀਮਤੀ ਸੁਰਭੀ ਬੇਦੀ | ਸਾਰੇ ਹਿੱਸਿਆਂ ਸਹਿਤ ਮੁਕੰਮਲ ਰਿਹਾਇਸ਼ੀ ਪਲਾਟ ਮਾਪ 10 ਮਰਲਾ, ਅਰਥਾਤ 90/900 ਸ਼ੇਅਰ ਆਫ 05 ਕੇ-00ਐਮ ਸ਼ਾਮਲ ਹੈ, ਖਾਤਾ ਨੰ. 476/557, ਖਸਰਾ ਨੰ. 7//17(5-0), ਹ. ਬ. ਨੰ. 100, ਪਿੰਡ ਜਿੰਦੋਵਾਲ (ਗੁਰਦਿੱਤ ਨਗਰ) ਗੜ੍ਹਸ਼ੰਕਰ ਰੋਡ, ਬੰਗਾ, ਮਲਕੀਅਤ ਸ੍ਰੀਮਤੀ ਸੁਰਭੀ ਬੇਦੀ ਰਜਿਸਟਰਡ ਮਾਰਫਤ ਸੇਲ ਡੀਡ ਨੰ. 1663, ਮਿਤੀ 16.11.2009 | Symbolic Possession Since 17.07.2019 | Rs. 12.30 Lakh / Rs. 1.23 Lakh / Rs. 10,000/- | 12.09.2022 11.00 Hrs. to 13.00 hrs | CM: Mr. Manjit Mahey (9503643038) Manager: Sh. R.K. Kalsi 9779586561 |

**ਇਹ ਪ੍ਰਕਾਸ਼ਨ ਕਰਜ਼ਦਾਰਾਂ/ਗਾਰੰਟਰਾਂ ਲਈ ਦੀ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਨਿਯਮ 6(2) ਤੇ ਨਿਯਮ 8(6) ਦੇ ਅਧੀਨ 15 ਦਿਨਾਂ ਦਾ ਵਿਧਾਨਕ ਨੋਟਿਸ ਵੀ ਹੈ।**

ਜਦਕਿ ਨਿਲਾਮੀ ਵਿਚ ਹਿੱਸਾ ਲੈਣ ਤੋਂ ਪਹਿਲਾਂ ਉਕਤ ਪ੍ਰਾਪਰਟੀਆਂ ਦੇ ਮਾਪ ਦੀ ਪੜਤਾਲ ਬੋਲੀਕਾਰਾਂ ਵੱਲੋਂ ਸਾਈਟ 'ਤੇ ਅਤੇ ਮਾਲੀਆ ਅਥਾਰਿਟੀ ਦੇ ਰਿਕਾਰਡ ਤੋਂ ਕੀਤੀ ਜਾ ਸਕਦੀ ਹੈ।
ਸੁਰੱਖਿਅਤ ਕ੍ਰੈਡਿਟਰ ਦੀ ਜਾਣਕਾਰੀ ਵਿਚ ਪ੍ਰਾਪਰਟੀ ਪ੍ਰਤੀ ਕੋਈ ਵੀ ਰਿਣ ਭਾਰ ਨਹੀਂ ਹੈ, ਜਦਕਿ ਚਾਹਵਾਨ ਬੋਲੀਕਾਰ ਰਿਣ ਭਾਰ, ਨਿਲਾਮੀ ਲਈ ਰੱਖੀ ਪ੍ਰਾਪਰਟੀ ਦੀ ਮਾਲਕੀ ਅਤੇ ਪ੍ਰਾਪਰਟੀ ਨੂੰ ਪ੍ਰਭਾਵਿਤ ਕਰਨ ਵਾਲੇ ਦਾਅਵੇ/ਹੱਕਾਂ/ਦੇਣਦਾਰੀ ਆਦਿ ਦੀ ਸੁਤੰਤਰ ਪੜਤਾਲ ਆਪਣੀ ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਕਰ ਸਕਦੇ ਹਨ। ਈ-ਨਿਲਾਮੀ ਵਿਗਿਆਪਨ ਨੂੰ ਬੈਂਕ ਦੀ ਤਰਫੋਂ ਕਿਸੇ ਵੀ ਤਰ੍ਹਾਂ ਦੀ ਪ੍ਰਤੀਨਿਧਤਾ ਜਾਂ ਪ੍ਰਤੀਬੱਧਤਾ ਨਾ ਮੰਨਿਆ ਜਾਵੇ। ਅਧਿਕਾਰਤ ਅਫਸਰ/ਸੁਰੱਖਿਅਤ ਕ੍ਰੈਡਿਟਰ ਦੀ ਕਿਸੇ ਵੀ ਤਰ੍ਹਾਂ ਦੀ ਪ੍ਰਿੰਟਿੰਗ ਗਲਤੀ ਜਾਂ ਥਰਡ ਪਾਰਟੀ ਦਾਅਵੇ/ਹੱਕ/ਦੇਣਦਾਰੀ ਸਬੰਧੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਤੇ ਪ੍ਰਤੀਬੰਧਾਂ ਲਈ ਕ੍ਰਿਪਾ ਕਰਕੇ ਵੈੱਬਸਾਈਟ ਦਾ ਹਵਾਲਾ ਲਿਆ ਜਾਵੇ- (a) https://sbi.co.in/(b) https://www.mstcecommerce.com/auctionhome/ibapi/index.jsp/(c) https://ibapi.in

**ਮਿਤੀ: 27.08.2022** **ਸਥਾਨ: ਜਲੰਧਰ** **ਅਧਿਕਾਰਤ ਅਫ਼ਸਰ, ਸਟੇਟ ਬੈਂਕ ਆਫ ਇੰਡੀਆ**

ਲੋਕ ਆਵਾਜ਼

# ਪੰਜਾਬੀ ਟ੍ਰਿਬਿਊਨ

PUNJABI TRIBUNE ■ SATURDAY, AUGUST 27, 2022

ਸਾਲ/VOL.: 45 | ਅੰਕ: 12 | ਚੰਡੀਗੜ੍ਹ/ਗੁਰੂਗ੍ਰਾਮ/ਜਲੰਧਰ/ਬਠਿੰਡਾ | ਸ਼ਨਿਚਰਵਾਰ, 27 ਅਗਸਤ 2022 | 11 ਭਾਦੋਂ, ਨਾਨਕਸ਼ਾਹੀ ਸੰਮਤ : 554 | ਪੰਨੇ : 12 | ਮੁੱਲ : ₹6.00 | Regd. No. CHD/0004/2021-2023



ਬਾਜਵਾ ਨੇ ਸਰਕਾਰ ਤੋਂ ਝੀਲ 'ਚ ਡੁੱਬੇ ਨੌਜਵਾਨਾਂ ਦੇ ਪਰਿਵਾਰਾਂ ਲਈ ਆਰਥਿਕ ਮਦਦ ਮੰਗੀ ਪੰਨਾ 2

ਕਾਂਗਰਸ ਦੇ ਸਾਰੇ ਸਾਬਕਾ ਮੰਤਰੀ ਬੇਦਾਗ: ਹਰੀਸ਼ ਚੌਧਰੀ ਪੰਨਾ 3

ਆਰਜੇਡੀ ਆਗੂ ਅਵਧ ਬਿਹਾਰੀ ਚੌਧਰੀ ਬਿਹਾਰ ਵਿਧਾਨ ਸਭਾ ਦੇ ਨਵੇਂ ਸਪੀਕਰ ਪੰਨਾ 7



www.punjabitribuneonline.com

# ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਨੂੰ ਅਲਵਿਦਾ ਕਿਹਾ

## ਸੋਨੀਆ ਨੂੰ ਪੱਤਰ ਲਿਖ ਕੇ ਪਾਰਟੀ ਨਾਲੋਂ ਪੰਜ ਦਹਾਕੇ ਪੁਰਾਣਾ ਨਾਤਾ ਤੋੜਿਆ

- ਵੱਖਰੀ ਪਾਰਟੀ ਬਣਾਉਣ ਦਾ ਕੀਤਾ ਐਲਾਨ
- ਰਾਹੁਲ ਗਾਂਧੀ ਦੇ ਰਵੱਈਏ ਦੀ ਕੀਤੀ ਨਿਖੇਧੀ
- ਤਜਰਬੇਕਾਰ ਆਗੂਆਂ ਨੂੰ ਅੱਖੋਂ-ਪਰੋਖੇ ਕਰਨ ਦਾ ਲਾਇਆ ਦੋਸ਼
- ਭਾਰਤ ਜੋੜੋ ਯਾਤਰਾ ਦੀ ਬਜਾਏ 'ਕਾਂਗਰਸ ਜੋੜੋ' ਮੁਹਿੰਮ ਸ਼ੁਰੂ ਕਰਨ ਦਾ ਦਿੱਤਾ ਸੁਝਾਅ



**ਨਵੀਂ ਦਿੱਲੀ, 26 ਅਗਸਤ**

ਕਾਂਗਰਸ ਦੇ ਸੀਨੀਅਰ ਆਗੂ ਗੁਲਾਮ ਨਬੀ ਆਜ਼ਾਦ ਨੇ ਜਥੇਬੰਦਕ ਚੋਣਾਂ ਤੋਂ ਪਹਿਲਾਂ ਅੱਜ ਇਕ ਵੱਡਾ ਝਟਕਾ ਦਿੰਦਿਆਂ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਲਿਖੇ ਪੰਜ ਪੰਨਿਆਂ ਦੇ ਪੱਤਰ 'ਚ ਕਿਹਾ ਹੈ ਕਿ ਪਾਰਟੀ ਪੂਰੀ ਤਰ੍ਹਾਂ ਬਰਬਾਦ ਹੋ ਗਈ ਹੈ। ਉਨ੍ਹਾਂ ਲੀਡਰਸ਼ਿਪ 'ਤੇ ਦੋਸ਼ ਲਾਇਆ ਕਿ ਉਹ 'ਫਰਜ਼ੀ' ਅੰਦਰੂਨੀ ਚੋਣਾਂ ਦੇ ਨਾਮ 'ਤੇ ਪਾਰਟੀ ਨਾਲ ਧੋਖਾ ਕਰ ਰਹੀ ਹੈ। ਇਸ ਦੌਰਾਨ ਆਜ਼ਾਦ ਨੇ ਕਿਹਾ ਕਿ ਉਹ ਭਾਜਪਾ ਵਿੱਚ ਸ਼ਾਮਲ ਨਹੀਂ ਹੋਣਗੇ ਬਲਕਿ ਖ਼ੁਦ ਦੀ ਪਾਰਟੀ ਬਣਾਉਣਗੇ। ਆਜ਼ਾਦ ਨੇ ਟੀਵੀ ਚੈਨਲਾਂ ਨੂੰ ਕਿਹਾ ਕਿ ਉਹ ਜਲਦੀ ਹੀ ਜੰਮੂ ਕਸ਼ਮੀਰ ਜਾ ਕੇ ਆਪਣੇ ਹਮਾਇਤੀਆਂ ਤੇ ਲੋਕਾਂ ਨੂੰ ਮਿਲਣਗੇ।

ਉਨ੍ਹਾਂ ਪੱਤਰ 'ਚ ਆਪਣੇ ਗਿਲੇ-ਸ਼ਿਕਵੇ ਵੀ ਖੁੱਲ੍ਹ ਕੇ ਰੱਖੇ ਹਨ। ਇਸ ਤੋਂ ਪਹਿਲਾਂ ਕਪਿਲ ਸਿੱਬਲ ਅਤੇ ਅਸ਼ਵਨੀ ਕੁਮਾਰ ਜਿਹੇ ਵੱਡੇ ਆਗੂ ਕਾਂਗਰਸ ਨੂੰ ਅਲਵਿਦਾ ਆਖ ਚੁੱਕੇ ਹਨ। ਪਾਰਟੀ ਨਾਲੋਂ ਆਪਣੇ ਪੰਜ ਦਹਾਕਿਆਂ ਤੋਂ ਵਧ ਦੇ ਨਾਤੇ ਨੂੰ ਖ਼ਤਮ ਕਰਦਿਆਂ ਬਾਕੀ ਸਫਾ 10 »

### ਜੀਐੱਨਏ ਦੇ ਡੀਐੱਨਏ ਨੂੰ ਮੋਦੀ ਦਾ ਰੰਗ ਚੜ੍ਹਿਆ: ਜੈਰਾਮ ਰਮੇਸ਼

**ਨਵੀਂ ਦਿੱਲੀ:** ਪਾਰਟੀ ਲੀਡਰਸ਼ਿਪ ਦੀ ਆਲੋਚਨਾ ਕਰਨ 'ਤੇ ਗੁਲਾਮ ਨਬੀ ਆਜ਼ਾਦ (ਜੀਐੱਨਏ) 'ਤੇ ਵਰ੍ਹਦਿਆਂ ਕਾਂਗਰਸ ਨੇ ਅੱਜ ਉਸ ਵੱਲੋਂ ਪਾਰਟੀ ਤੋਂ ਦਿੱਤੇ ਗਏ ਅਸਤੀਫ਼ੇ ਨੂੰ ਰਾਜ ਸਭਾ ਦੀ ਮਿਆਦ ਮੁੱਕਣ ਨਾਲ ਜੋੜਦਿਆਂ ਦੋਸ਼ ਲਾਇਆ ਕਿ ਇਸ ਦੇ ਨਾਲ ਉਸ ਦਾ ਅਸਲ ਕਿਰਦਾਰ ਸਭ ਦੇ ਸਾਹਮਣੇ ਆ ਗਿਆ ਅਤੇ ਉਸ ਦੇ ਡੀਐੱਨਏ 'ਤੇ 'ਮੋਦੀ ਦਾ ਰੰਗ ਚੜ੍ਹ' ਗਿਆ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕੀਤਾ ਕਿ ਜਿਹੜੇ ਵਿਅਕਤੀ ਨੂੰ ਬਾਕੀ ਸਫਾ 10 »

### ਸ਼ਾਹ ਵੱਲੋਂ ਜੰਮੂ ਕਸ਼ਮੀਰ ਦੇ ਭਾਜਪਾ ਆਗੂਆਂ ਨਾਲ ਮੀਟਿੰਗ

**ਨਵੀਂ ਦਿੱਲੀ:** ਗ੍ਰਹਿ ਮੰਤਰੀ ਤੇ ਭਾਜਪਾ ਆਗੂ ਅਮਿਤ ਸ਼ਾਹ ਨੇ ਅੱਜ ਇਥੇ ਜੰਮੂ ਕਸ਼ਮੀਰ ਨਾਲ ਸਬੰਧਤ ਪਾਰਟੀ ਦੇ ਕੋਰ ਗਰੁੱਪ ਮੈਂਬਰਾਂ ਨਾਲ ਮੀਟਿੰਗ ਕੀਤੀ। ਸੂਤਰਾਂ ਮੁਤਾਬਕ ਮੀਟਿੰਗ ਵਿੱਚ ਜਥੇਬੰਦਕ ਮਸਲਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਸਿਆਸੀ ਹਾਲਾਤ 'ਤੇ ਚਰਚਾ ਕੀਤੀ ਗਈ। ਮੀਟਿੰਗ ਵਿੱਚ ਜੰਮੂ ਕਸ਼ਮੀਰ ਭਾਜਪਾ ਦੇ ਪ੍ਰਧਾਨ ਰਵਿੰਦਰ ਰੈਨਾ, ਕੇਂਦਰੀ ਮੰਤਰੀ ਜਿਤੇਂਦਰ ਸਿੰਘ, ਦੇਵੇਂਦਰ ਸਿੰਘ ਰਾਣਾ, ਸੰਸਦ ਮੈਂਬਰ ਜੁਗਲ ਕਿਸ਼ੋਰ ਤੇ ਬਾਕੀ ਸਫਾ 10 »

### ਜੰਮੂ-ਕਸ਼ਮੀਰ ਕਾਂਗਰਸ ਦੇ ਪੰਜ ਆਗੂਆਂ ਵੱਲੋਂ ਆਜ਼ਾਦ ਦੀ ਹਮਾਇਤ 'ਚ ਅਸਤੀਫ਼ੇ

**ਜੰਮੂ:** ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਵੱਲੋਂ ਕਾਂਗਰਸ 'ਚੋਂ ਦਿੱਤੇ ਅਸਤੀਫ਼ੇ ਮਗਰੋਂ ਕੇਂਦਰ ਸ਼ਾਸਿਤ ਪ੍ਰਦੇਸ਼ ਨਾਲ ਸਬੰਧਤ ਕਈ ਕਾਂਗਰਸੀ ਆਗੂ ਉਨ੍ਹਾਂ ਦੀ ਹਮਾਇਤ ਵਿੱਚ ਨਿੱਤਰ ਆਏ ਹਨ। ਪੰਜ ਸੀਨੀਅਰ ਪਾਰਟੀ ਆਗੂਆਂ, ਜਿਨ੍ਹਾਂ ਵਿੱਚ ਦੋ ਸਾਬਕਾ ਮੰਤਰੀ ਵੀ ਸ਼ਾਮਲ ਹਨ, ਨੇ ਅੱਜ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਸੂਤਰਾਂ ਨੇ ਕਿਹਾ ਕਿ ਅਗਲੇ ਦਿਨਾਂ ਵਿੱਚ ਕੁਝ ਹੋਰ ਪਾਰਟੀ ਆਗੂ ਅਸਤੀਫ਼ੇ ਦੇ ਸਕਦੇ ਹਨ। ਉਧਰ ਜੰਮੂ ਕਸ਼ਮੀਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮਨੋਨੀਤ ਪ੍ਰਧਾਨ ਵਿਕਾਰ ਰਸੂਲ ਵਾਨੀ, ਜਿਨ੍ਹਾਂ ਨੂੰ ਆਜ਼ਾਦ ਦੇ ਵਫ਼ਾਦਾਰ ਵਜੋਂ ਵੇਖਿਆ ਜਾਂਦਾ ਹੈ, ਅਤੇ ਸਾਬਕਾ ਪ੍ਰਧਾਨ ਗੁਲਾਮ ਅਹਿਮਦ ਮੀਰ ਨੇ ਕਿਹਾ ਕਿ ਉਹ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਹੁਣ ਦੁੱਗਣੀ ਤਾਕਤ ਨਾਲ ਕੰਮ ਕਰਨਗੇ। ਸੂਤਰਾਂ ਮੁਤਾਬਕ ਸਾਬਕਾ ਮੰਤਰੀਆਂ ਬਾਕੀ ਸਫਾ 10 »

# ਬਕਾਇਆ ਕੇਸ ਵੱਡੀ ਚੁਣੌਤੀ: ਜਸਟਿਸ ਰਾਮੰਨਾ

- ਵਿਦਾਇਗੀ ਭਾਸ਼ਣ ਵਿੱਚ ਬਕਾਇਆ ਕੇਸਾਂ ਨੂੰ ਲੈ ਕੇ ਅਫ਼ਸੋਸ ਜਤਾਇਆ



**ਨਵੀ ਦਿੱਲੀ:** ਭਾਰਤ ਦੇ ਚੀਫ਼ ਜਸਟਿਸ ਐੱਨ.ਵੀ.ਰਾਮੰਨਾ ਨੇ ਬਕਾਇਆ ਕੇਸਾਂ ਨੂੰ 'ਵੱਡੀ ਚੁਣੌਤੀ' ਕਰਾਰ ਦਿੱਤਾ ਹੈ। ਆਪਣੇ ਅਹੁਦੇ ਤੋਂ ਅੱਜ ਸੇਵਾ ਮੁਕਤ ਹੋ ਰਹੇ ਸੀਜੇਆਈ ਰਾਮੰਨਾ ਨੇ ਅਫਸੋਸ ਜਤਾਇਆ ਕਿ ਉਹ ਬਕਾਇਆ ਕੇਸਾਂ ਨੂੰ ਸੂਚੀਬੱਧ ਤੇ ਸੁਣਵਾਈ ਲਈ ਸੁਪਰੀਮ ਕੋਰਟ ਵਿੱਚ ਰੱਖਣ ਨਾਲ ਜੁੜੇ ਮੁੱਦੇ ਵੱਲ ਬਹੁਤਾ ਧਿਆਨ ਨਹੀਂ ਦੇ ਸਕੇ। ਸੀਜੇਆਈ ਨੇ ਕਿਹਾ ਕਿ ਬਕਾਇਆ ਕੇਸਾਂ ਨਾਲ ਜੁੜੇ ਮਸਲੇ ਦਾ ਹੱਲ ਲੱਭਣ ਲਈ ਆਧੁਨਿਕ ਤਕਨਾਲੋਜੀ ਸੰਦਾਂ ਤੇ ਮਸਨੂਈ ਬੌਧਿਕਤਾ ਨੂੰ ਵਰਤਣ ਦੀ ਲੋੜ ਹੈ। ਜਸਟਿਸ ਰਾਮੰਨਾ ਨੇ ਆਪਣੇ ਸਾਰੇ ਸਾਥੀਆਂ ਤੇ ਬਾਰ ਦੇ ਮੈਂਬਰਾਂ ਵੱਲੋਂ ਮਿਲੀ ਸਰਗਰਮ ਹਮਾਇਤ ਤੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਜਸਟਿਸ ਰਾਮੰਨਾ ਪਿਛਲੇ ਸਾਲ 24 ਅਪਰੈਲ ਨੂੰ ਭਾਰਤ ਦੇ 48ਵੇਂ ਚੀਫ਼ ਜਸਟਿਸ ਬਣੇ ਸਨ। ਜਸਟਿਸ ਬਾਕੀ ਸਫਾ 10 »

STUDY VISA SEMINAR
SATURDAY 27th AUGUST MOGA Venue: Hotel Big Ben
SUNDAY 28th AUGUST HOSHIARPUR Venue: Hotel Presidency
Study in: CANADA | USA | AUSTRALIA | UK GERMANY | NEW ZEALAND | SINGAPORE
Landmark IMMIGRATION
Celebrating 15 Years of Excellence
Call: 90413-90412, 90410-57333
Head Office: F-212, Industrial Area, Phase 8B, Mohali
CHANDIGARH OFFICE : SCO 95-96-97, 2nd Floor, Sec. 17-D

## ਪ੍ਰਕਾਸ਼ ਪੁਰਬ ਮੌਕੇ ਫੁੱਲਾਂ ਨਾਲ ਸਜਾਇਆ ਦਰਬਾਰ ਸਾਹਿਬ ਕੰਪਲੈਕਸ



ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਸ਼ੁੱਕਰਵਾਰ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਫੁੱਲਾਂ ਨਾਲ ਸਜਾਉਣ ਦੇ ਕੰਮ ਨੂੰ ਅੰਤਿਮ ਰੂਪ ਦਿੰਦਾ ਹੋਇਆ ਇੱਕ ਸ਼ਰਧਾਲੂ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਐਤਵਾਰ ਨੂੰ ਮਨਾਇਆ ਜਾਵੇਗਾ। -ਫੋਟੋ: ਵਿਸ਼ਾਲ ਕੁਮਾਰ

## ਪਹਿਲਾ ਕਾਲਮ

### ਟੈਕਸਸ 'ਚ ਭਾਰਤੀ ਮੂਲ ਦੀਆਂ ਔਰਤਾਂ 'ਤੇ ਨਸਲੀ ਹਮਲਾ

**ਵਾਸ਼ਿੰਗਟਨ:** ਅਮਰੀਕਾ ਦੇ ਸੂਬੇ ਟੈਕਸਸ ਵਿਚ ਚਾਰ ਭਾਰਤੀ-ਅਮਰੀਕੀ ਔਰਤਾਂ ਨੂੰ ਨਸਲੀ ਨਫ਼ਰਤ ਦਾ ਸਾਹਮਣਾ ਕਰਨਾ ਪਿਆ ਹੈ। ਇਕ ਮੈਕਸੀਕਨ-ਅਮਰੀਕੀ ਮਹਿਲਾ ਨੇ ਉਨ੍ਹਾਂ ਨੂੰ ਧੱਕੇ ਵੀ ਮਾਰੇ। ਉਸ ਨੇ ਭਾਰਤੀ-ਅਮਰੀਕੀ ਮਹਿਲਾਵਾਂ 'ਤੇ ਨਸਲੀ ਟਿੱਪਣੀਆਂ ਕੀਤੀਆਂ। ਮੈਕਸੀਕਨ ਮੂਲ ਦੀ ਔਰਤ ਨੇ ਕਿਹਾ ਕਿ 'ਉਹ (ਭਾਰਤੀ-ਅਮਰੀਕੀ) ਅਮਰੀਕਾ ਨੂੰ ਖ਼ਤਮ ਰਹੇ ਹਨ ਅਤੇ ਉਨ੍ਹਾਂ ਨੂੰ ਭਾਰਤ ਵਾਪਸ ਚਲੇ ਜਾਣਾ ਚਾਹੀਦਾ ਹੈ'। ਇਹ ਘਟਨਾ ਬੁੱਧਵਾਰ ਰਾਤ ਡੱਲਸ ਦੀ ਪਾਰਕਿੰਗ ਵਿਚ ਵਾਪਰੀ। ਪੁਲੀਸ ਨੇ ਨਸਲੀ ਟਿੱਪਣੀਆਂ ਕਰਨ ਵਾਲੀ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵਾਇਰਲ ਵੀਡੀਓ ਵਿਚ ਉਹ ਖ਼ੁਦ ਨੂੰ 'ਮੈਕਸੀਕਨ-ਅਮੈਰੀਕਨ' ਦੱਸ ਰਹੀ ਹੈ ਤੇ ਉਸ ਨੇ ਭਾਰਤੀ-ਅਮਰੀਕੀ ਔਰਤਾਂ ਉਤੇ ਹਮਲਾ ਕਰਨ ਦੀ ਕੋਸ਼ਿਸ਼ ਵੀ ਕੀਤੀ।

### ਪੈਗਾਸਸ ਜਾਂਚ ਮਾਮਲਾ: ਸਹਿਯੋਗ ਨਾ ਕਰਨ 'ਤੇ ਕੇਂਦਰ ਸਰਕਾਰ ਉੱਤੇ ਵਰ੍ਹੇ ਕਪਿਲ ਸਿੱਬਲ

**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਪੈਗਾਸਸ ਜਾਂਚ ਮਾਮਲੇ ਲਈ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਨੂੰ



ਕੇਂਦਰ ਸਰਕਾਰ ਵੱਲੋਂ ਸਹਿਯੋਗ ਨਾ ਦੇਣ ਬਾਰੇ ਅੱਜ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਸਹਿਯੋਗ ਨਾ ਦੇਣਾ ਵੀ ਅਕਸਰ ਕਸੂਰਵਾਰ ਹੋਣ ਦਾ ਸਬੂਤ ਮੰਨਿਆ ਜਾਂਦਾ ਹੈ। ਸ੍ਰੀ ਸਿੱਬਲ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਨਿਯੁਕਤ ਕੀਤੀ ਕਮੇਟੀ ਦੇ ਧਿਆਨ ਵਿੱਚ ਆਇਆ ਕਿ ਜਾਂਚ ਮਾਮਲੇ ਵਿੱਚ ਕੇਂਦਰ ਸਰਕਾਰ ਨੇ ਸਹਿਯੋਗ ਨਹੀਂ ਦਿੱਤਾ। ਕਪਿਲ ਸਿੱਬਲ ਨੇ ਕਿਹਾ ਕਿ ਵਕਤ ਆ ਗਿਆ ਹੈ ਕਿ ਕੇਂਦਰ ਸਰਕਾਰ ਇਸ ਬਾਰੇ ਸਥਿਤੀ ਸਪਸ਼ਟ ਕਰੇ। -ਪੀਟੀਆਈ

### ਯੂਜੀਸੀ ਨੇ 21 ਯੂਨੀਵਰਸਿਟੀਆਂ 'ਫਰਜ਼ੀ' ਐਲਾਨੀਆਂ

**ਨਵੀਂ ਦਿੱਲੀ:** ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਅੱਜ 21 ਯੂਨੀਵਰਸਿਟੀਆਂ ਨੂੰ 'ਫਰਜ਼ੀ' ਕਰਾਰ ਦਿੱਤਾ ਹੈ। ਇਹ ਯੂਨੀਵਰਸਿਟੀਆਂ ਡਿਗਰੀਆਂ ਨਹੀਂ ਦੇ ਸਕਦੀਆਂ। ਦਿੱਲੀ 'ਚ ਸਭ ਤੋਂ ਵੱਧ ਅੱਠ 'ਫਰਜ਼ੀ' ਯੂਨੀਵਰਸਿਟੀਆਂ ਹਨ, ਜਿਸ ਤੋਂ ਬਾਅਦ ਉੱਤਰ ਪ੍ਰਦੇਸ਼ ਦਾ ਨੰਬਰ ਆਉਂਦਾ ਹੈ। ਕਮਿਸ਼ਨ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਦਾਖਲਾ ਨਾ ਲੈਣ ਦੀ ਅਪੀਲ ਕੀਤੀ ਹੈ। ਯੂਜੀਸੀ ਦੇ ਸਕੱਤਰ ਰਜਨੀਸ਼ ਜੈਨ ਨੇ ਦੱਸਿਆ ਕਿ ਯੂਜੀਸੀ ਐਕਟ ਦੀ ਉਲੰਘਣਾ ਕਰ ਰਹੀਆਂ ਘੱਟੋ-ਘੱਟ 21 ਗੈਰ-ਮਾਨਤਾ ਪ੍ਰਾਪਤ ਸੰਸਥਾਵਾਂ ਨੂੰ 'ਫਰਜ਼ੀ' ਯੂਨੀਵਰਸਿਟੀਆਂ ਐਲਾਨਿਆ ਗਿਆ ਹੈ। ਇਨ੍ਹਾਂ ਨੂੰ ਕੋਈ ਬਾਕੀ ਸਫਾ 10 »

# ਦਿੱਲੀ ਸਰਕਾਰ ਸੋਮਵਾਰ ਨੂੰ ਭਰੋਸੇ ਦਾ ਮਤਾ ਲਿਆਵੇਗੀ

## ਦਿੱਲੀ ਅਸੈਂਬਲੀ ਦਾ ਵਿਸ਼ੇਸ਼ ਇਜਲਾਸ ਇਕ ਦਿਨ ਲਈ ਹੋਰ ਵਧਾਇਆ

- ਪਾਰਟੀ ਦਾ ਕੋਈ ਵਿਧਾਇਕ ਬੇਮੁਖ ਨਹੀਂ ਹੋਇਆ: ਕੇਜਰੀਵਾਲ

**ਮਨਧੀਰ ਸਿੰਘ ਦਿਓਲ**

**ਨਵੀਂ ਦਿੱਲੀ, 26 ਅਗਸਤ**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਕੋਈ ਵੀ ਵਿਧਾਇਕ ਬੇਮੁਖ ਨਹੀਂ ਹੋਇਆ ਤੇ ਇਹ ਗੱਲ ਸਾਬਤ ਕਰਨ ਲਈ ਆਮ ਆਦਮੀ ਪਾਰਟੀ ਸੋਮਵਾਰ ਨੂੰ ਅਸੈਂਬਲੀ ਵਿੱਚ ਭਰੋਸੇ ਮਤਾ ਲਿਆਏਗੀ। ਉਨ੍ਹਾਂ ਕਿਹਾ ਕਿ ਦਿੱਲੀ ਅਸੈਂਬਲੀ ਦੇ ਵਿਸ਼ੇਸ਼ ਸੈਸ਼ਨ ਨੂੰ ਇਕ ਦਿਨ ਲਈ ਵਧਾ ਦਿੱਤਾ ਗਿਆ ਹੈ। ਉਧਰ ਭਾਜਪਾ ਨੇ ਆਬਕਾਰੀ ਨੀਤੀ ਨੂੰ ਲੈ ਕੇ ਕੇਜਰੀਵਾਲ ਸਰਕਾਰ ਨੂੰ ਘੇਰਿਆ ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। 'ਆਪ' ਵਿਧਾਇਕਾਂ ਨੇ ਜਿੱਥੇ 'ਖੋਖਾ ਖੋਖਾ' ਦੇ ਨਾਅਰੇ ਲਾਏ, ਉਥੇ ਭਾਜਪਾ ਵਿਧਾਇਕਾਂ ਨੇ 'ਧੋਖਾ ਧੋਖਾ' ਦੇ ਨਾਅਰਿਆਂ ਨਾਲ ਜਵਾਬੀ ਹਮਲਾ ਬਾਕੀ ਸਫਾ 10 »



ਦਿੱਲੀ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸਦਨ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ। -ਫੋਟੋ: ਪੀਟੀਆਈ

### 'ਸੀਰੀਅਲ ਕਿੱਲਰ' ਵਾਂਗ ਕੰਮ ਕਰ ਰਹੀ ਹੈ ਕੇਂਦਰ ਸਰਕਾਰ: ਸਿਸੋਦੀਆ

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ, ਸੂਬਾ ਸਰਕਾਰਾਂ ਨੂੰ ਖਤਮ ਕਰਨ ਲਈ 'ਸੀਰੀਅਲ ਕਿੱਲਰ' ਵਾਂਗ ਕੰਮ ਕਰ ਰਹੀ ਹੈ। ਮੰਤਰੀ ਕੈਲਾਸ਼ ਗਹਿਲੋਤ ਵੱਲੋਂ ਪੇਸ਼ ਕੀਤੇ ਗਏ ਮਤੇ 'ਤੇ ਚਰਚਾ ਵਿੱਚ ਹਿੱਸਾ ਲੈਂਦੇ ਹੋਏ ਸਿਸੋਦੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੂਜਿਆਂ ਦੇ ਚੰਗੇ ਕੰਮ ਨੂੰ ਦੇਖ ਕੇ ਅਸੁਰੱਖਿਅਤ ਮਹਿਸੂਸ ਕਰਦੇ ਹਨ। ਸਿਸੋਦੀਆ ਨੇ ਕਿਹਾ, "ਮੇਰੇ ਵਿਰੁੱਧ ਐਫਆਈਆਰ ਪੂਰੀ ਤਰ੍ਹਾਂ ਫਰਜ਼ੀ ਹੈ। ਮੈਂ ਕੋਈ ਭ੍ਰਿਸ਼ਟਾਚਾਰ ਨਹੀਂ ਕੀਤਾ, ਭਾਜਪਾ ਦੂਜੀਆਂ ਰਾਜ ਸਰਕਾਰਾਂ ਨੂੰ ਖਤਮ ਕਰਨ ਲਈ ਸੀਰੀਅਲ ਕਿਲਰ ਵਾਂਗ ਕੰਮ ਕਰ ਰਹੀ ਹੈ।"

# ਪੰਜਾਬ: ਨਵੀਂ ਲੇਬਰ ਅਤੇ ਅਨਾਜ ਟਰਾਂਸਪੋਰਟ ਸੋਧ ਨੀਤੀ ਨੂੰ ਪ੍ਰਵਾਨਗੀ

## ਵਜ਼ਾਰਤ ਵੱਲੋਂ ਖੇਤੀਬਾੜੀ ਵਿਭਾਗ 'ਚ 359 ਤੇ ਸਿਵਲ ਜੱਜਾਂ ਦੀਆਂ 80 ਅਸਾਮੀਆਂ ਭਰਨ ਨੂੰ ਹਰੀ ਝੰਡੀ

- ਵੈਟਰਨਰੀ ਫਾਰਮਾਸਿਸਟਾਂ ਅਤੇ ਦਰਜਾ ਚਾਰ ਮੁਲਾਜ਼ਮਾਂ ਦੀਆਂ ਸੇਵਾਵਾਂ 'ਚ ਵਾਧਾ

**ਟ੍ਰਿਬਿਊਨ ਨਿਊਜ਼ ਸਰਵਿਸ**

**ਚੰਡੀਗੜ੍ਹ, 26 ਅਗਸਤ**

ਪੰਜਾਬ ਵਜ਼ਾਰਤ ਨੇ ਅੱਜ ਖੇਤੀਬਾੜੀ ਵਿਭਾਗ ਵਿੱਚ 359 ਅਸਾਮੀਆਂ ਅਤੇ ਸਿਵਲ ਜੱਜਾਂ ਦੀਆਂ 80 ਅਸਾਮੀਆਂ ਭਰਨ ਸਣੇ ਕਈ ਅਹਿਮ ਫੈਸਲੇ ਲਏ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਮੰਤਰੀ ਮੰਡਲ ਵੱਲੋਂ ਸਾਲ 2022 ਲਈ ਨਵੀਂ 'ਪੰਜਾਬ ਅਨਾਜ ਲੇਬਰ ਨੀਤੀ' ਅਤੇ ਸੋਧੀ ਹੋਈ 'ਪੰਜਾਬ ਅਨਾਜ ਟਰਾਂਸਪੋਰਟ ਨੀਤੀ' ਨੂੰ ਪ੍ਰਵਾਨਗੀ ਦੇਣ, 497 ਵੈਟਰਨਰੀ ਫਾਰਮਾਸਿਸਟਾਂ ਅਤੇ 498 ਕਲਾਸ-4/ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਵਿੱਚ ਵਾਧਾ ਕਰਨ ਆਦਿ ਕਈ ਫੈਸਲੇ ਲਏ ਗਏ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਵਜ਼ਾਰਤ ਨੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਤਕਨੀਕੀ ਵਿੰਗ ਵਿੱਚ ਵੱਖ-ਵੱਖ ਕਾਡਰ ਦੀਆਂ 359 ਆਸਾਮੀਆਂ ਸਿੱਧੀ ਭਰਤੀ ਰਾਹੀਂ ਭਰਨ ਨੂੰ ਪ੍ਰਵਾਨਗੀ ਦੇ ਦਿੱਤੀ। ਇਨ੍ਹਾਂ ਵਿੱਚ ਖੇਤੀਬਾੜੀ ਵਿਕਾਸ ਅਫ਼ਸਰ ਦੀਆਂ 200, ਖੇਤੀਬਾੜੀ ਸਬ ਇੰਸਪੈਕਟਰਾਂ ਦੀਆਂ 150 ਅਤੇ ਲੈਬਾਰਟਰੀ ਸਹਾਇਕਾਂ ਦੀਆਂ ਨੌਂ ਅਸਾਮੀਆਂ ਸ਼ਾਮਲ ਹਨ। ਮੰਤਰੀ ਮੰਡਲ ਵੱਲੋਂ ਸਿਵਲ ਜੱਜ (ਜੂਨੀਅਰ ਡਿਵੀਜ਼ਨ) ਦੀਆਂ 80 ਅਸਾਮੀਆਂ ਨੂੰ ਪੰਜਾਬ ਸਿਵਲ ਸਰਵਿਸ ਕਮਿਸ਼ਨ, ਪਟਿਆਲਾ ਦੇ ਦਾਇਰੇ ਵਿੱਚੋਂ ਕੱਢ ਕੇ ਪੰਜਾਬ ਹਰਿਆਣਾ ਹਾਈ ਕੋਰਟ ਰਾਹੀਂ ਬਾਕੀ ਸਫਾ 10 »

### ਪੇਂਡੂ ਵਿਕਾਸ ਵਿਭਾਗ 'ਚ ਤਕਨੀਕੀ ਵਿੰਗ ਦਾ ਸਬ-ਡਿਵੀਜ਼ਨਲ ਦਫ਼ਤਰ ਸਥਾਪਤ ਹੋਵੇਗਾ

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਸੁਚਾਰੂ ਕਰਨ ਲਈ ਮੰਤਰੀ ਮੰਡਲ ਨੇ ਮੁਹਾਲੀ ਵਿੱਚ ਵਿਭਾਗ ਦੇ ਤਕਨੀਕੀ ਵਿੰਗ ਦਾ ਨਵਾਂ ਸਬ-ਡਿਵੀਜ਼ਨ ਦਫ਼ਤਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਸ ਲਈ ਇਕ ਸਬ-ਡਿਵੀਜ਼ਨਲ ਅਫ਼ਸਰ, ਦੋ ਜੂਨੀਅਰ ਇੰਜਨੀਅਰ, ਇਕ ਜੂਨੀਅਰ ਡਰਾਫਟਸਮੈਨ ਅਤੇ ਇਕ ਸੇਵਾਦਾਰ ਸਣੇ ਕੁੱਲ ਛੇ ਅਸਾਮੀਆਂ ਸਿਰਜੀਆਂ ਗਈਆਂ ਹਨ। ਬਿਜਲੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰ ਕੇ ਖਪਤਕਾਰਾਂ ਨੂੰ ਸੁਚਾਰੂ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਪੀਐੱਸਪੀਸੀਐੱਲ ਵੱਲੋਂ ਪ੍ਰਸਤਾਵਿਤ ਰਿਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਕੇਂਦਰੀ ਬਿਜਲੀ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਇਸ ਸਕੀਮ ਲਈ ਕੇਂਦਰ ਤੋਂ 97,631 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਾਪਤ ਹੋਵੇਗੀ ਅਤੇ ਇਸ ਉਤੇ ਕੁੱਲ 3,03,758 ਕਰੋੜ ਰੁਪਏ ਖਰਚ ਹੋਣਗੇ।

# ਮੂਸੇਵਾਲਾ ਕਤਲ ਕੇਸ: ਮਾਨਸਾ ਪੁਲੀਸ ਵੱਲੋਂ 36 ਖ਼ਿਲਾਫ਼ ਚਾਰਜਸ਼ੀਟ ਦਾਖ਼ਲ

## ਗੋਲਡੀ ਬਰਾੜ ਸਣੇ ਵਿਦੇਸ਼ ਬੈਠੇ ਚਾਰ ਜਣਿਆਂ ਨੂੰ ਮੁਲਕ ਲਿਆਂਦਾ ਜਾਵੇਗਾ

- 24 ਜਣਿਆਂ ਵਿਰੁੱਧ ਚਲਾਨ ਪੇਸ਼

**ਜੋਗਿੰਦਰ ਸਿੰਘ ਮਾਨ**

**ਮਾਨਸਾ, 26 ਅਗਸਤ**

ਮਾਨਸਾ ਪੁਲੀਸ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ 1850 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਹੈ, ਜਿਸ ਵਿੱਚ ਕੁਲ 36 ਮੁਲਜ਼ਮਾਂ 'ਚੋਂ 24 ਕਾਤਲਾਂ ਦੇ ਨਾਂ ਦਿੱਤੇ ਗਏ ਹਨ ਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਮਾਸਟਰਮਾਈਂਡ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਵਿਦੇਸ਼ ਬੈਠੇ 4 ਗੈਂਗਸਟਰ- ਗੋਲਡੀ ਬਰਾੜ, ਲਿਪਿਨ ਨਹਿਰਾ, ਸਚਿਨ ਥਾਪਨ ਤੇ ਅਨਮੋਲ ਹਨ ਦੇ ਨਾਂ ਵੀ ਸ਼ਾਮਲ ਹਨ।

ਚਾਰਜਸ਼ੀਟ ਵਿੱਚ 122 ਗਵਾਹ ਸ਼ਾਮਲ ਕੀਤੇ ਗਏ ਹਨ, ਜਿਸ ਵਿੱਚ ਚਸ਼ਮਦੀਦ ਗਵਾਹ, ਮੂਸੇਵਾਲਾ ਦੇ ਕਤਲ ਸਮੇਂ ਉਸ ਨਾਲ ਮੌਜੂਦ ਦੋਸਤ, ਪੋਸਟਮਾਰਟਮ ਕਰਨ ਵਾਲੇ ਮਾਨਸਾ ਦੇ ਡਾਕਟਰ, ਗੋਲੀਬਾਰੀ ਕਰਨ ਵਾਲੇ ਹੋਟਲ ਸਟਾਫ਼ ਸਣੇ ਕਈ ਲੋਕ ਸ਼ਾਮਲ ਹਨ। ਮਾਨਸਾ ਦੇ ਐੱਸਐੱਸਪੀ ਗੌਰਵ ਤੂਰਾ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਹੁਣ ਤੱਕ 20 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ ਦੋ ਨਿਸ਼ਾਨੇਬਾਜ਼ ਬਾਕੀ ਸਫਾ 10 »



### ਪੰਜ ਮੁਲਜ਼ਮਾਂ ਦਾ ਚਲਾਨ ਪੈਂਡਿੰਗ

ਸਿੱਧੂ ਮੂਸੇਵਾਲਾ ਕਤਲ ਕੇਸ 'ਚ ਮਾਨਸਾ ਪੁਲੀਸ ਨੇ ਮਰਹੂਮ ਗਾਇਕ ਦੇ ਦੋ ਗੁਆਂਢੀਆਂ ਸਣੇ ਪੰਜ ਜਣਿਆਂ ਜੀਵਨਜੋਤ, ਕੰਵਰਪਾਲ, ਅਵਤਾਰ ਸਿੰਘ, ਜਗਤਾਰ ਸਿੰਘ ਅਤੇ ਜੋਤੀ ਨੂੰ ਅੱਜ ਨਾਮਜ਼ਦ ਕੀਤਾ ਹੈ। ਉਨ੍ਹਾਂ ਦਾ ਚਲਾਨ ਪੁਲੀਸ ਅਨੁਸਾਰ ਬਾਅਦ ਵਿੱਚ ਪੇਸ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਵੱਲੋਂ ਬੀਤੇ ਦਿਨੀਂ ਕੱਢੇ ਗਏ ਮੋਮਬੱਤੀ ਮਾਰਚ ਤੋਂ ਪਹਿਲਾਂ ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਗਈ ਸੀ। ਨਾਮਜ਼ਦ ਕੀਤੇ ਮੁਲਜ਼ਮਾਂ ਵਿੱਚੋਂ ਅਵਤਾਰ ਸਿੰਘ ਅਤੇ ਜਗਤਾਰ ਮਰਹੂਮ ਗਾਇਕ ਦੇ ਗੁਆਂਢੀ ਦੱਸੇ ਜਾ ਰਹੇ ਹਨ।

### ਮਨਦੀਪ ਮਨੀਲਾ ਦੀ ਫਿਲਪੀਨਜ਼ ਵਿੱਚ ਗੋਲੀ ਮਾਰ ਕੇ ਹੱਤਿਆ

**ਮਾਨਸਾ:** ਦਵਿੰਦਰ ਬੰਬੀਹਾ ਗੈਂਗ ਦੇ ਮੈਂਬਰ ਮਨਦੀਪ ਮਨਾਲੀ ਦੀ ਫਿਲਪੀਨਜ਼ ਵਿੱਚ ਅੱਜ ਗੋਲੀ ਮਾਰ ਕੇ



ਹੱਤਿਆ ਕਰ ਦਿੱਤੀ ਗਈ। ਉਹ ਉੱਥੇ ਬੰਬੀਹਾ ਗੈਂਗ ਦਾ ਕੰਮ ਸੰਭਾਲ ਰਿਹਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਕਤਲ ਦੀ ਜ਼ਿੰਮੇਵਾਰੀ ਲਾਰੈਂਸ-ਗੋਲਡੀ ਬਰਾੜ ਗੈਂਗ ਨੇ ਲਈ ਹੈ। ਇਸ ਸਬੰਧੀ ਵਾਇਰਲ ਹੋਈ ਇੱਕ ਆਡੀਓ ਵਿੱਚ ਕਿਹਾ ਗਿਆ ਹੈ ਕਿ ਇਹ ਕਤਲ ਗੈਂਗਸਟਰ ਗੋਲਡੀ ਬਰਾੜ ਦੇ ਇਸ਼ਾਰੇ 'ਤੇ ਕੀਤਾ ਗਿਆ ਹੈ। ਇਹ ਰਿਕਾਰਡਿੰਗ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਛੇਵੇਂ ਸ਼ੂਟਰ ਦੀਪਕ ਮੁੰਡੀ ਦੇ ਨਾਂ 'ਤੇ ਵਾਇਰਲ ਹੋਈ ਹੈ, ਜੋ ਹਾਲੇ ਤੱਕ ਪੁਲੀਸ ਦੀ ਗ੍ਰਿਫ਼ਤ 'ਚੋਂ ਬਾਹਰ ਹੈ। ਆਡੀਓ ਵਿੱਚ ਧਮਕੀ ਦਿੱਤੀ ਜਾ ਰਹੀ ਹੈ ਕਿ ਬੰਬੀਹਾ ਗੈਂਗ ਦੇ ਬਾਕੀ ਸਫਾ 10 »

# ਮੁਫ਼ਤ ਸਹੂਲਤਾਂ ਖ਼ਿਲਾਫ਼ ਅਰਜ਼ੀਆਂ ਤਿੰਨ ਜੱਜਾਂ ਦੇ ਬੈਂਚ ਹਵਾਲੇ

- ਸੁਪਰੀਮ ਕੋਰਟ ਮੁਤਾਬਕ ਮੁੱਦੇ 'ਤੇ ਵਿਸਥਾਰ ਨਾਲ ਸੁਣਵਾਈ ਦੀ ਲੋੜ
- ਅਰਜ਼ੀਆਂ ਚਾਰ ਹਫ਼ਤਿਆਂ ਮਗਰੋਂ ਹੋਣਗੀਆਂ ਸੂਚੀਬੱਧ

**ਨਵੀਂ ਦਿੱਲੀ, 26 ਅਗਸਤ**

ਸੁਪਰੀਮ ਕੋਰਟ ਨੇ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਵੱਲੋਂ ਲੋਕਾਂ ਨਾਲ ਮੁਫ਼ਤ ਸਹੂਲਤਾਂ ਦੇਣ ਦੇ ਕੀਤੇ ਜਾਂਦੇ ਵਾਅਦਿਆਂ ਖ਼ਿਲਾਫ਼ ਪਾਈਆਂ ਗਈਆਂ ਅਰਜ਼ੀਆਂ ਤਿੰਨ ਜੱਜਾਂ ਦੇ ਬੈਂਚ ਅੱਗੇ ਸੂਚੀਬੱਧ ਕਰਨ ਦੇ ਨਿਰਦੇਸ਼ ਦਿੱਤੇ ਹਨ। ਸਿਖਰਲੀ ਅਦਾਲਤ ਨੇ ਕਿਹਾ ਕਿ ਧਿਰਾਂ ਵੱਲੋਂ ਉਠਾਏ ਗਏ ਮੁੱਦਿਆਂ ਤੋਂ ਜਾਪਦਾ ਹੈ ਕਿ ਇਨ੍ਹਾਂ 'ਤੇ 'ਵਿਸਥਾਰ' 'ਚ ਸੁਣਵਾਈ ਦੀ ਲੋੜ ਹੈ। ਚੀਫ਼ ਜਸਟਿਸ ਐੱਨ ਵੀ ਰਾਮੰਨਾ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਇਨ੍ਹਾਂ ਪਟੀਸ਼ਨਾਂ 'ਚ ਉਠਾਏ ਗਏ ਕੁਝ ਖਾਸ ਮੁੱਢਲੇ ਮੁੱਦਿਆਂ 'ਤੇ ਬਹਿਸ ਦੀ ਲੋੜ ਹੋ ਸਕਦੀ ਹੈ। ਜਸਟਿਸ ਰਾਮੰਨਾ ਦੇ ਕਾਰਜਕਾਲ ਦੇ ਅੱਜ ਆਖਰੀ ਦਿਨ ਸੁਪਰੀਮ ਕੋਰਟ ਦਾ ਹੁਕਮ ਉਸ ਸਮੇਂ ਆਇਆ ਹੈ ਜਦੋਂ ਮੁਫ਼ਤ ਸਹੂਲਤਾਂ ਬਨਾਮ ਭਲਾਈ ਯੋਜਨਾਵਾਂ ਨੂੰ ਲੈ ਕੇ ਸਿਆਸੀ ਗਲਿਆਰਿਆਂ 'ਚ ਬਹਿਸ ਛਿੜੀ ਹੋਈ ਹੈ। ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਵੱਲੋਂ 2013 'ਚ ਐੱਸ ਸੁਬਰਾਮਣੀਅਮ ਬਾਲਾਜੀ ਬਨਾਮ ਤਾਮਿਲ ਨਾਡੂ ਸਰਕਾਰ ਤੇ ਹੋਰਾਂ ਦੇ ਮਾਮਲੇ 'ਤੇ ਮੁੜ ਤੋਂ ਵਿਚਾਰ ਕਰਨ ਦੀ ਲੋੜ ਦੀ ਵੀ ਦਲੀਲ ਦਿੱਤੀ ਗਈ ਹੈ। ਬੈਂਚ ਨੇ ਕਿਹਾ ਕਿ ਸਬੰਧਤ ਮੁੱਦਿਆਂ ਦੇ ਗੁੰਝਲਦਾਰ ਹੋਣ ਅਤੇ ਪੁਰਾਣੇ ਕੇਸ ਦੇ ਫ਼ੈਸਲੇ ਨੂੰ ਰੱਦ ਕਰਨ ਦੀ ਬੇਨਤੀ ਕਾਰਨ ਪਟੀਸ਼ਨਾਂ ਤਿੰਨ ਜੱਜਾਂ ਦੇ ਬੈਂਚ ਅੱਗੇ ਸੂਚੀਬੱਧ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਬਾਕੀ ਸਫਾ 10 »

# ਸੋਨਾਲੀ ਨੂੰ ਮੁਲਜ਼ਮਾਂ ਨੇ 'ਨਸ਼ੀਲਾ ਪਦਾਰਥ' ਪਿਲਾਇਆ: ਪੁਲੀਸ

## ਅਧਿਕਾਰੀਆਂ ਮੁਤਾਬਕ 'ਆਰਥਿਕ ਹਿੱਤ' ਹੋ ਸਕਦੇ ਨੇ ਹੱਤਿਆ ਦਾ ਕਾਰਨ

- ਕਈ ਵਿਅਕਤੀਆਂ ਤੋਂ ਪੁੱਛਗਿੱਛ ਕਰ ਰਹੀ ਹੈ ਪੁਲੀਸ

**ਪਣਜੀ, 26 ਅਗਸਤ**

ਪੁਲੀਸ ਮੁਤਾਬਕ ਭਾਜਪਾ ਆਗੂ ਸੋਨਾਲੀ ਫੋਗਾਟ ਨੂੰ ਡਰਿੰਕ ਵਿਚ ਕੋਈ 'ਨਸ਼ੀਲਾ ਪਦਾਰਥ' ਘੋਲ ਕੇ ਪਿਲਾਇਆ ਗਿਆ ਸੀ ਜਿਸ ਨਾਲ ਉਸ ਦੀ ਮੌਤ ਹੋਈ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਮੁਲਜ਼ਮਾਂ ਨੇ ਉੱਤਰੀ ਗੋਆ ਦੇ ਇਕ ਰੈਸਤਰਾਂ ਵਿਚ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਹੱਤਿਆ ਦਾ ਕਾਰਨ 'ਆਰਥਿਕ ਹਿੱਤ' ਹੋ ਸਕਦੇ ਹਨ। ਫੋਗਾਟ ਹੱਤਿਆ ਕੇਸ ਵਿਚ ਸੁਧੀਰ ਸਾਂਗਵਾਨ ਤੇ ਸੁਖਵਿੰਦਰ ਸਿੰਘ ਨੂੰ ਮੁਲਜ਼ਮ ਬਣਾਇਆ ਗਿਆ ਹੈ, ਤੇ ਇਹ ਦੋਵੇਂ ਸੋਨਾਲੀ ਦੇ ਸਹਾਇਕ ਸਨ। ਉਹ ਦੋਵੇਂ ਭਾਜਪਾ ਆਗੂ ਦੇ ਨਾਲ ਹੀ 22 ਅਗਸਤ ਨੂੰ ਗੋਆ ਆਏ ਸਨ। ਆਈਜੀ ਓਮਵੀਰ ਸਿੰਘ ਬਿਸ਼ਨੋਈ ਬਾਕੀ ਸਫਾ 10 »



ਸੋਨਾਲੀ ਫੋਗਾਟ (ਇਨਸੈੱਟ) ਦੀ ਅਰਥੀ ਨੂੰ ਰਿਸ਼ਤੇਦਾਰਾਂ ਨਾਲ ਮੋਢਾ ਦਿੰਦੀ ਹੋਈ ਉਸ ਦੀ ਧੀ ਯਸ਼ੋਧਰਾ। -ਫੋਟੋ: ਪੀਟੀਆਈ

### ਹਿਸਾਰ ਵਿੱਚ ਫੋਗਾਟ ਦਾ ਅੰਤਿਮ ਸੰਸਕਾਰ

**ਹਿਸਾਰ:** ਭਾਜਪਾ ਆਗੂ ਸੋਨਾਲੀ ਫੋਗਾਟ ਦਾ ਅੱਜ ਇਥੇ ਰਿਸ਼ੀ ਨਗਰ 'ਚ ਸਸਕਾਰ ਕਰ ਦਿੱਤਾ ਗਿਆ। ਫੋਗਾਟ ਦੀ ਧੀ ਯਸ਼ੋਧਰਾ ਨੇ ਚਿਖ਼ਾ ਨੂੰ ਅਗਨੀ ਦਿੱਤੀ। ਇਸ ਤੋਂ ਪਹਿਲਾਂ ਸੋਨਾਲੀ ਦੀ ਦੇਹ ਉਸਦੇ ਜੀਜਾ ਅਮਨ ਤੇ ਭਰਾ ਰਿੰਕੂ ਢਾਕਾ ਪਿੰਡ ਢੁੰਢਰ ਫਾਰਮ 'ਤੇ ਲੈ ਕੇ ਆਏ। ਅਮਨ ਨੇ ਦੱਸਿਆ ਕਿ ਗੋਆ ਦੇ ਮੈਡੀਕਲ ਕਾਲਜ 'ਚ ਸੋਨਾਲੀ ਦਾ ਪੋਸਟਮਾਰਟਮ ਹੋਇਆ ਹੈ ਤੇ ਉਨ੍ਹਾਂ ਕਤਲ ਪਿੱਛੇ ਸਿਆਸੀ ਸਾਜ਼ਿਸ਼ ਹੋਣ ਦੀ ਸੰਭਾਵਨਾ ਜਤਾਈ ਹੈ। ਸਸਕਾਰ ਮੌਕੇ ਭਾਜਪਾ ਵਿਧਾਇਕ ਕਮਲ ਗੁਪਤਾ ਤੇ ਕੁਲਦੀਪ ਬਿਸ਼ਨੋਈ ਹਾਜ਼ਰ ਸਨ।

# ਅੰਬਾਲਾ ਨੇੜੇ ਪਿੰਡ ਬਲਾਣਾ ਵਿੱਚ ਪਰਿਵਾਰ ਦੇ 6 ਜੀਆਂ ਦੀ ਭੇਤ-ਭਰੀ ਮੌਤ

**ਅੰਬਾਲਾ(ਰਤਨ ਸਿੰਘ ਢਿੱਲੋਂ):** ਇਥੇ ਕੈਥਲ ਰੋਡ 'ਤੇ ਸ਼ਹਿਰ ਨਾਲ ਲਗਦੇ ਪਿੰਡ ਬਲਾਣਾ ਵਿਚ ਪਰਿਵਾਰ ਦੇ ਛੇ ਜੀਆਂ ਦੀ ਭੇਤ-ਭਰੀ ਹਾਲਤ ਵਿਚ ਮੌਤ ਹੋ ਗਈ। ਸੁਖਵਿੰਦਰ ਸਿੰਘ ਨਾਂ ਦੇ ਨੌਜਵਾਨ ਨੇ ਪਹਿਲਾਂ ਆਪਣੇ ਮਾਤਾ-ਪਿਤਾ, ਪਤਨੀ ਅਤੇ ਦੋ ਬੱਚਿਆਂ ਦੀ ਹੱਤਿਆ ਕੀਤੀ ਅਤੇ ਫਿਰ ਖ਼ੁਦ ਫਾਹਾ ਲੈ ਲਿਆ। ਸੁਖਵਿੰਦਰ ਬੀਮਾ ਕੰਪਨੀ ਵਿਚ ਕੰਮ ਕਰਦਾ ਸੀ। ਮੌਤ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ। ਸਦਰ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਲਾਸ਼ਾਂ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤੀਆਂ ਬਾਕੀ ਸਫਾ 10 »

# ਯੋਗੀ ਦੀ ਨਫ਼ਰਤੀ ਤਕਰੀਰ ਸਬੰਧੀ ਪਟੀਸ਼ਨ ਸੁਪਰੀਮ ਕੋਰਟ ਵੱਲੋਂ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਸ਼ਮੂਲੀਅਤ ਵਾਲੇ ਸਾਲ 2007 ਦੇ ਕਥਿਤ ਨਫ਼ਰਤੀ ਤਕਰੀਰ ਮਾਮਲੇ ਵਿੱਚ ਅਲਾਹਾਬਾਦ ਹਾਈ ਕੋਰਟ ਵੱਲੋਂ ਸੁਣਾਏ ਫ਼ੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ ਰੱਦ ਕਰ ਦਿੱਤੀ ਹੈ। ਚੀਫ਼ ਜਸਟਿਸ ਐੱਨ.ਵੀ.ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਸ ਕੇਸ ਵਿੱਚ ਮਨਜ਼ੂਰੀ ਦੇਣ ਤੋਂ ਇਨਕਾਰ ਕਰਨ ਦੇ ਮੁੱਦੇ 'ਤੇ ਜਾਣ ਦੀ ਕੋਈ ਲੋੜ ਨਹੀਂ ਹੈ। -ਪੀਟੀਆਈ



# ਐਲਏਸੀ ਨੇੜਲੇ ਸੁੰਨੇ ਪਿੰਡਾਂ ਨੂੰ ਮੁੜ ਕੀਤਾ ਜਾਵੇਗਾ ਆਬਾਦ

**ਨਵੀਂ ਦਿੱਲੀ (ਮੁਕੇਸ਼ ਰੰਜਨ):** ਸਰਹੱਦ ਦੇ ਨਾਲ ਆਬਾਦ ਚੀਨ ਦੇ 'ਮਾਡਲ ਪਿੰਡਾਂ' ਦਾ ਟਾਕਰਾ ਕਰਨ ਲਈ ਇਕ ਵਿਆਪਕ ਪ੍ਰਾਜੈਕਟ ਰਿਪੋਰਟ (ਡੀਪੀਆਰ) ਤਿਆਰ ਕੀਤੀ ਗਈ ਹੈ ਜਿਸ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਲਦੀ ਹੀ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਇਸ ਯੋਜਨਾ ਤਹਿਤ ਅਸਲ ਕੰਟਰੋਲ ਰੇਖਾ 'ਤੇ ਭਾਰਤੀ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਵਿਕਸਿਤ ਕੀਤਾ ਜਾਵੇਗਾ। ਸਰਕਾਰ ਵਿਚਲੇ ਸੂਤਰਾਂ ਦਾ ਕਹਿਣਾ ਹੈ ਕਿ 'ਡੀਪੀਆਰ' ਨੂੰ ਗ੍ਰਹਿ ਮੰਤਰਾਲੇ ਵੱਲੋਂ ਸਿਖ਼ਰਲੇ ਪੱਧਰ 'ਤੇ ਵਿਚਾਰਿਆ ਜਾ ਰਿਹਾ ਹੈ। ਇਸ ਪ੍ਰੋਗਰਾਮ ਲਈ ਕੇਂਦਰ ਨੇ ਬਜਟ ਵਿਚ 43 ਪ੍ਰਤੀਸ਼ਤ ਦਾ ਵਾਧਾ ਬਾਕੀ ਸਫਾ 10 »

epaper.punjabitribuneonline.com Sri Satguru Jagjit Singh Ji eLibrary NamdhariElibrary@gmail.com

# ਕਾਂਗਰਸ ਦੇ ਸਾਰੇ ਸਾਬਕਾ ਮੰਤਰੀ ਬੇਦਾਗ: ਹਰੀਸ਼ ਚੌਧਰੀ

## ਵਿਜੀਲੈਂਸ ਦਫ਼ਤਰ ਦੇ ਸਾਹਮਣੇ ਕਾਂਗਰਸ ਦੇ ਧਰਨੇ ਵਿੱਚ ਪੁੱਜੇ ਪੰਜਾਬ ਕਾਂਗਰਸ ਦੇ ਇੰਚਾਰਜ

**‘ਆਪ’ ਸਰਕਾਰ ਕਿਸੇ ਨੂੰ ਵੀ ਜੇਲ੍ਹ ਵਿੱਚ ਸੁੱਟ ਸਕਦੀ ਹੈ: ਵੜਿੰਗ**

**ਗਗਨਦੀਪ ਅਰੋੜਾ**

**ਲੁਧਿਆਣਾ, 26 ਅਗਸਤ**

ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਮਗਰੋਂ ਵਿਜੀਲੈਂਸ ਦਫ਼ਤਰ ਦੇ ਸਾਹਮਣੇ ਜ਼ਿਲ੍ਹਾ ਪ੍ਰੀਸ਼ਦ ਦੀ ਇਮਾਰਤ ’ਚ ਚੌਥੇ ਦਿਨ ਧਰਨੇ ’ਤੇ ਬੈਠੇ ਕਾਂਗਰਸੀ ਸਮਰਥਕਾਂ ਨੂੰ ਮਿਲਣ ਲਈ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਪੁੱਜੇ। ਹਰੀਸ਼ ਚੌਧਰੀ ਨੇ ਕਿਹਾ ਕਿ ‘ਆਪ’ ਸਰਕਾਰ ਵੱਲੋਂ ਜਿਨ੍ਹਾਂ ਸਾਬਕਾ ਕਾਂਗਰਸੀ ਮੰਤਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਸਾਰੇ ਬੇਦਾਗ ਹਨ ਤੇ ਬਾਇੱਜ਼ਤ ਬਰੀ ਹੋ ਕੇ ਬਾਹਰ ਨਿਕਲਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਇਕੱਲੇ ਭਾਰਤ ਭੂਸ਼ਣ ਆਸ਼ੂ ਦੇ ਨਾਲ ਨਹੀਂ ਬਲਕਿ ਸਾਰੇ ਮੰਤਰੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਇਸ ਦੌਰਾਨ ਸ੍ਰੀ ਚੌਧਰੀ ਨੇ ‘ਆਪ’ ਸਰਕਾਰ ’ਤੇ ਵੀ ਨਿਸ਼ਾਨੇ ਬਿੰਨ੍ਹੇ। ਉਨ੍ਹਾਂ ਕਿਹਾ ਕਿ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਕਹਿਣੀ ਤੇ ਕਰਨੀ ’ਚ ਕਾਫ਼ੀ ਅੰਤਰ ਹੈ। ਉਨ੍ਹਾਂ ਕਿਹਾ ਕਿ ਆਸ਼ੂ ਨੇ ਆਪਣਾ ਮੰਤਰਾਲਾ ਪੂਰੀ ਇਮਾਨਦਾਰੀ ਨਾਲ ਚਲਾਇਆ, ਜਿਸ ਦਾ ਬੱਚਾ ਬੱਚਾ ਗਵਾਹ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦਾ ਕੰਮ ਹੈ ਦੋਸ਼ ਲਾਉਣਾ।

ਉਨ੍ਹਾਂ ਦੱਸਿਆ ਕਿ ਕਰੋਨਾ ਕਾਲ ’ਚ ਆਸ਼ੂ ਨੇ ਪੰਜਾਬ ਦੇ ਹਰ ਵਿਅਕਤੀ ਤੱਕ ਰਾਸ਼ਨ ਪਹੁੰਚਾਉਣ ਦਾ ਕੰਮ ਕੀਤਾ। ਉਨ੍ਹਾਂ ਕਿਹਾ ਕਿ ਆਸ਼ੂ ਖ਼ਿਲਾਫ਼ ਅਦਾਲਤ ’ਚ ਕੋਈ ਸਬੂਤ ਨਹੀਂ ਮਿਲੇਗਾ ਅਤੇ ‘ਆਪ’ ਸਰਕਾਰ ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰ ਰਹੀ ਹੈ। ਸਬੂਤ ਦੇਖੇ ਬਿਨਾਂ ਹੀ ਵਿਜੀਲੈਂਸ ਨੇ ਕਾਰਵਾਈ ਕਰ ਦਿੱਤੀ । ਹਰੀਸ਼ ਚੌਧਰੀ ਨੇ ਕਾਂਗਰਸ ਦੇ ਸਾਬਕਾ ਮੰਤਰੀਆਂ ਨੂੰ ਪੂਰੀ ਤਰ੍ਹਾਂ ਕਲੀਨ ਚਿੱਟ ਦਿੱਤੀ। ਉਨ੍ਹਾਂ ਕਿਹਾ ਕਿ ਕਾਂਗਰਸ ਹਰ ਮੁੱਦੇ ’ਤੇ ਸਰਕਾਰ ਨੂੰ ਘੇਰਨ ਦਾ ਕੰਮ ਕਰਦੀ ਹੈ। ਰਾਹੁਲ ਗਾਂਧੀ ਇੱਕ ਸੱਚੇ ਤੇ ਇਮਾਨਦਾਰ ਆਗੂ ਹਨ। ਹਰੀਸ਼ ਚੌਧਰੀ ਨੇ ‘ਆਪ’ ਨੂੰ ਭਾਜਪਾ ਦੀ ਬੀ-ਟੀਮ ਦੱਸਿਆ ਅਤੇ ਕਿਹਾ ਕਿ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ’ਚ ਹੋਣ ਵਾਲੀਆਂ ਚੋਣਾਂ ਵਿੱਚ ਆਪ ਦਾ ਸਾਰਾ ਪਤਾ ਲੱਗ ਜਾਵੇਗਾ।

ਇਸ ਦੌਰਾਨ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਇਸ ਸਮੇਂ ਪੰਜਾਬ ’ਚ ‘ਆਪ’ ਦੀ ਸਰਕਾਰ ਮਾਲਕ ਹੈ ਤੇ ਉਹ ਕਿਸੇ ਨੂੰ ਵੀ ਕਿਸੇ ਸਮੇਂ ਜੇਲ੍ਹ ’ਚ ਪਾ ਸਕਦੀ ਹੈ। ਉਨ੍ਹਾਂ ਕਿਹਾ ਕਿ ਦੋਸ਼ ਲਾਉਣਾ ਅਸਾਨ ਕੰਮ ਹੈ ਤੇ ਸਿੱਧ ਕਰਨਾ ਬਾਅਦ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਆਸ਼ੂ ਦਾ ਰਿਮਾਂਡ ਖਤਮ ਹੋਣ ਜਾ ਰਿਹਾ ਹੈ। ਕੱਲ੍ਹ ਅਦਾਲਤ ’ਚ ਦੇਖਦੇ ਹਾਂ ਕਿ ਰਿਮਾਂਡ ਅੱਗੇ ਵਧਦਾ ਹੈ ਜਾਂ ਨਹੀਂ। ਉਨ੍ਹਾਂ ਨੂੰ ਕਾਨੂੰਨ ’ਤੇ ਪੂਰਾ ਭਰੋਸਾ ਹੈ ਤੇ ਕਾਨੂੰਨ ਇਸ ’ਚ ਆਪਣਾ ਕੰਮ ਚੰਗਾ ਕਰੇਗਾ।



**ਲੁਧਿਆਣਾ ਵਿੱਚ ਧਰਨੇ ਦੌਰਾਨ ਰਾਜਾ ਵੜਿੰਗ ਨਾਲ ਕੋਈ ਨੁਕਤਾ ਸਾਂਝਾ ਕਰਦੇ ਹੋਏ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ।** -ਫੋਟੋ: ਹਿਮਾਂਸ਼ੂ ਮਹਾਜਨ

### ਬਰਖਾਸਤ ਡੀਐੱਸਪੀ ਸੇਖੋਂ ਵੱਲੋਂ ਆਸ਼ੂ ਖ਼ਿਲਾਫ਼ ਵਿਜੀਲੈਂਸ ਨੂੰ ਸ਼ਿਕਾਇਤ

**ਲੁਧਿਆਣਾ:** ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨਾਲ ਵਾਇਰਲ ਹੋਈ ਆਡੀਓ ਕਲਿੱਪ ਤੋਂ ਬਾਅਦ ਚਰਚਾ ਵਿੱਚ ਆਏ ਬਰਖਾਸਤ ਡੀਐੱਸਪੀ ਬਲਵਿੰਦਰ ਸਿੰਘ ਸੇਖੋਂ ਨੇ ਅੱਜ ਇਥੇ ਐੱਸਐੱਸਪੀ ਵਿਜੀਲੈਂਸ ਰਵਿੰਦਰਪਾਲ ਸਿੰਘ ਨੂੰ ਮਿਲ ਕੇ ਸਾਬਕਾ ਮੰਤਰੀ ਖ਼ਿਲਾਫ਼ ਸ਼ਿਕਾਇਤ ਦਿੱਤੀ। ਉਨ੍ਹਾਂ ਨਾਲ ਪੁਲੀਸ ਪਰਿਵਾਰ ਮੈਂਬਰ ਐਸੋਸੀਏਸ਼ਨ ਦੇ ਨੁਮਾਇੰਦੇ ਵੀ ਮੌਜੂਦ ਸਨ। ਵਿਜੀਲੈਂਸ ਭਵਨ ਦੀ ਇਮਾਰਤ ਵਿੱਚ ਕਾਂਗਰਸੀ ਸਮਰਥਕਾਂ ਦੇ ਚੱਲ ਰਹੇ ਧਰਨੇ ਦੇ ਮੱਦੇਨਜ਼ਰ ਬਲਵਿੰਦਰ ਸੇਖੋਂ ਦੇ ਵਿਜੀਲੈਂਸ ਦਫ਼ਤਰ ਪੁੱਜਣ ਤੋਂ ਪਹਿਲਾਂ ਹੀ ਉੱਥੇ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲੀਸ ਅਤੇ ਏਸੀਪੀ ਸਿਵਲ ਲਾਈਨ ਪਹੁੰਚ ਚੁੱਕੇ ਸਨ। ਇਸ ਮੌਕੇ ਬਰਖਾਸਤ ਡੀਐੱਸਪੀ ਨੇ ਕਾਂਗਰਸੀ ਧਰਨਾਕਾਰੀਆਂ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਕਿ ਬਾਹਰ ਆ ਕੇ ਉਹ ਉਨ੍ਹਾਂ ਨਾਲ ਗੱਲ ਕਰਨ। ਇਸੇ ਦੌਰਾਨ ਸੇਖੋਂ ਨਾਲ ਆਏ ਲੋਕਾਂ ਨੇ ਕਾਂਗਰਸ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਮਾਹੌਲ ਵਿਗੜਦਾ ਵੇਖ ਪੁਲੀਸ ਅਧਿਕਾਰੀ ਸ੍ਰੀ ਸੇਖੋਂ ਨੂੰ ਤੁਰੰਤ ਅੰਦਰ ਲੈ ਗਏ। ਕਾਂਗਰਸ ਸਰਕਾਰ ਵੇਲੇ ਬਰਖਾਸਤ ਕੀਤੇ ਗਏ ਡੀਐੱਸਪੀ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਖ਼ਿਲਾਫ਼ ਵਿਜੀਲੈਂਸ ਨੂੰ ਸਬੂਤ ਦੇਣ ਲਈ ਇਥੇ ਆਏ ਹਨ। ਸੇਖੋਂ ਨੇ ਦੋਸ਼ ਲਾਇਆ ਕਿ ਅੱਤਿਵਾਦ ਵੇਲੇ ਆਸ਼ੂ ਨੇ ਕਾਫ਼ੀ ਗ਼ਲਤ ਕੰਮ ਕੀਤੇ ਸਨ ਤੇ ਗੁੜ ਮੰਡੀ ਬੰਬ ਧਮਾਕੇ ’ਚ ਵੀ ਉਸ ਦਾ ਹੱਥ ਹੈ। ਸ੍ਰੀ ਸੇਖੋਂ ਨੇ ਸਾਬਕਾ ਮੰਤਰੀ ’ਤੇ ਪੰਜਾਬ ਵਿੱਚ ਸਭ ਤੋਂ ਵੱਧ ਭ੍ਰਿਸ਼ਟਾਚਾਰ ਕਰਨ ਦਾ ਵੀ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਵਿਜੀਲੈਂਸ ਨੂੰ ਠੇਕੇਦਾਰ ਤੋਂ ਡਾਇਰੀਆਂ ਮਿਲੀਆਂ ਹਨ, ਜਿਨ੍ਹਾਂ ਦੇ ਆਧਾਰ ’ਤੇ ਕਈ ਕਾਂਗਰਸੀ ਆਗੂ ਜੇਲ੍ਹ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਕਾਂਗਰਸੀ ਕਿਸੇ ਲਈ ਨਹੀਂ, ਸਗੋਂ ਆਪਣੇ ਬਚਾਅ ਲਈ ਧਰਨੇ ’ਤੇ ਬੈਠੇ ਹਨ। ਸੇਖੋਂ ਨੇ ਇਹ ਵੀ ਕਿਹਾ ਕਿ ਅਗਲਾ ਨੰਬਰ ਟਰਾਂਸਪੋਰਟ ਮੰਤਰੀ ਹੁੰਦਿਆਂ ਵੱਡੇ ਘਪਲੇ ਕਰਨ ਵਾਲੇ ਰਾਜਾ ਵੜਿੰਗ ਦਾ ਹੈ। ਸੇਖੋਂ ਨੇ ਸਵਾਲ ਕੀਤਾ ਕਿ ਜਿਹੜੇ ਕਾਂਗਰਸੀ ਆਗੂ ਤੇ ਸਮਰਥਕ ਹੁਣ ਆਸ਼ੂ ਪਿੱਛੇ ਧਰਨਾ ਦੇ ਰਹੇ ਹਨ, ਉਹ ਸਾਧੂ ਸਿੰਘ ਧਰਮਸੋਤ ਤੇ ਸੰਗਤ ਸਿੰਘ ਗਿਲਜੀਆਂ ਵਾਰੀ ਕਿਉਂ ਨਹੀਂ ਬੋਲੇ।

# ਕਿਸਾਨਾਂ ਵੱਲੋਂ ਅਜੈ ਮਿਸ਼ਰਾ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰੇ 30 ਨੂੰ

**ਲਖੀਮਪੁਰ ਖੀਰੀ ਮੋਰਚੇ ਦੌਰਾਨ ਕਿਸਾਨਾਂ ਵਿਰੁੱਧ ਨਫ਼ਰਤੀ ਟਿੱਪਣੀਆਂ ਕਰਨ ਦਾ ਦੋਸ਼**

**ਖੇਤਰੀ ਪ੍ਰਤੀਨਿਧ**

**ਪਟਿਆਲਾ, 26 ਅਗਸਤ**

ਲਖੀਮਪੁਰ ਖੀਰੀ ਹਿੰਸਾ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਦੇ ਪਿਤਾ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਵੱਲੋਂ ਕਿਸਾਨਾਂ ਖ਼ਿਲਾਫ਼ ਨਫ਼ਰਤੀ ਟਿੱਪਣੀਆਂ ਕਰਨ ਵਿਰੋਧ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ 30 ਅਗਸਤ ਨੂੰ ਪੰਜਾਬ ਭਰ ’ਚ ਭਾਜਪਾ ਆਗੂਆਂ ਦੇ ਘਰਾਂ ਅਤੇ ਦਫ਼ਤਰਾਂ ਵੱਲ ਮਾਰਚ ਦੌਰਾਨ ਅਰਥੀ ਫੂਕ ਮੁਜ਼ਾਹਰਿਆਂ ਦਾ ਐਲਾਨ ਕੀਤਾ ਹੈ। ਜਥੇਬੰਦੀ ਵੱਲੋਂ ਇਹ ਫ਼ੈਸਲਾ ਯੂਨੀਅਨ ਦੇ ਸੂਬਾਈ ਪ੍ਰਧਾਨ ਡਾ. ਦਰਸ਼ਨਪਾਲ ਪਟਿਆਲਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ। ਬੀਕੇਯੂ ਦੀ ਮੀਟਿੰਗ ’ਚ ਸੂਬਾਈ ਜਨਰਲ ਸਕੱਤਰ ਗੁਰਮੀਤ ਮਹਿਮਾ, ਪ੍ਰੈੱਸ ਸਕੱਤਰ ਅਵਤਾਰ ਮਹਿਮਾ ਤੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਬੁੱਟਰ ਸਮੇਤ ਕਈ ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਵੀ ਹਾਜ਼ਰ ਸਨ। ਕਿਸਾਨ ਆਗੂਆਂ ਨੇ ਕਿਹਾ ਕਿ ਹਿੰਸਾ ਦੀ ਸਾਜ਼ਿਸ਼ ਕਰਨ ਅਤੇ ਕਿਸਾਨਾਂ ਨੂੰ ਧਮਕੀਆਂ ਦੇਣ ਦੇ ਮਾਮਲੇ ਵਿੱਚ ਪਹਿਲਾਂ ਹੀ ਸੁਪਰੀਮ ਕੋਰਟ ਨੇ ਅਜੈ ਮਿਸ਼ਰਾ ਨੂੰ ਨਾਮਜ਼ਦ ਕੀਤਾ ਹੋਇਆ ਹੈ ਪਰ ਯੂਪੀ ’ਚ ਭਾਜਪਾ ਸਰਕਾਰ ਹੋਣ ਕਰਕੇ ਕੇਂਦਰੀ ਮੰਤਰੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਲਖੀਮਪੁਰ ਖੀਰੀ ਵਿਚਲੇ ਧਰਨੇ ਕਾਰਨ ਵੀ ਕੇਂਦਰੀ ਮੰਤਰੀ ਵੱਲੋਂ ਕਿਸਾਨਾਂ ਖ਼ਿਲਾਫ਼ ਨਫ਼ਰਤ ਉਗਲਣ ਸਮੇਤ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਦੇ ਰੋਸ ਵਜੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਨੂੰ ਲਾਗੂ ਕਰਦਿਆਂ 30 ਅਗਸਤ ਨੂੰ ਮਾਰਚ ਕਰ ਕੇ ਪੰਜਾਬ ਭਰ ਵਿੱਚ ਅਜੈ ਮਿਸ਼ਰਾ ਟੈਨੀ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਇਸ ਮੌਕੇ ਹਰਿੰਦਰ ਚਰਨਾਰਥਲ, ਪਰਮਵੀਰ ਸਿੰਘ, ਚਰਨਜੀਤ ਕੌਰ, ਦਰਸ਼ਨ ਸਿੰਘ ਟਾਹਲੀਆਂ, ਸਰਬਜੀਤ ਸਿੰਘ ਤੇ ਮਨਦੀਪ ਸਿੰਘ ਜਹੂਰਾ ਆਦਿ ਹਾਜ਼ਰ ਸਨ।



# ਬੇਰੁਜ਼ਗਾਰੀ ਦੇ ਮੁੱਦੇ ’ਤੇ ਰਾਹੁਲ ਨੇ ਮੋਦੀ ਨੂੰ ਘੇਰਿਆ

**ਨਵੀਂ ਦਿੱਲੀ, 26 ਅਗਸਤ**

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੇਰੁਜ਼ਗਾਰੀ ਦੇ ਮੁੱਦੇ ’ਤੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੇਰਿਆ ਅਤੇ ਕਿਹਾ ਕਿ ‘ਰਾਜੇ’ ਵੱਲੋਂ ਕੀਤੇ ਵਾਅਦੇ ਝੂਠੇ ਹਨ ਤੇ ਉਸ ਦੀਆਂ ਤਕਰੀਰਾਂ ਖੋਖਲੀਆਂ ਹਨ। ਰਾਹੁਲ ਗਾਂਧੀ ਨੇ ਟਵਿਟਰ ’ਤੇ ਇਕ ਚਾਰਟ ਵੀ ਸਾਂਝਾ ਕੀਤਾ ਜਿਸ ਵਿੱਚ ਪਬਲਿਕ ਸੈਕਟਰ ਅਦਾਰੇ ‘ਕੋਲ ਇੰਡੀਆ ਲਿਮਿਟਡ’ ਅਤੇ ‘ਐੱਲਆਈਸੀ’ ਵਿੱਚ ਸਾਲ 2020 ਤੋਂ 2022 ਦਰਮਿਆਨ ਘਟੀਆਂ ਨੌਕਰੀਆਂ ਦੀ ਗਿਣਤੀ ਦੇ ਵੇਰਵੇ ਨਸ਼ਰ ਕੀਤੇ ਗਏ। ਉਨ੍ਹਾਂ ਨੇ ਟਵੀਟ ਕੀਤਾ, ‘ਨੌਜਵਾਨਾਂ ਦੇ ਸੁਫਨੇ ਸੱਚ ਹਨ ਪਰ ਰਾਜੇ ਦੇ ਵਾਅਦੇ ਝੂਠੇ ਹਨ। ਜੇਕਰ ਕੋਈ ਵਿਅਕਤੀ ਇਮਾਨਦਾਰੀ ਨਾਲ ਕੰਮ ਕਰੇ ਤਾਂ ਰੁਜ਼ਗਾਰ ਦੇ ਮੌਕੇ ਵਧਣੇ ਚਾਹੀਦੇ ਹਨ ਨਾ ਕਿ ਘਟਣੇ ਚਾਹੀਦੇ ਹਨ।’ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ’ਤੇ ਨਿਸ਼ਾਨਾ ਸੇਧਣ ਲਈ ਰਾਜਾ ਸ਼ਬਦ ਦੀ ਵਰਤੋਂ ਕੀਤੀ। **-ਪੀਟੀਆਈ**



# ਭ੍ਰਿਸ਼ਟਾਚਾਰ ਨਾਲ ਸਬੰਧਤ ਸ਼ਿਕਾਇਤਾਂ ਤੈਅ ਫਾਰਮੈਟ ’ਚ ਹੀ ਸਵੀਕਾਰ ਕਰੇਗਾ ਲੋਕਪਾਲ

**ਸ਼ਿਕਾਇਤਾਂ ਦੇਣ ਵਾਲਿਆਂ ਨੂੰ 15 ਸਤੰਬਰ ਤੱਕ ਸੁਧਾਰ ਕਰਨ ਲਈ ਕਿਹਾ**

**ਨਵੀਂ ਦਿੱਲੀ, 26 ਅਗਸਤ**

ਲੋਕਪਾਲ ਨੇ ਫ਼ੈਸਲਾ ਲਿਆ ਹੈ ਕਿ ਭ੍ਰਿਸ਼ਟਾਚਾਰ ਨਾਲ ਸਬੰਧਤ ਸ਼ਿਕਾਇਤਾਂ ਉਹ ਤੈਅਸ਼ੁਦਾ ਰੂਪ (ਫਾਰਮੈਟ) ’ਚ ਹੀ ਸਵੀਕਾਰ ਕਰੇਗਾ। ਕੇਂਦਰ ਸਰਕਾਰ ਨੇ ਮਾਰਚ 2020 ’ਚ ਲੋਕਪਾਲ (ਸ਼ਿਕਾਇਤ) ਰੂਲਜ਼ ਨੋਟੀਫਾਈ ਕੀਤਾ ਸੀ ਜਿਸ ’ਚ ਕਿਹਾ ਗਿਆ ਹੈ ਕਿ ਤੈਅਸ਼ੁਦਾ ਫਾਰਮੈਟ ’ਤੇ ਹੀ ਸ਼ਿਕਾਇਤਾਂ ਦਾਖ਼ਲ ਕੀਤੀਆਂ ਜਾਣਗੀਆਂ। ਇਨ੍ਹਾਂ ਨੇਮਾਂ ਦੇ ਆਧਾਰ ’ਤੇ ਹੀ ਲੋਕਪਾਲ ਨੇ ਪਿਛਲੇ ਸਾਲ ਜੁਲਾਈ ’ਚ ਸਰਕੂਲਰ ਜਾਰੀ ਕੀਤਾ ਸੀ। ਇਸ ਸਾਲ 10 ਫਰਵਰੀ ਨੂੰ ਉਨ੍ਹਾਂ ਸੋਧ ਪੱਤਰ ਜਾਰੀ ਕਰਦਿਆਂ ਕਿਹਾ ਸੀ ਕਿ ਜਿਹੜੀਆਂ ਸ਼ਿਕਾਇਤਾਂ ਤੈਅਸ਼ੁਦਾ ਫਾਰਮੈਟ ’ਚ ਨਹੀਂ ਹੋਣਗੀਆਂ, ਉਹ ਚੇਅਰਪਰਸਨ ਕੋਲ ਲੋੜੀਂਦੀ ਕਾਰਵਾਈ ਲਈ ਭੇਜੀਆਂ ਜਾਣਗੀਆਂ। ਸ਼ੁੱਧੀ ਪੱਤਰ ਦੇ ਪ੍ਰਾਵਧਾਨਾਂ ’ਤੇ ਲੋਕਪਾਲ ਦੇ ਫੁੱਲ ਬੈਂਚ ਨੇ ਹੁਣ ਵਿਚਾਰ ਵਟਾਂਦਰਾ ਕੀਤਾ ਹੈ। ਲੋਕਪਾਲ ਨੇ 24 ਅਗਸਤ ਨੂੰ ਜਾਰੀ ਸਰਕਾਰੀ ਨੋਟ ’ਚ ਕਿਹਾ ਹੈ ਕਿ ਲੋਕਪਾਲ ਅਤੇ ਲੋਕ ਆਯੁਕਤ ਐਕਟ 2013 ਦੀ ਧਾਰਾ 20 ਤਹਿਤ ਹੁਣ ਜੇਕਰ ਸ਼ਿਕਾਇਤਾਂ ਤੈਅ ਫਾਰਮੈਟ ’ਚ ਨਾ ਹੋਈਆਂ ਤਾਂ ਉਸ ’ਤੇ ਕਾਰਵਾਈ ਨਹੀਂ ਹੋਵੇਗੀ। ਲੋਕਪਾਲ ਨੇ ਸ਼ਿਕਾਇਤਕਰਤਾਵਾਂ ਨੂੰ ਮੌਕਾ ਦਿੱਤਾ ਹੈ ਕਿ ਜੇਕਰ ਉਨ੍ਹਾਂ ਦੀ ਸ਼ਿਕਾਇਤ ਤੈਅ ਫਾਰਮੈਟ ’ਚ ਨਹੀਂ ਹੈ ਤਾਂ ਉਹ 15 ਸਤੰਬਰ ਤੱਕ ਉਸ ਨੂੰ ਸੁਧਾਰ ਲੈਣ। ਜ਼ਿਕਰਯੋਗ ਹੈ ਕਿ ਵਿੱਤੀ ਵਰ੍ਹੇ 2021-22 ’ਚ ਲੋਕਪਾਲ ਨੂੰ 5680 ਸ਼ਿਕਾਇਤਾਂ ਮਿਲੀਆਂ ਸਨ। ਖ਼ਬਰ ਏਜੰਸੀ ਦੇ ਪੱਤਰਕਾਰ ਵੱਲੋਂ ਲੋਕਪਾਲ ਦੇ ਦਫ਼ਤਰ ਤੋਂ ਆਰਟੀਆਈ ਤਹਿਤ ਮੰਗੀ ਗਈ ਜਾਣਕਾਰੀ ਤੋਂ ਪਤਾ ਲੱਗਾ ਕਿ ਇਨ੍ਹਾਂ ਸ਼ਿਕਾਇਤਾਂ ’ਚੋਂ 169 ਤੈਅ ਫਾਰਮੈਟ ’ਤੇ ਕੀਤੀਆਂ ਗਈਆਂ ਸਨ ਜਦਕਿ 5511 ‘ਨਾਨ-ਫਾਰਮੈਟ’ ਵਰਗ ’ਚ ਰੱਖੀਆਂ ਗਈਆਂ ਸਨ। **-ਪੀਟੀਆਈ**

# ਗੁਰਜੀਤ ਔਜਲਾ ਵੱਲੋਂ ਨਵਜੋਤ ਸਿੱਧੂ ਨਾਲ ਮੁਲਾਕਾਤ

**ਪਟਿਆਲਾ (ਖੇਤਰੀ ਪ੍ਰਤੀਨਿਧ):** ਕੇਂਦਰੀ ਜੇਲ੍ਹ ਪਟਿਆਲਾ ਵਿੱਚ ਰੋਡ ਰੇਜ ਮਾਮਲੇ ’ਚ ਇੱਕ ਸਾਲ ਦੀ ਸਜ਼ਾ ਭੁਗਤ ਰਹੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਨਾਲ ਅੱਜ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਸੁਨੀਲ ਦੱਤੀ ਤੇ ਸੁਖਵਿੰਦਰ ਡੈਨੀ ਨੇ ਮੁਲਾਕਾਤ ਕੀਤੀ। ਜਾਣਕਾਰੀ ਅਨੁਸਾਰ ਅੱਜ ਕਰੀਬ ਬਾਰ੍ਹਾਂ ਵਜੇ ਕਾਂਗਰਸੀ ਆਗੂ ਕੇਂਦਰੀ ਜੇਲ੍ਹ ਵਿੱਚ ਪੁੱਜੇ ਤੇ ਉਨ੍ਹਾਂ ਨੇ ਕਰੀਬ ਦੋ ਘੰਟੇ ਨਵਜੋਤ ਸਿੰਘ ਸਿੱਧੂ ਨਾਲ ਮੁਲਾਕਾਤ ਕੀਤੀ। ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸੀ ਆਗੂਆਂ ਨੇ ਸੂਬੇ ਦੀ ‘ਆਪ’ ਨੂੰ ਆੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਜਿੱਥੇ ਬੇਅਦਬੀ ਦੇ ਮਾਮਲੇ ’ਚ ਠੋਸ ਕਾਰਵਾਈ ਨਹੀਂ ਕਰ ਸਕੀ, ਉੱਥੇ ਹੀ ਬੇਰੁਜ਼ਗਾਰੀ ਅਤੇ ਨਸ਼ਿਆਂ ਨੂੰ ਠੱਲ੍ਹ ਪਾਉਣ ਵਿੱਚ ਵੀ ਅਸਫ਼ਲ ਰਹੀ ਹੈ। ਇਸ ਦੌਰਾਨ ਉਨ੍ਹਾਂ ਨੇ ਪਿਛਲੇ ਦਿਨੀਂ ਪਟਿਆਲਾ ’ਚ ਮੰਗਾਂ ਖਾਤਰ ਪ੍ਰਦਰਸ਼ਨ ਕਰ ਰਹੇ ਅਪਰੈਂਟਿਸ ਵਰਕਰਾਂ ’ਤੇ ਪੁਲੀਸ ਵੱਲੋਂ ਲਾਠੀਚਾਰਜ ਕਰਨ ਦੀ ਵੀ ਨਿੰਦਾ ਕੀਤੀ।

# ਮੁੱਖ ਮੰਤਰੀ ਕਰਨਗੇ ਰਾਸ਼ਟਰਮੰਡਲ ਖੇਡਾਂ ਦੇ ਜੇਤੂਆਂ ਦਾ ਸਨਮਾਨ: ਹੇਅਰ



**ਚੰਡੀਗੜ੍ਹ (ਟਨਸ):** ਰਾਸ਼ਟਰਮੰਡਲ ਖੇਡਾਂ ਵਿੱਚ ਦੇਸ਼ ਦਾ ਨਾਮ ਰੌਸ਼ਨ ਵਾਲੇ ਪੰਜਾਬ ਦੇ 23 ਖਿਡਾਰੀਆਂ ਨੂੰ ਮੁੱਖ ਮੰਤਰੀ ਭਗਵੰਤ ਮਾਨ 9.30 ਕਰੋੜ ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਤ ਕਰਨਗੇ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ 27 ਅਗਸਤ ਨੂੰ ਚੰਡੀਗੜ੍ਹ ਵਿੱਚ ਹੋਣ ਵਾਲੇ ਸਨਮਾਨ ਸਮਾਰੋਹ ਦੌਰਾਨ ਤਗ਼ਮੇ ਜਿੱਤਣ ਵਾਲੇ ਤੇ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਸਾਰੇ ਪੰਜਾਬੀ ਖਿਡਾਰੀਆਂ ਦਾ ਸਨਮਾਨ ਮੁੱਖ ਮੰਤਰੀ ਵੱਲੋਂ ਕੀਤਾ ਜਾਵੇਗਾ।ਉਨ੍ਹਾ ਕਿਹਾ ਕਿ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਵਾਲੇ ਨੂੰ 50 ਲੱਖ ਰੁਪਏ, ਕਾਂਸੀ ਦਾ ਤਗ਼ਮਾ ਜਿੱਤਣ ਵਾਲੇ ਨੂੰ 40 ਲੱਖ ਤੇ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ 5 ਲੱਖ ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਿਆ ਜਾਵੇਗਾ।

# ਝਾਰਖੰਡ ਸਿਆਸੀ ਸੰਕਟ: ਮੁੱਖ ਮੰਤਰੀ ਸੋਰੇਨ ਦੀ ਰਿਹਾਇਸ਼ ’ਤੇ ਅਹਿਮ ਮੀਟਿੰਗ

**40 ਤੋਂ ਵੱਧ ਵਿਧਾਇਕ ਮੀਟਿੰਗ ’ਚ ਹੋਏ ਸ਼ਾਮਲ, ਗੱਠਜੋੜ ਦੇ ਵਿਧਾਇਕਾਂ ਨੂੰ ਪੱਛਮੀ ਬੰਗਾਲ ਜਾਂ ਬਿਹਾਰ ਤਬਦੀਲ ਕਰਨ ਦੇ ਬਦਲ ’ਤੇ ਚਰਚਾ ਹੋਣ ਦਾ ਦਾਅਵਾ**

**ਰਾਂਚੀ, 26 ਅਗਸਤ**

ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਵਿਧਾਇਕ ਵਜੋਂ ‘ਅਯੋਗ’ ਠਹਿਰਾਉਣ ਦੀ ਚੱਲ ਰਹੀ ਚਰਚਾ ਦਰਮਿਆਨ ਕੌਮੀ ਪ੍ਰਗਤੀਸ਼ੀਲ ਗੱਠਜੋੜ (ਯੂਪੀਏ) ਦੀ ਅੱਜ ਇਥੇ ਮੁੱਖ ਮੰਤਰੀ ਦੀ ਰਿਹਾਇਸ਼ ’ਤੇ ਅਹਿਮ ਮੀਟਿੰਗ ਹੋਈ। ਸੂਤਰਾਂ ਮੁਤਾਬਕ ਮੀਟਿੰਗ ਵਿੱਚ 40 ਤੋਂ ਵੱਧ ਵਿਧਾਇਕ ਪੁੱਜੇ, ਜਿਨ੍ਹਾਂ ਸੂਬੇ ਨੂੰ ਦਰਪੇਸ਼ ਸਿਆਸੀ ਸੰਕਟ ’ਚੋਂ ਨਿਕਲਣ ਲਈ ਅਗਲੇਰੀ ਰਣਨੀਤੀ ’ਤੇ ਵਿਚਾਰ ਚਰਚਾ ਕੀਤੀ। ਕਾਂਗਰਸ ਵਿਚਲੇ ਕੁਝ ਲੋਕਾਂ ਨੇ ਆਪਣੀ ਪਛਾਣ ਨਸ਼ਰ ਨਾ ਕੀਤੇ ਜਾਣ ਦੀ ਸ਼ਰਤ ’ਤੇ ਦੱਸਿਆ ਕਿ ਸੀਐੱਮ ਦੀ ਰਿਹਾਇਸ਼ ’ਤੇ ਹੋਈ ਮੀਟਿੰਗ ਵਿੱਚ ਗੱਠਜੋੜ ਦੇ ਵਿਧਾਇਕਾਂ ਨੂੰ ਭਾਜਪਾ ਵੱਲੋਂ ਕੀਤੀ ਜਾਣ ਵਾਲੀ ਖਰੀਦੋ-ਫਰੋਖਤ ਤੋਂ ਬਚਾਉਣ ਲਈ ਪੱਛਮੀ ਬੰਗਾਲ ਜਾਂ ਬਿਹਾਰ ਜਿਹੇ ‘ਹਮਖਿਆਲ ਪਾਰਟੀਆਂ ਦੀਆਂ ਸਰਕਾਰਾਂ’ ਵਾਲੇ ਰਾਜਾਂ ਵਿੱਚ ਤਬਦੀਲ ਕਰਨ ਦੇ ਬਦਲ ’ਤੇ ਵੀ ਵਿਚਾਰ ਕੀਤਾ ਗਿਆ। ਸੂਤਰਾਂ ਨੇ ਕਿਹਾ ਕਿ ਕੋਈ ਵੀ ਭਵਿੱਖੀ ਫੈਸਲਾ, ਰਾਜਪਾਲ ਰਮੇਸ਼ ਬੈਸ ਵੱਲੋਂ ਸੂਬਾ ਸਰਕਾਰ ਨੂੰ ਕੋਈ ਅਧਿਕਾਰਤ ਚਿੱਠੀ ਪੱਤਰ ਭੇਜਣ ਮਗਰੋਂ ਲਿਆ ਜਾਵੇਗਾ। ਚੇਤੇ ਰਹੇ ਕਿ ਲੰਘੇ ਦਿਨ ਅਜਿਹੀ ਚਰਚਾ ਸੀ ਕਿ ਭਾਰਤੀ ਚੋਣ ਕਮਿਸ਼ਨ ਨੇ ਝਾਰਖੰਡ ਦੇ ਰਾਜਪਾਲ ਨੂੰ ਪੱਤਰ ਲਿਖ ਕੇ ਸੂਬੇ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਚੋਣ ਨੇਮਾਂ ਦੀ ਉਲੰਘਣਾ ਲਈ ਅਯੋਗ ਠਹਿਰਾਉਣ ਵਾਸਤੇ ਪੇਸ਼ਕਦਮੀ ਲਈ ਕਿਹਾ ਸੀ। **-ਪੀਟੀਆਈ**

# ਹਵਾਲਾਤੀ ਨੇ ਜੇਲ੍ਹ ਮੁਲਾਜ਼ਮ ਦੀ ਵਰਦੀ ਪਾੜੀ

**ਨਿੱਜੀ ਪੱਤਰ ਪ੍ਰੇਰਕ**

**ਲੁਧਿਆਣਾ, 26 ਅਗਸਤ**

ਥਾਣਾ ਡਿਵੀਜ਼ਨ ਨੰਬਰ ਸੱਤ ਦੀ ਪੁਲੀਸ ਨੇ ਇੱਕ ਹਵਾਲਾਤੀ ਖ਼ਿਲਾਫ਼ ਜੇਲ੍ਹ ਮੁਲਾਜ਼ਮ ਨਾਲ ਖਿੱਚ-ਧੂਹ ਕਰਨ ਅਤੇ ਉਸ ਦੀ ਵਰਦੀ ਪਾੜਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਥਾਣੇਦਾਰ ਸੁਨੀਲ ਕੁਮਾਰ ਨੇ ਦੱਸਿਆ ਕਿ ਜੇਲ੍ਹ ਦੇ ਰਿਸੈਪਸ਼ਨ ਵਾਰਡ ਦੀ ਬੈਰਕ ਨੰਬਰ ਚਾਰ ਵਿੱਚ ਕੁਝ ਹਵਾਲਾਤੀ ਆਪਸ ’ਚ ਝਗੜ ਪਏ ਸਨ। ਜੇਲ੍ਹ ਅਧਿਕਾਰੀ ਇਸ ਬਾਰੇ ਪੁੱਛ-ਪੜਤਾਲ ਲਈ ਜਦੋਂ ਹਵਾਲਾਤੀ ਸੁਖਜੀਤ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਨਗਰ ਨੂੰ ਹਵਾਲਾਤ ਵਿੱਚੋਂ ਲੈ ਕੇ ਆਏ ਤਾਂ ਉਹ ਜੇਲ੍ਹ ਮੁਲਾਜ਼ਮਾਂ ਨਾਲ ਖਿੱਚ-ਧੂਹ ਕਰਦਾ ਹੋਇਆ ਉਨ੍ਹਾਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ। ਇਸ ਦੌਰਾਨ ਉਸ ਨੇ ਜੇਲ੍ਹ ਵਾਰਡਨ ਹਰਚੰਦ ਸਿੰਘ ਦੀ ਵਰਦੀ ਪਾੜ ਦਿੱਤੀ। ਪੁਲੀਸ ਨੇ ਹਵਾਲਾਤੀ ਸੁਖਜੀਤ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਵਿਧਾਇਕ ਦੀ ਗੱਡੀ ’ਤੇ ਲੱਗਾ ਫੈਂਸੀ ਨੰਬਰ ਕਿਸੇ ਹੋਰ ਨੇ ਖਰੀਦਿਆ

## ਵਿਧਾਇਕ ਨੇ ਨਵੀਂ ਸੀਰੀਜ਼ ਦਾ ਇਹੀ ਨੰਬਰ ਗੱਡੀ ’ਤੇ ਲਾਇਆ

**ਦਵਿੰਦਰ ਸਿੰਘ ਭੰਗੂ**

**ਰਈਆ, 26 ਅਗਸਤ**

ਬਾਬਾ ਬਕਾਲਾ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਪਿਛਲੇ ਕਈ ਦਿਨਾਂ ਤੋਂ ਜਿਸ ਫਾਰਚੂਨਰ ਗੱਡੀ ’ਤੇ ਇੱਕ ਫੈਂਸੀ ਨੰਬਰ ਪਲੇਟ ਲਾ ਕੇ ਘੁੰਮ ਰਹੇ ਸਨ, ਉਹ ਕਿਸੇ ਹੋਰ ਵਿਅਕਤੀ ਨੇ 84 ਹਜ਼ਾਰ ਰੁਪਏ ਦੀ ਬੋਲੀ ਲਾ ਕੇ ਖਰੀਦ ਲਿਆ ਹੈ। ਦਿਲਚਸਪ ਗੱਲ ਇਹ ਹੈ ਕਿ ਵਿਧਾਇਕ ਵੱਲੋਂ ਹੁਣ ਇਸੇ ਨੰਬਰ ਦੀ ਦੂਸਰੀ ਸੀਰੀਜ਼ ਵਾਲੇ ਨੰਬਰ ਦੀ ਵਰਤੋਂ ਕੀਤੀ ਜਾ ਰਹੀ ਹੈ। ਵਿਧਾਇਕ ਵੱਲੋਂ ਇਹ ਨੰਬਰ ਲਗਾਉਣ ’ਤੇ ਹੁਣ ਸਵਾਲ ਉੱਠ ਰਹੇ ਹਨ। ਜਾਣਕਾਰੀ ਅਨੁਸਾਰ ਵਿਧਾਇਕ ਦਲਬੀਰ ਟੌਂਗ ਪਿਛਲੇ ਇੱਕ ਮਹੀਨੇ ਤੋਂ, ਜਿਸ ਚਿੱਟੇ ਰੰਗ ਦੀ ਫਾਰਚੂਨਰ ਗੱਡੀ ਦੀ ਵਰਤੋਂ ਕਰ ਰਹੇ ਹਨ, ਉਹ ਕਿਸੇ ਵਕੀਲ ਦੇ ਨਾਮ ਤੇ ਖਰੀਦੀ ਦੱਸੀ ਗਈ ਹੈ। ਇਸ ਗੱਡੀ ’ਤੇ ਪਹਿਲਾਂ ਪੀਬੀ 02 ਈਐੱਚ 0039 ਨੰਬਰ ਵਾਲੀ ਪਲੇਟ ਲੱਗੀ ਹੋਈ ਸੀ ਤੇ ਗੱਡੀ ’ਤੇ ਪੰਜਾਬ ਸਰਕਾਰ ਵੀ ਲਿਖਿਆ ਹੋਇਆ ਸੀ। ‘ਪੰਜਾਬੀ ਟ੍ਰਿਬਿਊਨ’ ਵਿੱਚ ਇਸ ਸਬੰਧੀ ਖ਼ਬਰ ਛਪਣ ਮਗਰੋਂ ਇਹ ਮਾਮਲਾ ਚਰਚਾ ਵਿੱਚ ਆਇਆ ਸੀ। ਹੁਣ ਕੱਲ੍ਹ 25 ਅਗਸਤ ਨੂੰ ਹੋਈ ਬੋਲੀ ਵਿੱਚ ਇਹ ਨੰਬਰ ਨਿਰਮਲ ਸਿੰਘ ਵਾਸੀ ਪੱਡਾ ਨੇ 84 ਹਜ਼ਾਰ ਰੁਪਏ ਵਿੱਚ ਖ਼ਰੀਦ ਲਿਆ ਹੈ। ਇਸ ਮਗਰੋਂ ਵਿਧਾਇਕ ਨੇ ਹੁਣ ਪੀਬੀ 02 ਈਜੇ 0039 ਨੰਬਰ ਵਾਲੀ ਪਲੇਟ ਲਗਾਈ ਹੈ, ਜੋ 25 ਅਗਸਤ ਨੂੰ ਐਡਵੋਕੇਟ ਮਨਿੰਦਰ ਸਿੰਘ ਦੇ ਨਾਮ ’ਤੇ ਆਰਟੀਓ ਦਫ਼ਤਰ ਅੰਮ੍ਰਿਤਸਰ ਤੋਂ 12,500 ਰੁਪਏ ਵਿੱਚ ਖਰੀਦਿਆ ਗਿਆ ਹੈ। ਆਰਟੀਓ ਅੰਮ੍ਰਿਤਸਰ ਅਰਸ਼ਦੀਪ ਸਿੰਘ ਲੁਬਾਣਾ ਅਨੁਸਾਰ ਉਕਤ ਦੋਵੇਂ ਨੰਬਰਾਂ ਦੀ ਬੋਲੀ 25 ਅਗਸਤ ਨੂੰ ਹੋਈ ਹੈ। ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਵਿਮਲ ਸੇਤੀਆਂ ਨੇ ਕਿਹਾ ਕਿ ਜਿਸ ਵਿਅਕਤੀ ਦੀ ਵੱਧ ਬੋਲੀ ਹੋਵੇਗੀ ਨੰਬਰ ਉਸ ਨੂੰ ਹੀ ਅਲਾਟ ਕੀਤਾ ਜਾਵੇਗਾ।

ਵਿਧਾਇਕ ਦਲਬੀਰ ਸਿੰਘ ਟੌਂਗ ਨਾਲ ਇਸ ਬਾਰੇ ਗੱਲ ਕਰਨ ਲਈ ਵਾਰ-ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਦੇ ਬਾਵਜੂਦ ਉਨ੍ਹਾਂ ਗੱਲ ਨਹੀਂ ਕੀਤੀ ਹੈ। ਹਾਲਾਂਕਿ ਪਹਿਲੀ ਨੰਬਰ ਪਲੇਟ ਬਾਰੇ ਜਦੋਂ ਬੀਤੇ ਦਿਨੀਂ ਉਨ੍ਹਾਂ ਨੂੰ ਪੁੱਛਿਆ ਗਿਆ ਸੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਸਾਰੇ ਟੈਕਸ ਭਰੇ ਹੋਏ ਹਨ। ਨਵੇਂ ਨੰਬਰ ਬਾਰੇ ਵਿਧਾਇਕ ਦੇ ਸਹਾਇਕ ਪ੍ਰਿਤਪਾਲ ਸਿੰਘ ਪੱਡਾ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਪੀਬੀ 02 ਈਜੇ 0039 ਨੰਬਰ ਆਡਿਟ ਕਰਵਾਇਆ ਗਿਆ ਹੈ ਤੇ ਇਸ ਦੀ ਹਾਈ ਸਕਿਓਰਿਟੀ ਨੰਬਰ ਪਲੇਟ ਵੀ ਲਗਾ ਦਿੱਤੀ ਗਈ ਹੈ।

ਜਾਣਕਾਰੀ ਅਨੁਸਾਰ ਗੱਡੀ ’ਤੇ ਲੱਗਿਆ ਪਹਿਲਾ ਨੰਬਰ ਖਰੀਦਣ ਵਾਲੇ ਨਿਰਮਲ ਸਿੰਘ ਵਾਸੀ ਪਿੰਡ ਪੱਡਾ ਦਾ ਕਹਿਣਾ ਹੈ ਕਿ ਅਖ਼ਬਾਰ ’ਚ ਖ਼ਬਰ ਪੜ੍ਹਨ ਮਗਰੋਂ ਹੀ ਉਸ ਨੇ ਇਹ ਨੰਬਰ ਖਰੀਦਣ ਦਾ ਮਨ ਬਣਾਇਆ ਸੀ। ਇਸੇ ਕਰਕੇ ਉਸ ਨੇ 84 ਹਜ਼ਾਰ ਰੁਪਏ ਵਿੱਚ ਇਹ ਨੰਬਰ ਖਰੀਦ ਕੇ ਫੀਸ ਵੀ ਭਰ ਦਿੱਤੀ ਹੈ ਤੇ ਹੁਣ ਇਹ ਨੰਬਰ ਉਸ ਵੱਲੋਂ ਇੱਕ ਦੋ ਪਹੀਆ ਵਾਹਨ ’ਤੇ ਲਗਾਇਆ ਗਿਆ ਹੈ।







**ਵਿਧਾਇਕ ਦੀ ਗੱਡੀ ’ਤੇ ਲੱਗੀਆਂ ਹੋਈਆਂ ਨੰਬਰ ਪਲੇਟਾਂ।**

### ‘ਅਜਿਹੀਆਂ ਖਬਰਾਂ ਲਾਉਣ ਵਾਲਿਆਂ ਨੂੰ ਸਬਕ ਸਿਖਾਇਆ ਜਾਵੇਗਾ’

ਅੱਜ ਸ਼ਾਮ ਵਿਧਾਇਕ ਦਲਬੀਰ ਸਿੰਘ ਟੌਂਗ ਦੇ ਇੱਕ ਬੰਦੇ ਨੇ ਇਸ ਪੱਤਰਕਾਰ ਤੇ ਨੰਬਰ ਖਰੀਦਣ ਵਾਲੇ ਨਿਰਮਲ ਸਿੰਘ ਨੂੰ ਸੁਨੇਹਾ ਭੇਜ ਕੇ ਇਹ ਖ਼ਬਰ ਗ਼ਲਤ ਹੋਣ ਦਾ ਦਾਅਵਾ ਕੀਤਾ ਹੈ ਤੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਖ਼ਿਲਾਫ਼ ਗ਼ਲਤ ਖ਼ਬਰਾਂ ਲਗਾਉਣ ਵਾਲਿਆਂ ਨੂੰ ਸਬਕ ਸਿਖਾਇਆ ਜਾਵੇਗਾ।






Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਟ੍ਰਿਬਿਊਨ
ਸਥਾਪਨਾ 1978

**ਅੱਜ ਦਾ ਵਿਚਾਰ**

ਸੰਵਾਦ ਘੱਟੋ-ਘੱਟ ਖੜੋਤ ਤੋੜ ਦਿੰਦਾ ਹੈ। -ਸੈਥ ਗੋਡਿਨ

# ਆਜ਼ਾਦ ਦੀ ਅਲਵਿਦਾ

ਗੁਲਾਮ ਨਬੀ ਆਜ਼ਾਦ ਦੇ ਕਾਂਗਰਸ ਨੂੰ ਅਲਵਿਦਾ ਕਹਿਣ 'ਤੇ ਲੋਕਾਂ ਨੂੰ ਜ਼ਿਆਦਾ ਹੈਰਾਨੀ ਨਹੀਂ ਹੋਈ। ਕਈ ਦਿਨਾਂ ਤੋਂ ਇਹ ਕਿਆਸ-ਅਰਾਈਆਂ ਚੱਲ ਰਹੀਆਂ ਸਨ ਕਿ ਕੇਂਦਰੀ ਲੀਡਰਸ਼ਿਪ ਨਾਲ ਮੱਤਭੇਦ ਰੱਖਣ ਵਾਲੇ 23 ਆਗੂਆਂ ਦੇ ਗਰੁੱਪ (ਜਿਨ੍ਹਾਂ ਨੂੰ ਜੀ-23 ਗਰੁੱਪ ਕਿਹਾ ਜਾਂਦਾ ਹੈ) ਵਿਚੋਂ ਕੁਝ ਕਾਂਗਰਸ ਛੱਡ ਜਾਣਗੇ। ਪਹਿਲਾਂ ਕਪਿਲ ਸਿੱਬਲ ਨੇ ਪਾਰਟੀ ਛੱਡੀ ਅਤੇ ਹੁਣ ਆਜ਼ਾਦ ਨੇ ਕਾਂਗਰਸ ਨੂੰ ਅਲਵਿਦਾ ਕਹਿ ਦਿੱਤੀ ਹੈ। ਆਜ਼ਾਦ ਨੇ ਪਾਰਟੀ ਪ੍ਰਧਾਨ ਨੂੰ ਲਿਖੇ ਅਸਤੀਫ਼ੇ ਵਿਚ ਬਹੁਤ ਸਖ਼ਤ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਆਜ਼ਾਦ ਨੇ ਆਪਣੇ ਪੰਜ ਪੰਨਿਆਂ ਦੇ ਪੱਤਰ ਵਿਚ ਇੰਦਰਾ ਗਾਂਧੀ, ਸੰਜੇ ਗਾਂਧੀ, ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਦੀ ਤਾਰੀਫ਼ ਕਰਦਿਆਂ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਅਨੁਸਾਰ 2013 ਵਿਚ ਪਾਰਟੀ ਦੇ ਮੀਤ ਪ੍ਰਧਾਨ ਅਤੇ 2014 ਵਿਚ ਪ੍ਰਧਾਨ ਬਣਨ ਤੋਂ ਬਾਅਦ ਰਾਹੁਲ ਨੇ ਸੀਨੀਅਰ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਵਾਲੇ ਢਾਂਚੇ ਨੂੰ ਤਬਾਹ ਕਰ ਦਿੱਤਾ। ਆਜ਼ਾਦ ਨੇ ਇਲਜ਼ਾਮ ਲਗਾਇਆ ਹੈ ਕਿ ਰਾਹੁਲ ਨੇ ਆਪਣੇ ਨਾ-ਤਜਰਬੇਕਾਰ ਸਲਾਹਕਾਰਾਂ ਦੀ ਰਾਏ ਮੰਨ ਕੇ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ। ਉਨ੍ਹਾਂ ਕਿਹਾ ਹੈ ਕਿ ਪਿਛਲੇ ਅੱਠ ਸਾਲਾਂ ਵਿਚ ਪਾਰਟੀ ਨੂੰ ਲੋਕ ਸਭਾ ਦੀਆਂ ਹੋਈਆਂ ਦੋ ਚੋਣਾਂ ਦੇ ਨਾਲ ਨਾਲ ਵਿਧਾਨ ਸਭਾਵਾਂ ਦੀਆਂ ਹੋਈਆਂ 49 ਚੋਣਾਂ ਵਿਚੋਂ 39 ਵਿਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਆਜ਼ਾਦ ਅਨੁਸਾਰ ਰਾਹੁਲ ਗਾਂਧੀ ਅਤੇ ਉਸ ਦੇ ਸਲਾਹਕਾਰਾਂ ਦੀ ਟੋਲੀ ਦੀ ਅਗਵਾਈ ਵਿਚ ਪਾਰਟੀ ਦੀ ਦੇਸ਼ ਦੇ ਹਿੱਤ ਵਿਚ ਲੜਾਈ ਕਰਨ ਦੀ ਸਮਰੱਥਾ ਅਤੇ ਇੱਛਾ ਦੋਵੇਂ ਖ਼ਤਮ ਹੋ ਗਈਆਂ ਹਨ। ਆਜ਼ਾਦ ਨੇ ਸਲਾਹ ਦਿੱਤੀ ਹੈ ਕਿ ਕਾਂਗਰਸ ਨੂੰ 'ਭਾਰਤ ਜੋੜੋ' ਦੀ ਥਾਂ 'ਕਾਂਗਰਸ ਜੋੜੋ' ਦੇ ਮਕਸਦ ਨਾਲ ਯਾਤਰਾ ਕਰਨੀ ਚਾਹੀਦੀ ਹੈ।

ਰਾਹੁਲ ਗਾਂਧੀ ਤੇ ਉਸ ਦੇ ਹਮਾਇਤੀ ਜੀ-23 ਗਰੁੱਪ ਦੇ ਮੈਂਬਰਾਂ ਨੂੰ ਲੋਕਾਂ ਵਿਚ ਅਸਰ ਨਾ ਰੱਖਣ ਵਾਲੇ ਆਗੂ ਮੰਨਦੇ ਹਨ; ਇਸ ਧਾਰਨਾ ਅਨੁਸਾਰ ਇਨ੍ਹਾਂ ਆਗੂਆਂ ਨੇ ਹਮੇਸ਼ਾ ਕਾਂਗਰਸ ਤੋਂ ਫ਼ਾਇਦਾ ਉਠਾਇਆ ਅਤੇ ਸੱਤਾ ਦਾ ਆਨੰਦ ਮਾਣਿਆ ਹੈ। ਇਨ੍ਹਾਂ ਆਗੂਆਂ ਨੂੰ ਕਾਰਪੋਰੇਟ ਅਦਾਰਿਆਂ ਦੇ ਹਮਾਇਤੀ ਵੀ ਮੰਨਿਆ ਜਾਂਦਾ ਹੈ। ਇਨ੍ਹਾਂ ਇਲਜ਼ਾਮਾਂ ਵਿਚੋਂ ਕੁਝ ਸਹੀ ਹੋ ਸਕਦੇ ਹਨ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਵਿਚ ਅੰਦਰੂਨੀ ਜਮਹੂਰੀਅਤ ਖ਼ਤਮ ਹੋ ਚੁੱਕੀ ਹੈ। ਕਾਂਗਰਸ ਕੇਂਦਰੀ ਹਾਈ ਕਮਾਂਡ ਤੋਂ ਮਿਲਦੇ ਫ਼ਰਮਾਨਾਂ 'ਤੇ ਚੱਲਣ ਵਾਲੀ ਪਾਰਟੀ ਬਣ ਗਈ ਹੈ; ਇਹ ਮਾਡਲ ਕਈ ਪਾਰਟੀਆਂ ਵਿਚ ਸਫ਼ਲ ਵੀ ਹੋਇਆ ਹੈ ਪਰ ਕਾਂਗਰਸ ਦੇ ਸੰਦਰਭ ਵਿਚ ਇਉਂ ਲੱਗਦਾ ਹੈ ਜਿਵੇਂ ਆਪਣੀਆਂ ਸਮੱਸਿਆਵਾਂ ਵਧਾਉਣ ਦਾ ਜ਼ਿੰਮਾ ਕੇਂਦਰੀ ਲੀਡਰਸ਼ਿਪ ਨੇ ਖ਼ੁਦ ਆਪਣੇ ਸਿਰ ਲੈ ਲਿਆ ਹੋਵੇ। 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਹਾਰ ਤੋਂ ਬਾਅਦ ਰਾਹੁਲ ਦੇ ਪ੍ਰਧਾਨਗੀ ਛੱਡਣ ਕਾਰਨ ਕਾਂਗਰਸ ਦੇ ਢਾਂਚੇ ਦੇ ਬਿਖ਼ਰ ਜਾਣ ਅਤੇ ਉਸ ਦੇ ਅਨੁਭਵਹੀਣ ਸਲਾਹਕਾਰਾਂ ਦੀ ਟੋਲੀ ਵਿਚ ਘਿਰੇ ਹੋਣ ਦੇ ਆਜ਼ਾਦ ਦੁਆਰਾ ਲਗਾਏ ਗਏ ਇਲਜ਼ਾਮ ਕਾਫ਼ੀ ਹੱਦ ਤਕ ਸਹੀ ਹਨ। ਇਸ ਤੋਂ ਪਹਿਲਾਂ ਜੀ-23 ਦੇ ਆਗੂਆਂ ਨੇ ਸੋਨੀਆ ਗਾਂਧੀ ਨੂੰ ਲਿਖੇ ਪੱਤਰ ਵਿਚ ਵੀ ਅਜਿਹੇ ਸਵਾਲ ਉਠਾਏ ਗਏ ਸਨ ਪਰ ਕਾਂਗਰਸ ਪ੍ਰਧਾਨ ਨੇ ਉਨ੍ਹਾਂ ਦਾ ਉਸ ਤਰ੍ਹਾਂ ਜਵਾਬ ਨਹੀਂ ਦਿੱਤਾ ਜਿਵੇਂ ਜਮਹੂਰੀ ਪਾਰਟੀ ਵਿਚ ਦਿੱਤਾ ਜਾਣਾ ਚਾਹੀਦਾ ਹੈ। ਕਾਂਗਰਸ ਦੇ ਸੀਨੀਅਰ ਆਗੂਆਂ ਵਿਚ ਮੌਕਾਪ੍ਰਸਤੀ ਹਾਵੀ ਰਹੀ ਹੈ ਪਰ ਇਹ ਰੁਝਾਨ ਸਾਰੀਆਂ ਪਾਰਟੀਆਂ ਵਿਚ ਮੌਜੂਦ ਹਨ। ਪਾਰਟੀ ਪ੍ਰਧਾਨ ਅਤੇ ਕੇਂਦਰੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਅਜਿਹੇ ਰੁਝਾਨਾਂ 'ਤੇ ਕਾਬੂ ਪਾ ਕੇ ਯੋਗ ਵਿਅਕਤੀਆਂ ਨੂੰ ਸਾਹਮਣੇ ਲਿਆਉਣ ਲਈ ਮੌਕੇ ਪ੍ਰਦਾਨ ਕਰੇ। ਕਈ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਜ਼ਾਦ ਜੰਮੂ ਕਸ਼ਮੀਰ ਵਿਚ ਨਵੀਂ ਖੇਤਰੀ ਪਾਰਟੀ ਬਣਾ ਕੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਨਾਲ ਸੱਤਾ ਹਾਸਲ ਕਰਨੀ ਚਾਹੁੰਦਾ ਹੈ। ਭਾਜਪਾ ਅਜਿਹੀ ਕੋਸ਼ਿਸ਼ ਕਰ ਸਕਦੀ ਹੈ ਪਰ ਜੰਮੂ ਕਸ਼ਮੀਰ ਜਿਹੇ ਸੰਵੇਦਨਸ਼ੀਲ ਖ਼ਿੱਤੇ ਵਿਚ ਮੌਕਾਪ੍ਰਸਤੀ 'ਤੇ ਆਧਾਰਿਤ ਸਿਆਸਤ ਕਰਨੀ ਨਾ ਤਾਂ ਸਿਆਸੀ ਪੱਖ ਤੋਂ ਦਰੁਸਤ ਹੈ ਅਤੇ ਨਾ ਹੀ ਕੌਮੀ ਸੁਰੱਖਿਆ ਦੇ ਪੱਖ ਤੋਂ। ਆਜ਼ਾਦ ਦੇ ਅਸਤੀਫ਼ੇ ਨੇ ਕਾਂਗਰਸ ਦੀਆਂ ਮੁਸ਼ਕਿਲਾਂ ਹੋਰ ਵਧਾ ਦਿੱਤੀਆਂ ਹਨ। ਕਾਂਗਰਸ ਅਜੇ ਵੀ ਭਾਜਪਾ-ਵਿਰੋਧੀ ਮੁਹਾਜ਼ ਉਸਾਰਨ ਵਿਚ ਸੂਤਰਧਾਰ ਦੀ ਭੂਮਿਕਾ ਨਿਭਾ ਸਕਦੀ ਹੈ ਪਰ ਅਜਿਹਾ ਕਰਨ ਲਈ ਪਾਰਟੀ ਨੂੰ ਅੰਦਰੂਨੀ ਜਮਹੂਰੀਅਤ ਬਹਾਲ ਕਰਨ ਦੀ ਲੋੜ ਹੈ। ਕੇਂਦਰੀ ਲੀਡਰਸ਼ਿਪ ਨੂੰ ਇਸ ਦਿਸ਼ਾ ਵਿਚ ਢੁਕਵੇਂ ਅਤੇ ਤੁਰੰਤ ਫ਼ੈਸਲੇ ਲੈਣੇ ਚਾਹੀਦੇ ਹਨ।

# ਝੂਠਾ ਪੁਲੀਸ ਮੁਕਾਬਲਾ

ਮੁਹਾਲੀ ਦੀ ਇਕ ਵਿਸ਼ੇਸ਼ ਅਦਾਲਤ ਦੇ ਫ਼ੈਸਲੇ ਨੇ ਪੰਜਾਬ ਅੰਦਰ ਖਾੜਕੂਵਾਦ ਦੇ ਦੌਰ ਦੇ ਹਾਲਾਤ ਮੁੜ ਯਾਦ ਕਰਵਾ ਦਿੱਤੇ ਹਨ। ਸੀਬੀਆਈ ਦੀ ਇਸ ਵਿਸ਼ੇਸ਼ ਅਦਾਲਤ ਨੇ ਲਗਭਗ ਤਿੰਨ ਦਹਾਕੇ ਪਹਿਲਾਂ ਝੂਠੇ ਪੁਲੀਸ ਮੁਕਾਬਲੇ ਦੇ ਕੇਸ ਵਿਚ ਪੰਜਾਬ ਪੁਲੀਸ ਦੇ ਡੀਐੱਸਪੀ (ਸੇਵਾਮੁਕਤ) ਕ੍ਰਿਸ਼ਨ ਸਿੰਘ ਅਤੇ ਸਬ ਇੰਸਪੈਕਟਰ (ਸੇਵਾਮੁਕਤ) ਤਰਸੇਮ ਲਾਲ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਅਤੇ 2-2 ਲੱਖ ਰੁਪਏ ਜੁਰਮਾਨਾ ਕੀਤਾ ਹੈ। ਅਦਾਲਤ ਨੇ ਜੁਰਮਾਨੇ ਦੀ ਰਾਸ਼ੀ ਵਿਚੋਂ ਇਕ-ਇਕ ਲੱਖ ਰੁਪਏ ਤਿੰਨ ਪੀੜਤ ਪਰਿਵਾਰਾਂ ਨੂੰ ਦੇਣ ਲਈ ਕਿਹਾ ਹੈ। ਮਾਮਲਾ 90ਵਿਆਂ ਦਾ ਹੈ ਜਦੋਂ ਮੱਧ ਪ੍ਰਦੇਸ਼ ਪੁਲੀਸ ਨੇ ਸੱਤ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿਚੋਂ ਪੰਜ ਨੌਜਵਾਨਾਂ ਨੂੰ ਅੰਮ੍ਰਿਤਸਰ ਪੁਲੀਸ ਪੰਜਾਬ ਲੈ ਆਈ ਸੀ। ਪੁਲੀਸ ਅਨੁਸਾਰ 13 ਦਸੰਬਰ 1992 ਵਾਲੇ ਦਿਨ ਨੌਜਵਾਨਾਂ ਨੂੰ ਹਥਿਆਰ ਬਰਾਮਦ ਕਰਨ ਲਈ ਲਿਜਾਇਆ ਜਾ ਰਿਹਾ ਸੀ ਤਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਧਰਦਿਓ ਪਿੰਡ ਨੇੜੇ ਖਾੜਕੂਆਂ ਨੇ ਫਾਇਰਿੰਗ ਕਰ ਦਿੱਤੀ ਜਿਸ ਵਿਚ ਸਾਹਿਬ ਸਿੰਘ, ਬਲਵਿੰਦਰ ਸਿੰਘ ਅਤੇ ਦਲਬੀਰ ਸਿੰਘ ਸਮੇਤ ਇਕ ਹੋਰ ਅਣਪਛਾਤੇ ਵਿਅਕਤੀ (ਖਾੜਕੂ) ਦੀ ਮੌਤ ਹੋ ਗਈ।

ਪੀੜਤ ਪਰਿਵਾਰ ਪੁਲੀਸ ਦੀ ਕਹਾਣੀ ਨਾਲ ਸਹਿਮਤ ਨਹੀਂ ਹੋਏ। ਉਨ੍ਹਾਂ ਹਰ ਥਾਂ ਚਾਰਾਜੋਈ ਕੀਤੀ। ਆਖਿਰ ਪਿੰਡ ਚੁੱਗ ਦੇ ਸਾਹਿਬ ਸਿੰਘ ਦੇ ਪਿਤਾ ਕਾਹਨ ਸਿੰਘ ਦੀ ਸ਼ਿਕਾਇਤ 'ਤੇ ਸੁਪਰੀਮ ਕੋਰਟ ਨੇ 1995 'ਚ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪਣ ਦਾ ਆਦੇਸ਼ ਦਿੱਤਾ। ਸੀਬੀਆਈ ਨੇ ਮੁਕਾਬਲੇ ਦੇ ਝੂਠੇ ਹੋਣ ਦੇ ਸਬੂਤ ਇਕੱਠੇ ਕਰਕੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦਾ ਰਾਹ ਤਿਆਰ ਕੀਤਾ। ਉਸ ਸਮੇਂ ਦੌਰਾਨ ਅਨੇਕ ਅਜਿਹੀਆਂ ਘਟਨਾਵਾਂ ਵਾਪਰੀਆਂ ਪਰ ਇਨਸਾਫ ਸਿਰਫ਼ ਕੁਝ ਮਾਮਲਿਆਂ 'ਚ ਹੀ ਮਿਲਿਆ ਹੈ। ਮਨੁੱਖੀ ਹੱਕਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਦਾ ਕੇਸ ਇਸ ਪ੍ਰਸੰਗ 'ਚ ਮਹੱਤਵਪੂਰਨ ਹੈ। ਉਸ ਨੇ ਅੰਮ੍ਰਿਤਸਰ ਦੀਆਂ ਤਿੰਨ ਸ਼ਮਸ਼ਾਨਘਾਟਾਂ ਅੰਦਰ ਬੇਪਛਾਣ ਕਹਿ ਕੇ ਜਲਾਈਆਂ ਗਈਆਂ ਲਾਸ਼ਾਂ ਬਾਰੇ ਤੱਥ ਇਕੱਠੇ ਕਰਨੇ ਸ਼ੁਰੂ ਕੀਤੇ ਸਨ। ਸਤੰਬਰ 1995 ਵਿਚ ਖਾਲੜਾ ਗਾਇਬ ਹੋਇਆ ਅਤੇ ਬਾਅਦ ਵਿਚ ਸੀਬੀਆਈ ਜਾਂਚ ਦੌਰਾਨ ਉਸ ਦੀ ਪੁਲੀਸ ਹਿਰਾਸਤ ਵਿਚ ਹੋਈ ਮੌਤ ਦੀ ਪੁਸ਼ਟੀ ਹੋਈ।

ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕਾਨੂੰਨ ਦੀ ਪਾਲਣਾ ਕਰਨ ਲਈ ਪ੍ਰਤੀਬੱਧ ਹਨ। ਪੁਲੀਸ ਤੇ ਤਫ਼ਤੀਸ਼ ਕਰਨ ਵਾਲੀਆਂ ਹੋਰ ਏਜੰਸੀਆਂ ਦੁਆਰਾ ਕਾਨੂੰਨ ਦੀ ਪਾਲਣਾ ਨਾ ਕਰਨ ਦੇ ਵਰਤਾਰੇ ਜਮਹੂਰੀਅਤ ਨੂੰ ਠੇਸ ਪਹੁੰਚਾਉਂਦੇ ਹਨ। ਇਹ ਸਵਾਲ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਆਜ਼ਾਦੀ ਮਿਲਣ ਦੇ ਬਾਅਦ ਵੀ ਨਾਗਰਿਕਾਂ ਨੂੰ ਨਿਆਂ ਦੇਣ ਵਿਚ ਆਉਂਦੀਆਂ ਅੜਚਣਾਂ ਦੂਰ ਕਿਉਂ ਨਹੀਂ ਕੀਤੀਆਂ ਗਈਆਂ। ਸੰਵਿਧਾਨਕ ਦਾਇਰੇ ਵਿਚ ਰਹਿੰਦੇ ਹੋਏ ਇਨਸਾਫ਼ ਦੀ ਗਰੰਟੀ ਦੇਸ਼ ਦੇ ਹਰ ਨਾਗਰਿਕ ਦਾ ਹੱਕ ਹੈ। ਇਸ ਮੌਕੇ ਵੀ ਬਹੁਤ ਸਾਰੀਆਂ ਜਾਂਚ ਏਜੰਸੀਆਂ ਉੱਤੇ ਕਾਨੂੰਨ ਦੀ ਬਜਾਇ ਸਰਕਾਰੀ ਹੁਕਮ ਵਜਾਉਣ ਦੇ ਦੋਸ਼ ਲੱਗ ਰਹੇ ਹਨ। ਅਜਿਹੇ ਹਾਲਾਤ ਲੋਕਾਂ ਦਾ ਕਾਨੂੰਨ ਵਿਚ ਭਰੋਸਾ ਘਟਾਉਂਦੇ ਹਨ। ਅਜਿਹੇ ਸਮੇਂ ਇਨਸਾਫ਼ ਯਕੀਨੀ ਬਣਾਉਣ ਵਾਲੇ ਫ਼ੈਸਲੇ ਹੀ ਲੋਕਾਂ ਦਾ ਵਿਸ਼ਵਾਸ ਕਾਇਮ ਰੱਖ ਸਕਦੇ ਹਨ।

# ਹਿੰਦੋਸਤਾਨ ਦੀਆਂ ਪ੍ਰਾਪਤੀਆਂ ਅਤੇ ਊਰਜਾ



**ਮਨੋਜ ਜੋਸ਼ੀ**



ਰਾਸ਼ਟਰ ਦੇ ਤੌਰ 'ਤੇ ਸਾਡਾ ਸਫ਼ਰ 1947 ਤੋਂ ਸ਼ੁਰੂ ਹੋਇਆ ਸੀ, 2014 ਤੋਂ ਨਹੀਂ ਜਿਵੇਂ ਕੁਝ ਲੋਕ ਸਾਨੂੰ ਇਸ ਦਾ ਵਿਸ਼ਵਾਸ ਕਰਾਉਣਾ ਚਾਹੁੰਦੇ ਹਨ। ਇਨ੍ਹਾਂ 75 ਸਾਲਾਂ ਦੌਰਾਨ ਭਾਰਤ ਨੇ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ। ਕਈ ਨੌਜਵਾਨਾਂ ਦਾ ਖਿਆਲ ਹੈ ਕਿ 15 ਅਗਸਤ ਨੂੰ ਅੰਗਰੇਜ਼ ਦੌੜ ਗਏ, ਨਹਿਰੂ ਨੇ ਤਿਰੰਗਾ ਲਹਿਰਾ ਦਿੱਤਾ, ਤੇ ਬਸ ਇੰਝ ਭਾਰਤ ਆਜ਼ਾਦ ਦੇਸ਼ ਬਣ ਗਿਆ। ਹਕੀਕਤ ਬਹੁਤ ਜ਼ਿਆਦਾ ਜਟਿਲ ਹੈ। ਭਾਰਤ ਦੇ ਭਵਿੱਖ ਦੀ ਜ਼ਾਮਨੀ 1947 ਵਿਚ ਵੀ ਨਹੀਂ ਹੋ ਸਕੀ ਸੀ। ਉਸ ਵੇਲੇ ਅੰਗਰੇਜ਼ਾਂ ਦੇ ਅਧੀਨ ਹਿੰਦੋਸਤਾਨ ਵਿਚ 17 ਸੂਬੇ ਅਤੇ ਕਰੀਬ 600 ਸ਼ਾਹੀ ਰਿਆਸਤਾਂ ਸਨ। ਹਿੰਦੋਸਤਾਨ ਨੂੰ ਇਕਜੁੱਟ ਮੁਲਕ ਦੇ ਤੌਰ 'ਤੇ ਉਭਰਨ ਵਿਚ ਮਦਦ ਦੇਣ ਲਈ ਅੰਗਰੇਜ਼ਾਂ ਦੀ ਕੋਈ ਮਜਬੂਰੀ ਨਹੀਂ ਸੀ। ਦਰਅਸਲ, ਮਈ 1947 ਵਿਚ ਵਾਇਸਰਾਏ ਲਾਰਡ ਮਾਊਂਟਬੈਟਨ ਨੂੰ ਲੰਡਨ ਤੋਂ ਅਧਿਕਾਰ ਹਾਸਲ ਹੋ ਗਿਆ ਕਿ ਅੱਠ ਵੱਡੀਆਂ ਰਿਆਸਤਾਂ ਨੂੰ ਵੀ ਸੱਤਾ ਸੌਂਪ ਦਿੱਤੀ ਜਾਵੇ ਅਤੇ ਬਾਕੀ ਸ਼ਾਹੀ ਰਿਆਸਤਾਂ ਨੂੰ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਰਲੇਵਾਂ ਕਰਨ ਦਾ ਹੱਕ ਹਾਸਲ ਹੋਵੇਗਾ; ਤੇ ਫਿਰ ਉਹ ਇਹ ਫ਼ੈਸਲਾ ਕਰਨਗੀਆਂ ਕਿ ਉਹ ਸਾਂਝਾ ਹਿੰਦੋਸਤਾਨ ਰੱਖਣਾ ਚਾਹੁੰਦੀਆਂ ਹਨ ਜਾਂ ਕਈ ਹਿੰਦੋਸਤਾਨ ਬਣਾਉਣਾ ਚਾਹੁੰਦੀਆਂ ਹਨ।

ਆਪਣੀ ਇਸ ਯੋਜਨਾ ਦਾ ਐਲਾਨ ਕਰਨ ਤੋਂ ਕੁਝ ਦਿਨ ਪਹਿਲਾਂ ਮਾਊਂਟਬੈਟਨ ਨੇ ਇਸ ਦੇ ਕੁਝ ਵੇਰਵੇ ਜਵਾਹਰ ਲਾਲ ਨਹਿਰੂ ਨਾਲ ਸਾਂਝੇ ਕਰ ਲਏ ਜੋ ਉਨ੍ਹਾਂ ਦੇ ਸ਼ਿਮਲੇ ਵਾਲੇ ਗੈਸਟ ਹਾਊਸ ਵਿਚ ਮਿਲਣ ਗਏ ਹੋਏ ਸਨ। ਇਹ ਸੁਣ ਕੇ ਨਹਿਰੂ ਭੜਕ ਪਏ ਅਤੇ ਉਨ੍ਹਾਂ ਮਾਊਂਟਬੈਟਨ ਨੂੰ ਸਾਫ਼ ਲਫ਼ਜ਼ਾਂ ਵਿਚ ਆਖ ਦਿੱਤਾ ਕਿ ਕਾਂਗਰਸ ਪਾਰਟੀ ਇਸ ਨੂੰ ਹਰਗਿਜ਼ ਪ੍ਰਵਾਨ ਨਹੀਂ ਕਰੇਗੀ। ਮਾਊਂਟਬੈਟਨ ਨੇ ਇਹ ਵਿਚਾਰ ਤਿਆਗ ਅਤੇ ਵੰਡ ਦੀ ਯੋਜਨਾ ਬਸਤੇ ਵਿਚੋਂ ਬਾਹਰ ਕੱਢ ਲਈ ਜਿਸ ਦਾ ਉਸ ਨੇ 3 ਜੂਨ 1947 ਨੂੰ ਐਲਾਨ ਕੀਤਾ ਜਿਸ ਰਾਹੀਂ ਉਪ ਮਹਾਂਦੀਪ ਨੂੰ 14/15 ਅਗਸਤ ਨੂੰ ਦੋ ਅਰਧ-ਸੁਤੰਤਰ (ਡੋਮਿਨੀਅਨ) ਰਾਜਾਂ ਭਾਰਤ ਤੇ ਪਾਕਿਸਤਾਨ ਵਿਚਕਾਰ ਵੰਡ ਦਿੱਤਾ ਗਿਆ।

ਉਂਝ, ਇਹ ਡਰਾਮੇ ਦਾ ਮਹਿਜ਼ ਪਹਿਲਾ ਕਾਂਡ ਸੀ। ਦੂਜਾ ਕਾਂਡ ਸ਼ਾਹੀ ਰਿਆਸਤਾਂ ਨਾਲ ਜੁੜਿਆ ਹੋਇਆ ਸੀ ਜਿਸ ਨੂੰ ਲੈ ਕੇ ਅੰਗਰੇਜ਼ਾਂ ਨੇ ਖੂਬ ਭੰਬਲਭੂਸਾ ਪਾਇਆ ਹੋਇਆ ਸੀ। ਉਨ੍ਹਾਂ ਨੇ 15 ਅਗਸਤ ਨੂੰ ਰਿਆਸਤਾਂ ਤੋਂ ਆਪਣੀ ਪ੍ਰਭੂਤਾ ਹਟਾ ਲਈ ਪਰ ਇਹ ਗੱਲ ਗੋਲਮੋਲ ਹੀ ਰੱਖੀ ਕਿ ਰਿਆਸਤਾਂ ਦੋਵੇਂ ਅਰਧ-ਸੁਤੰਤਰ ਰਾਜਾਂ ਨਾਲ ਕਿਵੇਂ ਵਿਚਰਨਗੀਆਂ। ਜ਼ਿਆਦਾਤਰ ਰਿਆਸਤਾਂ ਭਾਰਤ ਦੇ ਖੇਤਰ ਵਿਚ ਪੈਣ ਜਾਂ ਨਾਲ ਲਗਦੀਆਂ ਹੋਣ ਕਰ ਕੇ ਜਿਨਾਹ ਨੇ ਇਹ ਐਲਾਨ ਕਰ ਕੇ ਭੜਥੂ ਪਾ ਦਿੱਤਾ ਕਿ ਸੂਬਿਆਂ ਨੂੰ ਵੀ ਆਜ਼ਾਦ ਹੋਣ ਦਾ ਹੱਕ ਹਾਸਲ ਹੈ।

**ਅਸੀਂ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ ਪਰ ਅੱਗੇ ਵਧਣ ਲਈ ਸਾਨੂੰ ਜਾਤ, ਧਰਮ ਤੇ ਲਿੰਗ ਪ੍ਰਤੀ ਸਾਡੇ ਰਵੱਈਏ ਨਾਲ ਜੁੜੀਆਂ ਸਾਡੀਆਂ ਦੀਰਘ ਸਮੱਸਿਆਵਾਂ ਨੂੰ ਸੁਲਝਾਉਣ ਦਾ ਅਹਿਦ ਕਰਨਾ ਪਵੇਗਾ। ਜੇ ਅਸੀਂ ਇਨ੍ਹਾਂ ਦੇ ਆਧਾਰ 'ਤੇ ਤਫ਼ਰਕੇ ਅਤੇ ਵੰਡੀਆਂ ਪੈਦਾ ਕਰਨ ਦੀ ਬਜਾਇ ਇਨ੍ਹਾਂ ਦੀ ਊਰਜਾ ਦਾ ਇਸਤੇਮਾਲ ਕਰੀਏ ਤਾਂ ਮਹਾਨ ਰਾਸ਼ਟਰ ਬਣਨ ਲਈ ਸਾਡੇ ਡੀਐੱਨਏ ਵਿਚ ਭੂਗੋਲ, ਹੁਨਰਮੰਦ ਅਵਾਮ, ਵਸੀਲੇ ਆਦਿ ਸਭ ਕੁਝ ਮੌਜੂਦ ਹੈ।**

ਤਿੰਨ ਜੂਨ ਦੇ ਐਲਾਨ ਤੋਂ ਥੋੜ੍ਹੀ ਦੇਰ ਬਾਅਦ ਤ੍ਰਵਣਕੋਰ ਅਤੇ ਹੈਦਰਾਬਾਦ ਦੀਆਂ ਰਿਆਸਤਾਂ ਨੇ ਤਾਂ ਆਪੋ-ਆਪਣੀ ਆਜ਼ਾਦੀ ਦਾ ਐਲਾਨ ਕਰ ਵੀ ਦਿੱਤਾ ਸੀ ਜਦਕਿ ਕਈ ਹੋਰ ਰਿਆਸਤਾਂ ਅਜੇ ਸੋਚ ਵਿਚਾਰ ਕਰ ਰਹੀਆਂ ਸਨ। ਜੋਧਪੁਰ ਰਿਆਸਤ ਨੇ ਕੁਝ ਸਮੇਂ ਲਈ ਪਾਕਿਸਤਾਨ ਨਾਲ ਜਾਣ ਬਾਰੇ ਵਿਚਾਰ ਕੀਤੀ ਸੀ। ਕਾਫ਼ੀ ਚਿੰਤਨ ਮੰਥਨ ਤੋਂ ਬਾਅਦ ਸਰਦਾਰ ਪਟੇਲ ਨੇ ਵੀਪੀ ਮੈਨਨ ਦੀ ਮਦਦ ਨਾਲ ਕਈ ਰਿਆਸਤਾਂ ਨੂੰ ਭਾਰਤੀ ਡੋਮਿਨੀਅਨ ਨਾਲ ਰਲੇਵੇਂ ਦੇ ਦਸਤਾਵੇਜ਼ 'ਤੇ ਸਹੀ ਪਾਉਣ ਲਈ ਰਾਜ਼ੀ ਕਰ ਲਿਆ। ਜੂਨਾਗੜ੍ਹ, ਕਸ਼ਮੀਰ ਅਤੇ ਹੈਦਰਾਬਾਦ ਜਿਹੀਆਂ ਅੜੀ ਕਰ ਰਹੀਆਂ ਕੁਝ ਰਿਆਸਤਾਂ ਨੂੰ ਰਲੇਵੇਂ ਲਈ ਮਜਬੂਰ ਕਰਨ ਵਾਸਤੇ ਭਾਰਤ ਨੂੰ ਫ਼ੌਜੀ ਤਾਕਤ ਦਾ ਇਸਤੇਮਾਲ ਕਰਨਾ ਪਿਆ ਸੀ।

ਅੱਗੇ ਚੱਲ ਕੇ ਇਨ੍ਹਾਂ ਸ਼ਾਹੀ ਰਿਆਸਤਾਂ ਦਾ ਸੂਬਿਆਂ ਨਾਲ ਪੁਨਰਗਠਨ ਕਰ ਦਿੱਤਾ ਗਿਆ ਜਿਵੇਂ ਅੱਜ ਅਸੀਂ ਇਨ੍ਹਾਂ ਨੂੰ ਜਾਣਦੇ ਪਛਾਣਦੇ ਹਾਂ ਅਤੇ ਸਰਕਾਰ ਨੇ ਸਿੱਖਿਆ, ਸਿਹਤ ਸੰਭਾਲ, ਵਿਗਿਆਨਕ ਅਤੇ ਸਨਅਤੀ ਸਹੂਲਤਾਂ ਦਾ ਪ੍ਰਬੰਧ ਕੀਤਾ ਜੋ ਸਾਡੇ ਰਾਸ਼ਟਰ ਦੀ ਬੁਨਿਆਦ ਬਣੀਆਂ। ਤਾਮਿਲ ਨਾਡੂ, ਪੰਜਾਬ ਅਤੇ ਉੱਤਰ-ਪੂਰਬ ਵਿਚ ਵੱਖਵਾਦੀ ਖ਼ਤਰੇ ਵੀ ਉਭਰੇ ਸਨ ਪਰ ਇਨ੍ਹਾਂ 'ਤੇ ਕਾਬੂ ਪਾ ਲਿਆ ਗਿਆ।

ਆਜ਼ਾਦੀ ਮਿਲਣ ਵੇਲੇ ਭਾਰਤ ਦੀ ਆਬਾਦੀ 34 ਕਰੋੜ ਸੀ। ਇਸ ਵਿਚੋਂ ਮਾਤਰ 4.1 ਕਰੋੜ, ਭਾਵ 12 ਫ਼ੀਸਦ ਲੋਕ ਹੀ ਪੜ੍ਹੇ ਲਿਖੇ ਸਨ ਅਤੇ ਜੀਵਨ ਸੰਭਾਵਨਾ ਦਰ ਮਹਿਜ਼ 34 ਸਾਲ ਸੀ ਜੋ ਅਮਰੀਕਾ ਦੀ ਦਰ (68 ਸਾਲ) ਨਾਲੋਂ ਅੱਧੀ ਹੀ ਸੀ। ਅੱਜ ਭਾਰਤ ਦੀ ਜੀਵਨ ਸੰਭਾਵਨਾ ਦਰ 70 ਸਾਲ ਹੈ ਜਦਕਿ ਅਮਰੀਕਾ ਦੀ ਦਰ 77 ਸਾਲ ਹੈ।

ਸ਼ੁਰੂਆਤੀ ਤੇ ਵੱਡੀ ਸਫ਼ਲ ਕਹਾਣੀ ਖੇਤੀਬਾੜੀ ਖੇਤਰ ਵਿਚ ਵਾਪਰੀ। 1950ਵਿਆਂ ਵਿਚ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਵਿਚ ਖੇਤੀਬਾੜੀ ਦਾ ਯੋਗਦਾਨ 55 ਫ਼ੀਸਦ ਸੀ ਜੋ ਅੱਜ ਮਹਿਜ਼ 14 ਫ਼ੀਸਦ ਰਹਿ ਗਿਆ ਹੈ। ਭਾਰਤ ਖੁਰਾਕ ਪੱਖੋਂ ਆਤਮ-ਨਿਰਭਰ ਹੋ ਗਿਆ ਅਤੇ ਕੁਝ ਹੱਦ ਤੱਕ ਬਰਾਮਦਾਂ ਵੀ ਕਰਦਾ ਹੈ। ਬਸਤੀਵਾਦੀ ਸ਼ਾਸਨ ਵੇਲਿਆਂ ਦੇ ਅਕਾਲ ਹੁਣ ਬੀਤੇ ਦੀ ਗੱਲ ਬਣ ਗਏ ਹਨ।

ਖਰੀਦ ਸ਼ਕਤੀ ਬਰਾਬਰੀ (ਪੀਪੀਪੀ) ਦੇ ਪੈਮਾਨੇ ਤੋਂ ਭਾਰਤ ਦਾ ਅਰਥਚਾਰਾ ਹੁਣ ਦੁਨੀਆ ਦੇ ਤੀਜੇ ਸਭ ਤੋਂ ਵੱਡੇ ਅਰਥਚਾਰੇ ਦਾ ਦਰਜਾ ਹਾਸਲ ਕਰਨ ਦੀ ਤਿਆਰੀ ਕਰ ਰਿਹਾ ਹੈ ਅਤੇ ਪੂਰੀ ਦੁਨੀਆ ਵਿਚ ਇਸ ਦੀ ਸੂਚਨਾ ਤਕਨਾਲੋਜੀ, ਦਵਾ ਸਨਅਤ, ਰਸਾਇਣ ਅਤੇ ਪੈਟਰੋ-ਕੈਮੀਕਲਜ਼ ਤੇ ਕੱਪੜਾ ਸਨਅਤ ਦੀ ਚਰਚਾ ਹੁੰਦੀ ਹੈ। ਸੂਈ ਤੋਂ ਲੈ ਕੇ ਪੁਲਾੜ ਲਾਂਚ ਵਾਹਨਾਂ ਤੱਕ ਭਾਰਤ ਵਿਚ ਸਭ ਕੁਝ ਤਿਆਰ ਕੀਤਾ ਜਾਂਦਾ ਹੈ।

ਉਂਝ, ਸਫ਼ਲਤਾ ਦੀ ਇਹ ਕਹਾਣੀ ਕੁਝ ਵੱਡੀਆਂ ਸਮੱਸਿਆਵਾਂ ਦੀ ਪਰਦਾਪੋਸ਼ੀ ਕਰਦੀ ਹੈ। 1950ਵਿਆਂ ਵਿਚ ਭਾਰਤ ਦੀ 60 ਫ਼ੀਸਦ ਕਿਰਤ ਸ਼ਕਤੀ ਰੋਜ਼ੀ ਰੋਟੀ ਲਈ ਖੇਤੀਬਾੜੀ 'ਤੇ ਨਿਰਭਰ ਸੀ ਅਤੇ ਅੱਜ ਵੀ 45 ਫ਼ੀਸਦ ਕਿਰਤ ਸ਼ਕਤੀ ਇਸ 'ਤੇ ਨਿਰਭਰ ਹੈ। ਇਹ ਅੰਕੜਾ ਵੱਡੀ ਨਾਕਾਮੀ ਨੂੰ ਦਰਸਾਉਂਦਾ ਹੈ ਕਿਉਂਕਿ ਬਹੁਤ ਸਾਰੇ ਲੋਕ ਬੇਰੁਜ਼ਗਾਰ ਜਾਂ ਅਰਧ-ਬੇਰੁਜ਼ਗਾਰ ਹਨ। ਬਾਵਜੂਦ ਇਸ ਦੇ ਕਿ ਸਾਡੀ ਜੀਡੀਪੀ ਦਾ 26 ਫ਼ੀਸਦ ਸਨਅਤ ਅਤੇ 54 ਫ਼ੀਸਦ ਸੇਵਾ ਖੇਤਰ ਤੋਂ ਆਉਂਦਾ ਹੈ। ਇਸ ਸਿਆਹ ਨਿਸ਼ਾਨ ਦੇ ਅੰਦਰ ਹੀ ਇਕ ਹੋਰ ਦਾਗ਼ ਹੈ। ਭਾਰਤ ਵਿਚ ਮਹਿਲਾ ਰੁਜ਼ਗਾਰ ਦੀ ਦਰ ਦੁਨੀਆ ਵਿਚ ਸਭ ਤੋਂ ਘੱਟ, ਭਾਵ 19 ਫ਼ੀਸਦ ਹੈ ਜੋ ਸਾਊਦੀ ਅਰਬ ਨਾਲੋਂ ਵੀ ਘੱਟ ਹੈ। ਦਰਅਸਲ, ਪਿਛਲੇ 20 ਸਾਲਾਂ ਦੌਰਾਨ ਭਾਰਤ ਵਿਚ ਇਹ ਦਰ ਘਟ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਖੇਤਰਾਂ ਵਿਚ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਗਏ ਜਿਨ੍ਹਾਂ ਵਿਚ ਪੇਂਡੂ ਤਬਕਿਆਂ ਖ਼ਾਸਕਰ ਔਰਤਾਂ ਨੂੰ ਸਮੋਇਆ ਜਾ ਸਕਦਾ ਹੈ।

ਇਕ ਹੋਰ ਨਾਂਹਮੁਖੀ ਲੱਛਣ ਹੈ ਭਾਰਤ ਦੀ ਸਾਖਰਤਾ ਦਰ ਤੇ ਸਿੱਖਿਆ। ਦੇਸ਼ ਦੇ ਬਹੁਤੇਰੇ ਹਿੱਸਿਆਂ ਵਿਚ ਸਥਿਤ ਯੂਨੀਵਰਸਿਟੀਆਂ ਅਜਿਹਾ ਬਹੁਤਾ ਕੁਝ ਮੁਹੱਈਆ ਨਹੀਂ ਕਰ ਸਕੀਆਂ ਜਿਸ ਸਦਕਾ ਕੋਈ ਵਿਅਕਤੀ ਆਧੁਨਿਕ ਅਰਥਚਾਰੇ ਵਿਚ ਰੋਜ਼ੀ ਰੋਟੀ ਕਮਾਉਣ ਦੇ ਯੋਗ ਹੋ ਸਕੇ। 74 ਫ਼ੀਸਦ ਆਬਾਦੀ ਹੀ ਸਾਖਰ ਹੈ। ਇਹ ਅੰਕੜਾ ਵੱਡੀ ਪ੍ਰਾਪਤੀ ਨਜ਼ਰ ਆਉਂਦਾ ਹੈ ਜਦਕਿ 1950 ਵਿਚ ਇਹ ਦਰ ਮਹਿਜ਼ 12 ਫ਼ੀਸਦ ਸੀ। ਉਂਝ, ਇਸੇ ਅਰਸੇ ਦੌਰਾਨ ਚੀਨ ਨੇ 20 ਫ਼ੀਸਦ ਦੀ ਦਰ ਤੋਂ 96.8 ਫ਼ੀਸਦ ਸਾਖਰਤਾ ਹਾਸਲ ਕਰ ਲਈ ਹੈ। 1999 ਵਿਚ ਚੀਨ ਅਤੇ ਭਾਰਤ ਵਲੋਂ ਆਪੋ-ਆਪਣੀ ਜੀਡੀਪੀ ਦਾ 0.7 ਫ਼ੀਸਦ ਹਿੱਸਾ ਖੋਜ ਅਤੇ ਵਿਕਾਸ ਉਪਰ ਖਰਚ ਕੀਤਾ ਜਾਂਦਾ ਸੀ। ਅੱਜ ਚੀਨ 2.4 ਫ਼ੀਸਦ ਹਿੱਸਾ ਖਰਚ ਕਰਦਾ ਹੈ ਜਦਕਿ ਭਾਰਤ ਦਾ ਖਰਚ ਘਟ ਕੇ 0.6 ਫ਼ੀਸਦ 'ਤੇ ਆ ਗਿਆ ਹੈ।

ਇੱਥੇ ਹੀ ਇਕ ਅਹਿਮ ਵਖਰੇਵੇਂ ਦੀ ਗੱਲ ਆਉਂਦੀ ਹੈ। ਭਾਰਤ ਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਇਸ ਦੀ ਕੌਮੀ ਤਰੱਕੀ ਲੋਕਰਾਜੀ ਢੰਗਾਂ ਜ਼ਰੀਏ ਹੋਈ ਹੈ। ਇਹ ਚੀਨ ਨਾਲੋਂ ਬਿਲਕੁੱਲ ਵੱਖਰੀ ਹੈ ਜਿੱਥੇ ਪਿਛਲੇ 70 ਸਾਲਾਂ ਤੋਂ ਸੱਤਾਵਾਦੀ ਸਰਕਾਰ ਚੱਲ ਰਹੀ ਹੈ ਅਤੇ ਜੋ ਅਕਾਲ ਜਾਂ ਹਿੰਸਾ ਦੇ ਰੂਪ ਵਿਚ ਕਰੋੜਾਂ ਲੋਕਾਂ ਦੀਆਂ ਮੌਤਾਂ ਦੀ ਜ਼ਿੰਮੇਵਾਰ ਹੈ।

ਅਸੀਂ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ ਪਰ ਅੱਗੇ ਵਧਣ ਲਈ ਸਾਨੂੰ ਜਾਤ, ਧਰਮ ਤੇ ਲਿੰਗ ਪ੍ਰਤੀ ਸਾਡੇ ਰਵੱਈਏ ਨਾਲ ਜੁੜੀਆਂ ਸਾਡੀਆਂ ਦੀਰਘ ਸਮੱਸਿਆਵਾਂ ਨੂੰ ਸੁਲਝਾਉਣ ਦਾ ਅਹਿਦ ਕਰਨਾ ਪਵੇਗਾ। ਜੇ ਅਸੀਂ ਇਨ੍ਹਾਂ ਦੇ ਆਧਾਰ 'ਤੇ ਤਫ਼ਰਕੇ ਅਤੇ ਵੰਡੀਆਂ ਪੈਦਾ ਕਰਨ ਦੀ ਬਜਾਇ ਇਨ੍ਹਾਂ ਦੀ ਊਰਜਾ ਦਾ ਇਸਤੇਮਾਲ ਕਰੀਏ ਤਾਂ ਮਹਾਨ ਰਾਸ਼ਟਰ ਬਣਨ ਲਈ ਸਾਡੇ ਡੀਐੱਨਏ ਵਿਚ ਭੂਗੋਲ, ਹੁਨਰਮੰਦ ਅਵਾਮ, ਵਸੀਲੇ ਆਦਿ ਸਭ ਕੁਝ ਮੌਜੂਦ ਹੈ।

***ਵਿਸ਼ੇਸ਼ ਫੈਲੋ, ਅਬਜ਼ਰਵਰ ਰਿਸਰਚ ਫਾਊਂਡੇਸ਼ਨ।**

# ਰੂਹ ਦੀ ਜੂਹ

**ਪ੍ਰਿੰਸੀਪਲ ਗੁਰਦੀਪ ਸਿੰਘ ਢੁੱਡੀ**

2 ਦਸਬੰਰ 1976 ਨੂੰ ਮੈਨੂੰ ਅਧਿਆਪਕ ਦੀ ਨੌਕਰੀ ਵਾਸਤੇ ਇੰਟਰਵਿਊ ਕਾਰਡ ਆਇਆ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਰੁਜ਼ਗਾਰ ਦਫ਼ਤਰਾਂ ਰਾਹੀਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਂਦਾ ਸੀ। ਆਰਜ਼ੀ ਤੌਰ 'ਤੇ ਅਧਿਆਪਕ ਦੀ ਨਿਯੁਕਤੀ ਦੇ ਅਧਿਕਾਰ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਕੋਲ ਹੁੰਦੇ ਸਨ। ਮੇਰੇ ਇੰਟਰਵਿਊ ਕਾਰਡ ਵਿਚ ਵੀ ਮੈਨੂੰ ਹਾਈ ਸਕੂਲ ਦੇ ਮੁੱਖ ਅਧਿਆਪਕ ਦੇ ਦਫ਼ਤਰ ਵਿਚ 10 ਵਜੇ ਪਹੁੰਚਣ ਦੀ ਤਾਕੀਦ ਕੀਤੀ ਹੋਈ ਸੀ। ਦਸੰਬਰ ਮਹੀਨੇ ਦੀ ਸਵੇਰ ਵੇਲੇ ਹਨੇਰੇ ਹੀ ਮੇਰਾ ਦੋਸਤ ਰੂੜਾ (ਮਰਹੂਮ ਰੂੜ ਸਿੰਘ) ਸਾਈਕਲ 'ਤੇ ਮੈਨੂੰ ਕਲੇਰ ਪਿੰਡ ਛੱਡਣ ਆਇਆ ਸੀ। ਰਸਤੇ ਦੇ ਤਕਰੀਬਨ ਅੱਧ ਵਿਚਕਾਰੋਂ ਕੱਸੀ ਲੰਘਦੀ ਸੀ। ਇਹ ਰਾਹ ਤੋਂ ਵਾਹਵਾ ਉੱਚੀ ਸੀ। ਇਹ ਲੰਘ ਕੇ ਪਿਛਲੇ ਪਾਸੇ ਪਿੰਡ ਦਿਸਣੋਂ ਹਟ ਜਾਂਦਾ ਸੀ।

"ਰੋਕੀਂ ਯਾਰ ਸਾਈਕਲ।" ਮੈਂ ਆਪਣੇ ਦੋਸਤ ਨੂੰ ਆਖਿਆ ਤੇ ਪਿੱਛੇ ਪਿੰਡ ਵੱਲ ਝਾਕਣ ਲੱਗ ਪਿਆ। ਮੈਨੂੰ ਪ੍ਰਿੰਸੀਪਲ ਤੇਜਾ ਸਿੰਘ ਦਾ 'ਘਰ ਦਾ ਪਿਆਰ' ਲੇਖ ਯਾਦ ਆ ਰਿਹਾ ਸੀ ਅਤੇ ਮੈਂ ਉਸੇ ਤਰ੍ਹਾਂ ਵਾਹਵਾ ਚਿਰ ਆਪਣੇ ਪਿੰਡ ਨੂੰ ਨਿਹਾਰਦਾ ਰਿਹਾ ਸਾਂ। ਰੂੜਾ ਮੇਰੀ ਇਸ 'ਬਚਗਾਨਾ ਹਰਕਤ' 'ਤੇ ਹੱਸ ਰਿਹਾ ਸੀ। ਮੈਂ ਤਾਂ ਹਾਲਾਂਕਿ ਨੌਕਰੀ 'ਤੇ ਜਾਣਾ ਸੀ ਅਤੇ ਇਸ ਨੌਕਰੀ ਸਦਕਾ ਮੇਰਾ ਸਮਾਜਿਕ ਅਤੇ ਆਰਥਿਕ ਤੌਰ 'ਤੇ ਕੁੱਝ ਚੰਗੇਰਾ ਹਾਲ ਹੋਣਾ ਸੀ; ਫਿਰ ਵੀ ਮੈਨੂੰ ਡੋਬ



ਜਿਹੇ ਪੈਣ ਵਾਲਿਆਂ ਵਾਂਗ ਹੋ ਰਿਹਾ ਸੀ।

ਵੀਰਵਾਰ ਦਾ ਦਿਨ ਸੀ, ਗਿੱਦੜਬਾਹਾ ਦੇ ਹਾਈ ਸਕੂਲ ਵਿਚ ਮੈਂ ਅਧਿਆਪਕ ਲੱਗ ਗਿਆ ਸਾਂ ਅਤੇ ਦੋ ਰਾਤਾਂ ਦੇ ਉੱਥੇ ਠਹਿਰਾਓ ਤੋਂ ਬਾਅਦ ਸ਼ਨਿੱਚਰਵਾਰ ਸਾਰੀ ਛੁੱਟੀ ਤੋਂ ਬਾਅਦ ਬੜੇ ਉਦਰੇਵੇਂ ਵਾਲੇ ਮਨ ਨਾਲ ਪਿੰਡ ਵਾਪਸ ਆ ਰਿਹਾ ਸਾਂ। ਠੰਢੀ ਅਤੇ ਹਨੇਰੀ ਰਾਤ ਵਿਚ ਵੀ ਮੈਨੂੰ ਪਿੰਡ ਪਹੁੰਚਣ ਦਾ ਚਾਅ ਭਜਾ ਰਿਹਾ ਸੀ। ਕੇਵਲ ਤੀਸਰੇ ਦਿਨ ਰਾਤ ਨੂੰ ਘਰ ਪਹੁੰਚ ਕੇ ਮੈਨੂੰ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਮੈਂ ਬੜਾ ਵੱਡਾ ਬਨਵਾਸ ਕੱਟ ਕੇ ਵਾਪਸ ਆਇਆ ਹੋਵਾਂ। ਮੈਨੂੰ ਯਾਦ ਹੈ, ਗਿੱਦੜਬਾਹਾ ਦੋਵੇਂ ਰਾਤਾਂ ਨੂੰ ਮੈਂ ਸ਼ਿਵ ਕੁਮਾਰ ਬਟਾਲਵੀ ਦੀ 'ਬਨਵਾਸੀ' ਕਵਿਤਾ ਨੂੰ ਮੁੜ ਮੁੜ ਯਾਦ ਕਰਦਾ ਰਿਹਾ ਸਾਂ।

ਇਸ ਤਰ੍ਹਾਂ ਥੋੜ੍ਹਾ ਬਹੁਤਾ ਸਮਾਂ ਮੈਂ ਆਪਣੀ ਅਧਿਆਪਕ ਦੀ ਨੌਕਰੀ ਕਰਦਾ ਹੋਇਆ ਪਿੰਡੋਂ ਬਾਹਰ ਰਹਿੰਦਾ ਰਿਹਾ। ਇਕ ਵਾਰੀ ਤਾਂ ਪਿੰਡ ਦੇ ਨੇੜੇ ਬਦਲੀ ਕਰਵਾਉਣ ਦੇ ਲਾਲਚ ਵਿਚ ਹਫ਼ਤਾ ਭਰ ਸਕੂਲ ਹੀ ਨਹੀਂ ਗਿਆ ਸਾਂ ਜਿਸ ਦਾ ਬਾਅਦ ਵਿਚ ਮੈਨੂੰ ਖ਼ਮਿਆਜ਼ਾ ਭੁਗਤਣਾ ਪਿਆ ਸੀ। ਹਾਲਾਤ ਕੁਝ ਇਸ ਤਰ੍ਹਾਂ ਦੇ ਬਣੇ ਕਿ ਇਕ ਜਾਂ ਦੂਸਰੇ ਬਹਾਨੇ ਕਰਕੇ ਮੈਂ ਪਿੰਡ ਦੇ ਨੇੜੇ ਆਉਣ ਦੇ ਬਾਵਜੂਦ ਆਪਣੀ ਰਹਾਇਸ਼ ਫ਼ਰੀਦਕੋਟ ਹੀ ਰੱਖ ਲਈ। ਪਿੰਡ ਵਿਚ ਪਿੱਛੇ ਕੋਈ ਵੀ ਪਰਿਵਾਰਕ ਜੀਅ ਨਾ ਹੋਣ ਕਰਕੇ ਪਿੰਡ ਜਾਣਾ ਘੱਟ ਹੁੰਦਾ ਗਿਆ ਅਤੇ ਫਿਰ ਜਦੋਂ ਬਚਪਨ ਦੇ ਦੋਵੇਂ ਦੋਸਤ ਦੁਰਘਟਨਾ ਵਿਚ ਸਾਥ ਛੱਡ ਗਏ ਤਾਂ ਮੈਨੂੰ ਲੱਗਿਆ, ਪਿੰਡ ਵਿਚੋਂ ਮੇਰੀ ਜਿਵੇਂ ਰੂਹ ਨਿੱਕਲ ਗਈ ਹੋਵੇ। ਕਦੇ ਕਦਾਈ ਕਿਸੇ ਪਰਿਵਾਰਕ ਰੁਝੇਵੇਂ ਕਰਕੇ ਪਿੰਡ ਜਾਂਦਾ ਹਾਂ ਤਾਂ ਦੋ ਥਾਵਾਂ 'ਤੇ ਜ਼ਰੂਰ ਜਾਂਦਾ ਹਾਂ। ਪਿੰਡ ਦਾ ਸਕੂਲ ਅਤੇ ਪਿੰਡ ਦਾ ਛੱਪੜ; ਹਾਲਾਂਕਿ ਸਕੂਲ ਦੀ ਸਾਰੀ ਇਮਾਰਤ ਬਦਲ ਗਈ ਹੈ ਅਤੇ ਛੱਪੜ ਵੀ ਹੁਣ ਤਾਰੀਆਂ ਲਾ ਕੇ ਨਹਾਉਣ ਵਾਲਾ ਨਹੀਂ ਰਿਹਾ ਹੈ। ਜਦੋਂ ਪਿੰਡ ਵਿਚ ਇਕ ਕਲੱਬ ਵੱਲੋਂ ਕਰਵਾਏ ਗਏ ਖੇਡ ਮੁਕਾਬਲਿਆਂ ਦੇ ਅਖੀਰਲੇ ਦਿਨ ਕੀਤੇ ਜਾਣ ਵਾਲੇ ਸਮਾਗਮ ਵਿਚ ਮੈਨੂੰ ਸਨਮਾਨਿਤ ਕੀਤੇ ਜਾਣ ਵਾਸਤੇ ਸੱਦਿਆ ਗਿਆ ਸੀ ਤਾਂ ਮੇਰੇ ਅੰਦਰ ਵਿਸ਼ੇਸ਼ ਤਰ੍ਹਾਂ ਦਾ ਉਮਾਹ ਸੀ। ਇਹ ਸਮਾਗਮ ਪਿੰਡ ਦੇ ਸਕੂਲ ਵਿਚ ਹੀ ਸੀ। ਉਸ ਦਿਨ ਬੁਖ਼ਾਰ ਹੋਣ ਦੇ ਬਾਵਜੂਦ 'ਜੋਗੜੇ ਤੋਂ ਸਿੱਧ' ਬਣਨ ਦੀ ਚਾਹਤ ਨਾਲ ਸਮਾਗਮ ਵਿਚ ਗਿਆ ਸਾਂ। ਦਸਵੀਂ ਤੱਕ ਦੇ ਆਪਣੇ ਜਮਾਤੀ ਰਹੇ ਜਸਵੀਰ ਨਾਲ ਸਕੂਲ ਦੇ ਕਮਰਿਆਂ ਅਤੇ ਥਾਵਾਂ ਨੂੰ ਨਿਹਾਰਦਾ ਰਿਹਾ ਸਾਂ। ਬੜਾ ਕੁਝ ਸਕੂਲ ਵੇਲੇ ਦਾ ਦੋਹਾਂ ਨੇ ਯਾਦ ਕੀਤਾ ਸੀ। ਆਪਣੇ ਬਹੁਤ ਸਾਰੇ ਸਾਥੀਆਂ ਦੇ ਨਾਂ ਲੈ ਲੈ ਕੇ ਬੜੀਆਂ ਯਾਦਾਂ ਤਾਜ਼ਾ ਕੀਤੀਆਂ ਪਰ ਹੁਣ ਸਿਵਾਇ ਸਾਡੀਆਂ ਯਾਦਾਂ ਦੇ ਇੱਥੇ ਹੋਰ ਕੁਝ ਵੀ ਨਹੀਂ ਸੀ। ਨਵੇਂ ਬਣੇ ਕਮਰੇ ਤਾਂ ਸਾਨੂੰ ਸਿਆਣ ਹੀ ਨਹੀਂ ਰਹੇ ਸਨ, ਫਿਰ ਸਾਨੂੰ ਆਵਾਜ਼ ਮਾਰ ਕੇ ਕਿਸ ਨੇ ਬੁਲਾਉਣਾ ਸੀ?

ਪਿੰਡ ਵਾਲਿਆਂ ਦੇ ਰੱਖੇ ਹੋਏ ਸਮਾਗਮ ਵਿਚ ਸਨਮਾਨਿਤ ਕਰਨ ਦੀ ਰਸਮ ਮਹਿਜ਼ ਮੋਮੈਂਟੋ ਤੋਂ ਅੱਗੇ ਜਦੋਂ ਕੁਝ ਵੀ ਮਹਿਸੂਸ ਨਾ ਹੋਈ ਤਾਂ ਮਨ ਵਿਚ ਬਚਪਨ ਵਾਲਾ ਉਹ ਸਾਰਾ ਕੁਝ ਯਾਦ ਆ ਗਿਆ ਜਦੋਂ ਪਿੰਡ ਵਿਚ ਮੈਂ ਅਣਗੌਲੇ ਪਰਿਵਾਰਾਂ ਵਿਚ ਹੋਇਆ ਕਰਦਾ ਸਾਂ ਅਤੇ ਇਸ ਦਿਨ ਵੀ ਕੁਝ ਅਜਿਹਾ ਵਿਹਾਰ ਹੀ ਸੀ। ਮਨ ਵਿਚ ਇਹ ਸੋਚ ਵਾਰ ਵਾਰ ਉਭਰ ਰਹੀ ਸੀ ਕਿ ਜਿਸ ਪਿੰਡ ਵਿਚ ਮੇਰੀ ਰੂਹ ਸੀ ਅਤੇ ਜਿਸ ਦੀ ਜੂਹ ਲੰਘ ਕੇ ਜਾਣਾ ਵੀ ਮੈਨੂੰ ਬਹੁਤ ਔਖਾ ਲੱਗਦਾ ਸੀ, ਉਸ ਵਿਚ ਤਾਂ ਮੈਂ ਉਵੇਂ ਹੀ ਅਣਗੌਲਿਆ ਸਾਂ; ਸ਼ਾਇਦ ਇਸੇ ਕਰਕੇ ਹੀ ਤਾਂ ਮੇਰਾ ਪਿੰਡ ਮੇਰੇ ਵਿਚੋਂ ਗਿਆ ਨਹੀਂ ਹੈ। ਸਮਾਜਿਕ ਅਤੇ ਆਰਥਿਕ ਤੌਰ 'ਤੇ ਅੱਗੇ ਲੰਘ ਜਾਣ ਦੇ ਬਾਵਜੂਦ ਪਿੰਡ ਵਾਸਤੇ ਮੈਂ 'ਉਹੋ' ਹੀ ਹਾਂ। ਮੈਨੂੰ ਮੇਰੀ ਹੋਂਦ ਨੂੰ ਮੁੜ ਮੁੜ ਯਾਦ ਕਰਨਾ ਕੋਈ ਬਹੁਤਾ ਗਲਤ ਨਹੀਂ ਜਾਪਦਾ ਹੈ। ਇਸੇ ਕਰਕੇ ਹੀ ਤਾਂ ਮੇਰਾ ਪਿੰਡ ਮੇਰੇ ਵਾਸਤੇ ਓਪਰਾ ਨਹੀਂ ਬਣਿਆ ਹੈ।

**ਸੰਪਰਕ:** 95010-20731

## ਪਾਠਕਾਂ ਦੇ ਖ਼ਤ

### ਜ਼ੁਲਮ ਦੀ ਹਮਾਇਤ ਕਿਉਂ

26 ਅਗਸਤ ਨੂੰ ਬਿਲਕੀਸ ਬਾਨੋ ਦੇ ਕੇਸ ਬਾਰੇ ਸੰਪਾਦਕੀ ਦੀ ਇਹ ਸਤਰ 'ਸਮਾਜ ਵਿਚੋਂ ਲੋੜ ਅਨੁਸਾਰ (ਪੱਖਪਾਤ ਵਿਰੁੱਧ) ਆਵਾਜ਼ ਨਾ ਉੱਠਣ ਦਾ ਮੁੱਦਾ ਘੱਟ ਗੰਭੀਰ ਨਹੀਂ ਹੈ' ਪੜ੍ਹ ਕੇ ਢਾਡੀ ਸੋਹਣ ਸਿੰਘ ਸੀਤਲ ਮੂੰਹੋਂ ਸੁਣਿਆ ਇਤਿਹਾਸਕ ਬਿਰਤਾਂਤ ਯਾਦ ਆ ਗਿਆ। ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਵਜੀਦ ਖਾਨ ਨੂੰ ਮਾਰਨ ਮਗਰੋਂ ਜਦ ਸਿੱਖ ਸੈਨਿਕ ਸਰਹਿੰਦ ਸ਼ਹਿਰ 'ਚ ਵੜ ਕੇ ਆਮ ਵਸਨੀਕਾਂ ਦੀ ਵੀ ਮਾਰ-ਵੱਢ ਕਰਨ ਲੱਗੇ ਤਾਂ ਸਰਹਿੰਦ ਵਾਸੀਆਂ ਨੇ ਮੁਖੀ ਸਿੱਖਾਂ ਪਾਸ ਸ਼ਿਕਾਇਤ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੇ ਕੁਝ ਸਾਥੀ ਰੋਹ ਵਿਚ ਆ ਕੇ ਕਹਿਣ ਲੱਗੇ ਕਿ ਜਿਸ ਸ਼ਹਿਰ ਦੇ ਵਸਨੀਕ ਆਪਣੀਆਂ ਅੱਖਾਂ ਸਾਹਮਣੇ ਮਾਸੂਮ ਨਿਰਦੋਸ਼ ਬੱਚਿਆਂ ਨਾਲ ਘੋਰ ਜ਼ੁਲਮ ਹੁੰਦਾ ਦੇਖ ਕੇ ਵੀ ਖਾਮੋਸ਼ ਰਹੇ ਹੋਣ, ਉਹ ਵੀ ਸਜ਼ਾ ਦੇ ਬਰਾਬਰ ਹੱਕਦਾਰ ਹੁੰਦੇ ਹਨ। ਇਸ ਮਿਸਾਲ ਦਾ ਕੋਈ ਇਤਿਹਾਸਕ ਸ੍ਰੋਤ ਭਾਵੇਂ ਨਾ ਵੀ ਮਿਲੇ ਪਰ ਅਕਬਰ ਇਲਾਹਾਬਾਦੀ ਦਾ ਇਹ ਸ਼ਿਅਰ ਜ਼ੁਲਮ ਹੁੰਦਾ ਦੇਖ ਕੇ ਚੁੱਪ ਰਹਿਣਿਆਂ ਲਈ ਸਜ਼ਾ ਜ਼ਰੂਰ ਚਾਹੁੰਦਾ ਹੈ: ਖਾਮੋਸ਼ੀ ਜੁਰਮ ਹੈ ਜਬ ਮੂੰਹ ਮੇਂ ਜ਼ੁਬਾਂ ਹੋ 'ਅਕਬਰ'/ਚੁੱਪ ਰਹਨਾ ਭੀ ਤੋ ਜ਼ਾਲਮ ਕੀ ਹਮਾਇਤ ਕਰਨਾ।

**ਤਰਲੋਚਨ ਸਿੰਘ ਦੁਪਾਲਪੁਰ**, ਕੈਲੀਫੋਰਨੀਆ (ਅਮਰੀਕਾ)

(2)

ਬਿਲਕੀਸ ਬਾਨੋ ਕੇਸ ਦੇ ਮੁਲਜ਼ਮਾਂ ਦੀ ਬਾਕੀ ਕੈਦ ਖ਼ਤਮ ਕਰਕੇ ਉਨ੍ਹਾਂ ਦੀ ਰਿਹਾਈ ਦੀਆਂ ਖ਼ਬਰਾਂ ਮੀਡੀਆ ਵਿਚ ਛਪ ਰਹੀਆਂ ਹਨ। ਕੀ ਸਰਕਾਰਾਂ ਨੂੰ ਅਜਿਹੀਆਂ ਸ਼ਕਤੀਆਂ ਸੰਵਿਧਾਨ ਅਨੁਸਾਰ ਹਨ? ਸਾਡੇ ਦੇਸ਼ ਵਿਚ ਘਿਨਾਉਣੇ ਜੁਰਮਾਂ ਵਾਲਿਆਂ ਨੂੰ ਸਿਆਸੀ ਪੁਸ਼ਤਪਨਾਹੀ ਕਰਕੇ ਸਖ਼ਤ ਸਜ਼ਾਵਾਂ ਹੀ ਮੁਆਫ਼ ਨਹੀਂ ਕੀਤੀਆਂ ਸਗੋਂ ਉਨ੍ਹਾਂ ਦੀ ਹੀਰੋ ਵਾਂਗ ਆਓ-ਭਗਤ ਕਰਕੇ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾਂਦਾ ਹੈ। ਸਰਕਾਰਾਂ ਦੀ ਨਿਆਂ ਪ੍ਰਣਾਲੀ ਦੇ ਫ਼ੈਸਲਿਆਂ ਵਿਚ ਦਖ਼ਲਅੰਦਾਜ਼ੀ ਦੇ ਰਾਹ ਬੰਦ ਹੋਣੇ ਚਾਹੀਦੇ ਹਨ। ਸੁਪਰੀਮ ਕੋਰਟ ਵੱਲੋਂ ਅਜਿਹੇ ਫ਼ੈਸਲੇ ਕਰਨ ਵਾਲਿਆਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

**ਇੰਜ. ਹਰਭਜਨ ਸਿੰਘ ਸਿੱਧੂ**, ਬਠਿੰਡਾ

(3)

26 ਅਗਸਤ ਦੇ ਸੰਪਾਦਕੀ 'ਪਤਨ ਦੀ ਨਿਸ਼ਾਨੀ' ਅਤੇ 'ਬਿਲਕੀਸ ਬਾਨੋ ਕੇਸ' ਵਿਚ ਦੇਸ਼ ਵਿਚ ਕੇਂਦਰ ਸਰਕਾਰ ਅਤੇ ਨਿਆਂ ਪ੍ਰਣਾਲੀ (ਸੁਪਰੀਮ ਕੋਰਟ) ਵਿਚ ਵਧ ਰਹੇ ਵਖਰੇਵੇਂ ਬਾਰੇ ਚਰਚਾ ਹੈ। ਲੋਕਾਂ ਨੂੰ ਨਿਆਂ ਪ੍ਰਣਾਲੀ 'ਤੇ ਭਰੋਸਾ ਤਾਂ ਹੈ ਪਰ ਕੇਂਦਰ ਸਰਕਾਰ ਬਾਰੇ ਸੁਪਰੀਮ ਕੋਰਟ ਦੀਆਂ ਕੁਝ ਟਿੱਪਣੀਆਂ ਜ਼ਰੂਰ ਚਿੰਤਾ ਪੈਦਾ ਕਰਦੀਆਂ ਹਨ। ਇਨ੍ਹਾਂ ਦੋਹਾਂ ਮਸਲਿਆਂ ਵਿਚ ਕੇਂਦਰ ਸਰਕਾਰ ਆਪਣੇ ਆਪ ਨੂੰ ਸਰਬ ਉੱਚ ਸਾਬਤ ਕਰਦੀ ਪ੍ਰਤੀਤ ਹੁੰਦੀ ਹੈ। ਸੰਵਿਧਾਨ ਨੇ ਸੁਪਰੀਮ ਕੋਰਟ ਨੂੰ ਜੋ ਤਾਕਤਾਂ ਦਿੱਤੀਆਂ ਹਨ, ਉਨ੍ਹਾਂ ਨੂੰ ਘਟਾਉਣਾ ਜਾਂ ਅੱਖੋਂ-ਪਰੋਖੇ ਕਰਨਾ ਚੰਗਾ ਵਰਤਾਰਾ ਨਹੀਂ। 25 ਅਗਸਤ ਦਾ ਸੰਪਾਦਕੀ 'ਤਫ਼ਤੀਸ਼ ਦੇ ਕਾਰਗਰ ਢੰਗ' ਮੌਜੂਦਾ ਅਦਾਲਤੀ ਅਤੇ ਪੁਲੀਸ ਤੰਤਰ 'ਤੇ ਚੋਟ ਕਰਦਾ ਹੈ।

**ਜਗਦੇਵ ਸਿੰਘ ਝੱਲੀ**, ਪਿੰਡ ਚੌਕੀਮਾਨ (ਲੁਧਿਆਣਾ)

### ਨਾਵਲ ਦਾ ਭੁਲੇਖਾ

ਸੁਖਦੇਵ ਸਿੰਘ ਮਾਨ ਦਾ ਮਿਡਲ 'ਦਰਿਆਦਿਲੀ' (24 ਅਗਸਤ) ਪੜ੍ਹਦਿਆਂ ਕਿਸੇ ਨਾਵਲ ਦਾ ਭੁਲੇਖਾ ਪੈਂਦਾ ਹੈ। ਲਿਖਾਰੀ ਦੀ ਬਿਰਤਾਂਤ ਸ਼ੈਲੀ ਸਲਾਹੁਣਯੋਗ ਹੈ। ਅੱਜਕੱਲ੍ਹ ਕੁਝ ਕੁ ਪੈਸਿਆਂ ਪਿੱਛੇ ਹੁੰਦੇ ਕਤਲ ਦੀਆਂ ਖ਼ਬਰਾਂ ਪੜ੍ਹਦੇ ਹਾਂ, ਪਹਿਲਾਂ ਰਿਸ਼ਤੇ ਪੈਸੇ ਤੋਂ ਜ਼ਿਆਦਾ ਤਵੱਜੋ ਰੱਖਦੇ ਸੀ।

**ਅਮਨਦੀਪ ਕੌਰ**, ਬਠਿੰਡਾ

(2)

ਸੁਖਦੇਵ ਸਿੰਘ ਮਾਨ ਦਾ ਲੇਖ 'ਦਰਿਆਦਿਲੀ' ਵਾਕਿਆ ਹੀ 'ਦਿਲ ਦਰਿਆ ਸਮੁੰਦਰੋਂ ਡੂੰਘੇ' ਅਰਥ ਦੀ ਤਰਜਮਾਨੀ ਕਰਦਾ ਹੈ। 70 ਵਰ੍ਹਿਆਂ ਤੋਂ ਪਹਿਲਾਂ ਵਾਲੇ ਬਾਬੇ ਭਾਈਚਾਰਕ ਸਾਂਝ ਦੇ ਮੁੱਦਈ ਸਨ। ਹੁਣ ਅਸੀਂ ਉਨ੍ਹਾਂ ਸਾਂਝਾਂ ਨੂੰ ਭੁੱਲ ਕੇ ਖ਼ੁਦਗਰਜ਼ ਬਣ ਗਏ ਹਾਂ ਤੇ ਉਹ ਕਦਰਾਂ-ਕੀਮਤਾਂ ਵਿਸਾਰ ਕੇ, ਸਿਰਫ਼ ਆਪਣੇ ਨਿੱਜੀ ਸੋਚ ਦੇ ਸ਼ਿਕਾਰ ਹੋ ਗਏ ਹਾਂ।

**ਭਰਪੂਰ ਸਿੰਘ**, ਬਠਿੰਡਾ

### ਗੈਂਗਸਟਰਾਂ ਦੀ ਕਹਾਣੀ

ਜੋਧ ਸਿੰਘ ਮੋਗਾ ਦੀ ਰਚਨਾ 'ਬੀਬੇ ਗੈਂਗਸਟਰ' (18 ਅਗਸਤ) ਬੜਾ ਕੁਝ ਬਿਆਨ ਕਰਦੀ ਹੈ। ਲੇਖਕ ਨੇ ਠੀਕ ਲਿਖਿਆ ਹੈ ਕਿ ਗੈਂਗਸਟਰ ਪਹਿਲਾਂ ਵੀ ਹੁੰਦੇ ਸਨ ਪਰ ਉਹ ਹੁਣ ਵਾਲਿਆਂ ਵਾਂਗੂੰ ਨਸ਼ੇ-ਪੱਤੇ ਨਹੀਂ ਸਨ ਕਰਦੇ ਤੇ ਨਾ ਹੀ ਰਾਈਫ਼ਲਾਂ, ਗੰਡਾਸੇ, ਕਿਰਪਾਨਾਂ ਅਤੇ ਨਾ ਹੀ ਲੰਡੀਆਂ ਜੀਪਾਂ ਰੱਖਦੇ ਸਨ, ਉਹ ਤਾਂ ਦੁੱਧ, ਘਿਓ/ਚੰਗੀਆਂ ਖ਼ੁਰਾਕਾਂ ਖਾਂਦੇ ਪੀਂਦੇ ਅਤੇ ਸਿਹਤ ਬਣਾਉਣ ਵੱਲ ਉਚੇਚਾ ਧਿਆਨ ਦਿੰਦੇ ਸਨ। 10 ਅਗਸਤ ਦੇ ਨਜ਼ਰੀਆ ਪੰਨੇ 'ਤੇ ਵਿਜੈ ਕੁਮਾਰ ਦੀ ਰਚਨਾ 'ਫ਼ੀਸ ਵਾਲੇ ਪੈਸੇ' ਜਿਉਂ ਜਿਉਂ ਪੜ੍ਹਦਾ ਗਿਆ, ਰਚਨਾ ਧੁਰ ਅੰਦਰ ਤਕ ਲਹਿੰਦੀ ਗਈ। ਰਚਨਾ ਬੜਾ ਕੁਝ ਕਹਿ ਰਹੀ ਹੈ।

**ਅਮਰਜੀਤ ਮੱਟੂ**, ਭਰੂਰ (ਸੰਗਰੂਰ)

### ਦੁੱਖ ਦਰਦ

22 ਅਗਸਤ ਦੇ ਮਿਡਲ 'ਮੈਥੋਂ ਬਸ ਇਹੀ ਹੋ ਸਕਣਾ ਸੀ' ਵਿਚ ਜਗਦੀਪ ਸਿੱਧੂ ਨੇ ਮੌਤ ਦੇ ਸਮਾਗਮਾਂ ਵਿਚ ਸ਼ਾਮਿਲ ਹੋਣ ਤੋਂ ਬਾਅਦ ਮਹਿਸੂਸ ਕੀਤੇ ਦੁੱਖ ਦਰਦ ਦੀ ਗੱਲ ਸਾਂਝੀ ਕੀਤੀ ਹੈ। ਕਿਸੇ ਦੀ ਮੌਤ ਦਾ ਦੁੱਖ ਦੂਸਰੇ ਨੂੰ ਕਿੰਨਾ ਹੁੰਦਾ, ਇਹ ਇਸ 'ਤੇ ਨਿਰਭਰ ਹੈ ਕਿ ਮਰਨ ਵਾਲੇ ਦੀ ਉਮਰ ਕਿੰਨੀ ਸੀ, ਉਸ ਦਾ ਰਿਸ਼ਤਾ ਕੀ ਸੀ, ਕਿੰਨਾ ਨਜ਼ਦੀਕੀ ਸੀ। ਅੱਜਕੱਲ੍ਹ ਮੈਂ ਵੀ ਦਰਦ ਦੇ ਇਸ ਸਮੁੰਦਰ 'ਚੋਂ ਗੁਜ਼ਰ ਰਿਹਾ ਹਾਂ।

**ਅਮਰਜੀਤ ਸਿੰਘ ਜੰਜੂਆ**, ਈਮੇਲ

(2)

ਜਗਦੀਪ ਸਿੱਧੂ ਦਾ ਮਿਡਲ 'ਮੈਥੋਂ ਬਸ ਇਹੀ ਹੋ ਸਕਣਾ ਸੀ' ਉਨ੍ਹਾਂ ਲੋਕਾਂ ਦੀ ਕਹਾਣੀ ਬਿਆਨ ਕਰਦਾ ਹੈ ਜੋ ਬੇਵਕਤ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਮਨੁੱਖ ਇਸ ਧਰਤੀ 'ਤੇ ਮੁਸਾਫ਼ਿਰ ਵਾਂਗ ਹੈ ਜੋ ਆਪਣਾ ਸਫ਼ਰ ਪੂਰਾ ਹੋਣ 'ਤੇ ਚਲਿਆ ਜਾਂਦਾ ਹੈ ਪਰ ਕਈ ਮੁਸਾਫ਼ਿਰ ਅਜਿਹੇ ਹਨ ਜੋ ਆਪਣਾ ਸਫ਼ਰ ਅਧੂਰਾ ਛੱਡ ਕੇ ਚਲੇ ਜਾਂਦੇ ਹਨ।

**ਕਮਲਜੀਤ ਕੌਰ**, ਗੁੰਮਟੀ (ਬਰਨਾਲਾ)

### ਬਾਤ ਦੀ ਬਾਤ

17 ਅਗਸਤ ਦੇ ਨਜ਼ਰੀਆ ਪੰਨੇ ਉੱਤੇ ਬਲਵਿੰਦਰ ਸਿੰਘ ਭੁੱਲਰ ਦੀ ਰਚਨਾ 'ਇਕ ਸੀ ਬਾਤ' ਨੇ ਬੀਤਿਆ ਬਚਪਨ ਮੁੜ ਅੱਖਾਂ ਸਾਹਮਣੇ ਲੈ ਆਂਦਾ। ਬਚਪਨ ਵਿਚ ਜਲਦੀ ਰਾਤ ਹੋਣ ਦੀ ਆਸ ਕਰਦੇ ਸੀ ਤਾਂ ਕਿ ਦਾਦਾ ਦਾਦੀ ਤੋਂ ਕੋਈ ਨਵੀਂ ਬਾਤ ਸੁਣੀਏ। ਅਜਿਹੀਆਂ ਬਾਤਾਂ ਵੱਖਰੀ ਕਿਸਮ ਦੀ ਖੁਸ਼ੀ ਦਿੰਦੀਆਂ ਸਨ ਜਿਨ੍ਹਾਂ ਤੋਂ ਅੱਜ ਕੱਲ੍ਹ ਦੀ ਪੀੜ੍ਹੀ ਵਾਂਝੀ ਰਹਿ ਗਈ ਹੈ।

**ਜਸਦੀਪ ਸਿੰਘ ਢਿੱਲੋਂ**, ਫਰੀਦਕੋਟ

### ਸਿਆਸੀ ਲਾਹਾ

ਜਾਨ ਗੁਆ ਚੁੱਕੇ ਨੌਜਵਾਨ ਦੇ ਮਾਪਿਆਂ ਨਾਲ ਦੁੱਖ ਸਾਂਝਾ ਕਰਨਾ ਮਾਨਵੀ ਹੋਣਾ ਹੈ ਲੇਕਿਨ ਇਸ ਦਾ ਸਿਆਸੀ ਲਾਹਾ ਲੈਣਾ ਅਮਾਨਵੀ ਹੈ। ਚਾਰ ਵਿਚੋਂ ਦੋ ਅੰਗ-ਰੱਖਿਅਕਾਂ ਦੀ ਵਾਪਸੀ ਲਈ 'ਆਪ' ਸਰਕਾਰ ਨੂੰ ਨਿੰਦਣ ਦਾ ਬਹਾਨਾ ਤਾਂ ਵਿਰੋਧੀ ਭਾਲਦੇ ਰਹਿੰਦੇ ਹਨ ਲੇਕਿਨ ਬਾਕੀ ਬਚੇ ਦੋ ਗੰਨਮੈਨ ਨੂੰ ਵੀ ਨਾ ਵਰਤਣਾ ਕਿਸ ਦੀ ਗ਼ਲਤੀ ਹੈ? ਜੇ ਬਿਕਰਮ ਸਿੰਘ ਮਜੀਠੀਆ ਨੂੰ ਸਿੱਧੂ ਮੂਸੇਵਾਲਾ ਦੀ ਬਹੁਤ ਛੋਟੀ ਉਮਰੇ (29 ਸਾਲ) ਵਿਚ ਪੰਜਾਬ ਦਾ ਨਾਂ ਦੁਨੀਆ ਭਰ ਵਿਚ ਰੋਸ਼ਨ ਕਰਨ ਦਾ ਸੱਚੀਂ ਮਾਣ ਸੀ ਤਾਂ ਉਸ ਵਿਰੁੱਧ ਵਿਧਾਨ ਸਭਾ ਚੋਣਾਂ ਸਮੇਂ ਆਪਣਾ ਅਕਾਲੀ ਉਮੀਦਵਾਰ ਖੜ੍ਹਾ ਨਾ ਕਰਦੇ।

**ਪ੍ਰਿੰ. ਗੁਰਮੁਖ ਸਿੰਘ ਪੋਹੀੜ** (ਲੁਧਿਆਣਾ)

### ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਸੰਪਾਦਕ, ਪੰਜਾਬੀ ਟ੍ਰਿਬਿਊਨ, ਸੈਕਟਰ 29-ਸੀ, ਚੰਡੀਗੜ੍ਹ-160030 ਦੇ ਪਤੇ ਉੱਤੇ ਡਾਕ ਰਾਹੀਂ ਭੇਜ ਸਕਦੇ ਹੋ ਜਾਂ ptletters@tribunemail.com 'ਤੇ ਈ-ਮੇਲ ਵੀ ਕਰ ਸਕਦੇ ਹੋ।

### ਤਬਸਰਾ

ਤਬਸਰਾ ਦੇ ਅੱਜ ਸ਼ਨਿੱਚਰਵਾਰ ਵਾਲੇ ਇੰਟਰਨੈੱਟ ਐਡੀਸ਼ਨ ਵਿਚ ਪੜ੍ਹੋ:

- **ਵਾਹੀਯੋਗ ਜ਼ਮੀਨ ਦੀ ਦੁਰਵਰਤੋਂ ਅਤੇ ਇਸ ਦੇ ਮਾਰੂ ਅਸਰ** -ਹਰੀਪਾਲ
- **ਬੇਹਿਸਾਬ ਸੋਕਾ, ਹੜ੍ਹ ਤੇ ਅੱਗਾਂ ਲਈ ਜ਼ਿੰਮੇਵਾਰ ਕੌਣ ?** -ਯੋਧਾ ਸਿੰਘ
- **ਸੰਘਰਸ਼ਾਂ ਦਾ ਸਾਥੀ ਸਾਧੂ ਸਿੰਘ ਸੰਘਾ** -ਪ੍ਰਿੰ. ਸਰਵਣ ਸਿੰਘ

**ਤਬਸਰਾ ਵਾਲੇ ਲੇਖ** www. facebook. com/ punjabitribunechd ਤੇ punjabitribuneonline.com ਅਤੇ epaper.punjabitribuneonline.com 'ਤੇ ਪੜ੍ਹੇ ਜਾ ਸਕਣਗੇ।

epaper.punjabitribuneonline.com
Sri Satguru Jagjit Singh Ji eLibrary NamdhariElibrary@gmail.com

# ‘ਸੇਬੀ’ ਤੋਂ ਮਨਜ਼ੂਰੀ ਲੈਣ ਬਾਰੇ ਐੱਨਡੀਟੀਵੀ ਦਾ ਦਾਅਵਾ ਅਡਾਨੀ ਗਰੁੱਪ ਨੇ ਨਕਾਰਿਆ

- ਅਡਾਨੀ ਗਰੁੱਪ ਵੱਲੋਂ ਟੀਵੀ ਚੈਨਲ ’ਚ ਹਿੱਸੇਦਾਰੀ ਖ਼ਰੀਦਣ ਦਾ ਮਾਮਲਾ
- ਐੱਨਡੀਟੀਵੀ ਨੇ ਪ੍ਰਮੋਟਰਾਂ ਰਾਧਿਕਾ ਤੇ ਪ੍ਰਣਯ ਰੌਏ ’ਤੇ ਲੱਗੀ ਰੋਕ ਦਾ ਦਿੱਤਾ ਸੀ ਹਵਾਲਾ

**ਨਵੀਂ ਦਿੱਲੀ, 26 ਅਗਸਤ**

ਅਡਾਨੀ ਗਰੁੱਪ ਨੇ ਅੱਜ ਐੱਨਡੀਟੀਵੀ ਦੇ ਉਸ ਦਾਅਵੇ ਨੂੰ ਖਾਰਜ ਕੀਤਾ ਹੈ ਜਿਸ ਵਿਚ ਮੀਡੀਆ ਸਮੂਹ ਨੇ ਦਾਅਵਾ ਕੀਤਾ ਸੀ ਕਿ ‘ਆਰਆਰਪੀਆਰ’ (ਰਾਧਿਕਾ ਰੌਏ ਤੇ ਪ੍ਰਣਯ ਰੌਏ) ਲਿਮਟਿਡ ਦੀ ਹਿੱਸੇਦਾਰੀ ਖ਼ਰੀਦਣ ਲਈ ਸੇਬੀ ਦੀ ਮਨਜ਼ੂਰੀ ਲੋੜੀਂਦੀ ਹੈ। ਉਨ੍ਹਾਂ ਕਿਹਾ ਕਿ ਪ੍ਰਮੋਟਰ ਇਕਾਈ ਰੈਗੂਲੇਟਰ ਦੇ ਉਸ ਹੁਕਮ ਦਾ ਹਿੱਸਾ ਨਹੀਂ ਹੈ ਜਿਸ ਵਿਚ ਐੱਨਡੀਟੀਵੀ ਦੇ ਪ੍ਰਮੋਟਰਾਂ ਪ੍ਰਣਯ ਰੌਏ ਤੇ ਰਾਧਿਕਾ ਰੌਏ ਦੇ ਸਕਿਉਰਿਟੀ ਬਾਜ਼ਾਰ ’ਚ ਕਾਰੋਬਾਰ ਕਰਨ ਉਤੇ ਪਾਬੰਦੀ ਲਾਈ ਗਈ ਸੀ। ‘ਆਰਆਰਪੀਆਰ’ ਵੱਲੋਂ ਚੁੱਕੇ ਗਏ ਇਤਰਾਜ਼ਾਂ ਨੂੰ ‘ਬੇਬੁਨਿਆਦ, ਗ਼ੈਰਕਾਨੂੰਨੀ ਤੇ ਮਹੱਤਵਹੀਣ’ ਕਰਾਰ ਦਿੰਦਿਆਂ, ਵਿਸ਼ਵਪ੍ਰਧਾਨ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ (ਵੀਸੀਪੀਐਲ) ਨੇ ਕਿਹਾ ਕਿ ਹੋਲਡਿੰਗ ਫਰਮ ‘ਤੁਰੰਤ ਆਪਣੀ ਜ਼ਿੰਮੇਵਾਰੀ ਅਦਾ ਕਰਨ ਲਈ ਪਾਬੰਦ ਹੈ ਤੇ ਇਸ ਨੂੰ ਜਲਦੀ ਤੋਂ ਜਲਦੀ ਇਕੁਇਟੀ ਸ਼ੇਅਰ ਅਲਾਟ ਕਰਨੇ ਚਾਹੀਦੇ ਹਨ’। ਇਕ ਰੈਗੂਲੇਟਰੀ ਅਪਡੇਟ ਵਿਚ ਅਡਾਨੀ ਐਂਟਰਪ੍ਰਾਈਜ਼ਿਜ਼ ਲਿਮਟਿਡ ਨੇ ਕਿਹਾ ਕਿ ਵੀਸੀਪੀਐਲ ਨੂੰ ਐੱਨਡੀਟੀਵੀ ਤੇ ਆਰਆਰਪੀਆਰ ਲਈ ਉਨ੍ਹਾਂ ਵੱਲੋਂ ਜਵਾਬ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਕ ਜਵਾਬ ਵਿਚ ਐੱਨਡੀਟੀਵੀ ਤੇ ਆਰਆਰਪੀਆਰ ਨੇ ਕਿਹਾ ਸੀ ਕਿ ‘ਸੇਬੀ’ ਨੇ ਪਿਛਲੇ ਸਾਲ 27 ਨਵੰਬਰ ਨੂੰ ਪ੍ਰਣਯ ਤੇ ਰਾਧਿਕਾ ਖ਼ਿਲਾਫ਼ ਹੁਕਮ ਪਾਸ ਕੀਤਾ ਸੀ, ਤੇ ਉਨ੍ਹਾਂ ਨੂੰ ਸਕਿਉਰਿਟੀ ਮਾਰਕੀਟ ’ਚ ਹਿੱਸਾ ਲੈਣ ਤੋਂ ਰੋਕ ਦਿੱਤਾ ਸੀ। ਇਸ ਲਈ ਸ਼ੇਅਰ ਅਲਾਟਮੈਂਟ ਲਈ ‘ਸੇਬੀ’ ਤੋਂ ਲਿਖਤੀ ਪ੍ਰਵਾਨਗੀ ਲੈਣੀ ਪਵੇਗੀ। **-ਪੀਟੀਆਈ**

# ਆਰਜੇਡੀ ਆਗੂ ਅਵਧ ਬਿਹਾਰੀ ਚੌਧਰੀ ਬਿਹਾਰ ਵਿਧਾਨ ਸਭਾ ਦੇ ਨਵੇਂ ਸਪੀਕਰ

## ਭਾਜਪਾ ਨੇ ਸਦਾਚਾਰ ਕਮੇਟੀ ਦੀ ਰਿਪੋਰਟ ਕੰਮਕਾਜੀ ਸੂਚੀ ’ਚੋਂ ਬਾਹਰ ਰੱਖਣ ’ਤੇ ਕੀਤਾ ਹੰਗਾਮਾ

**ਪਟਨਾ, 26 ਅਗਸਤ**

ਰਾਸ਼ਟਰੀ ਜਨਤਾ ਦਲ ਦੇ ਤਜਰਬੇਕਾਰ ਆਗੂ ਅਵਧ ਬਿਹਾਰੀ ਚੌਧਰੀ ਨੂੰ ਅੱਜ ਸਰਬਸੰਮਤੀ ਨਾਲ ਬਿਹਾਰ ਵਿਧਾਨ ਸਭਾ ਦਾ ਸਪੀਕਰ ਚੁਣਿਆ ਗਿਆ ਹੈ। ਭਾਜਪਾ ਵਿਧਾਇਕ ਵਿਜੈ ਕੁਮਾਰ ਸਿਨਹਾ ਦੇ ਅਸਤੀਫ਼ੇ ਕਰਕੇ ਸਪੀਕਰ ਦਾ ਅਹੁਦਾ ਖਾਲੀ ਹੋਇਆ ਸੀ। ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ‘ਮਹਾਗਠਬੰਧਨ’ ਸਰਕਾਰ ਨੇ ਸੱਤਾ ਵਿੱਚ ਆਉਣ ’ਤੇ ਸਿਨਹਾ ਖਿਲਾਫ਼ ਬੇਭਰੋਸਗੀ ਮਤਾ ਪੇਸ਼ ਕੀਤਾ ਸੀ। ਅਸਤੀਫ਼ੇ ਮਗਰੋਂ ਸਿਨਹਾ ਹੁਣ ਅਸੈਂਬਲੀ ’ਚ ਵਿਰੋਧੀ ਧਿਰ ਦੇ ਆਗੂ ਬਣ ਗਏ ਹਨ। ਉਧਰ ਭਾਜਪਾ ਨੇ ਸਦਾਚਾਰ ਕਮੇਟੀ ਦੀ ਰਿਪੋਰਟ ਸਦਨ ਦੀ ‘ਕੰਮਕਾਜੀ ਸੂਚੀ’ ਵਿੱਚੋਂ ਬਾਹਰ ਰੱਖਣ ਨੂੰ ਲੈ ਕੇ ਸਦਨ ’ਚ ਹੰਗਾਮਾ ਕੀਤਾ।

ਚੌਧਰੀ ਦੀ ਸਪੀਕਰ ਵਜੋਂ ਚੋਣ ਮਗਰੋਂ ਖੁਦ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਵਿਰੋਧੀ ਧਿਰ ਦੇ ਆਗੂ ਸਿਨਹਾ ਉਨ੍ਹਾਂ ਨੂੰ ਸਪੀਕਰ ਦੇ ਆਸਣ ਤੱਕ ਲੈ ਕੇ ਗਏ। ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਸਦਨ ਵਿੱਚ ਬੋਲਦਿਆਂ ਚੌਧਰੀ, ਜੋ ਸਿਵਾਨ ਤੋਂ ਵਿਧਾਇਕ ਹਨ, ਨੂੰ ਸਪੀਕਰ ਚੁਣੇ ਜਾਣ ’ਤੇ ਵਧਾਈ ਦਿੱਤੀ। ਉਧਰ ਵਿਜੈ ਕੁਮਾਰ ਸਿਨਹਾ ਨੇ ਚੌਧਰੀ ਨੂੰ ਸਪੀਕਰ ਚੁਣੇ ਜਾਣ ਲਈ ਵਧਾਈ ਦਿੰਦਿਆਂ ਕੀਤੀ ਤਕਰੀਰ ਵਿੱਚ ਸਦਾਚਾਰ ਕਮੇਟੀ ਦੀ ਰਿਪੋਰਟ ਦਾ ਮੁੱਦਾ ਚੁੱਕਿਆ। ਹਾਲਾਂਕਿ ਸਪੀਕਰ ਨੇ ਉਨ੍ਹਾਂ ਨੂੰ ਦਿਨ ਦੇ ਏਜੰਡੇ ਵੱਲ ਧਿਆਨ ਕੇਂਦਰਿਤ ਕਰਨ ਲਈ ਆਖ ਦਿੱਤਾ। ਇਹ ਰਿਪੋਰਟ ਆਰਜੇਡੀ, ਜੋ ਉਦੋਂ ਵਿਰੋਧੀ ਧਿਰ ਵਿੱਚ ਸੀ, ਦੇ ਕਈ ਵਿਧਾਇਕਾਂ ਦੇ ਵਤੀਰੇ ਬਾਰੇ ਸੀ। ਆਰਜੇਡੀ ਵਿਧਾਇਕਾਂ ਨੇ ਪਿਛਲੇ ਸਾਲ ਮਾਰਚ ਵਿੱਚ ਸਪੀਕਰ ਨੂੰ ਉਨ੍ਹਾਂ ਦੇ ਚੈਂਬਰ ਵਿੱਚ ਕਈ ਘੰਟਿਆਂ ਤੱਕ ਬੰਦੀ ਬਣਾ ਕੇ ਰੱਖਿਆ ਸੀ ਤੇ ਇਹ ਰਿਪੋਰਟ ਉਸੇ ਬਾਰੇ ਸੀ। ਅਸੈਂਬਲੀ ਵਿੱਚ ਕੰਮਕਾਜੀ ਸੂਚੀ ਵਿੱਚੋਂ ਸਦਾਚਾਰ ਕਮੇਟੀ ਦੀ ਰਿਪੋਰਟ ਨੂੰ ਸ਼ਾਮਲ ਨਾ ਕੀਤੇ ਜਾਣ ਨੂੰ ਲੈ ਕੇ ਭਾਜਪਾ ਮੈਂਬਰਾਂ ਨੇ ਹੰਗਾਮਾ ਕੀਤਾ। ਹੱਥਾਂ ਵਿੱਚ ਤਖ਼ਤੀਆਂ ਫੜ ਕੇ ਸਦਨ ਵਿੱਚ ਦਾਖ਼ਲ ਹੋਏ ਭਾਜਪਾ ਮੈਂਬਰਾਂ ਨੇ ਰਿਪੋਰਟ ਅਸੈਂਬਲੀ ਵਿੱਚ ਰੱਖਣ ਦੀ ਮੰਗ ਨੂੰ ਲੈ ਕੇ ਨਾਅਰੇਬਾਜ਼ੀ ਕੀਤੀ। **-ਪੀਟੀਆਈ**



ਸਪੀਕਰ ਅਵਧ ਬਿਹਾਰੀ ਚੌਧਰੀ ਦਾ ਸਵਾਗਤ ਕਰਦੇ ਹੋਏ ਮੁੱਖ ਮੰਤਰੀ ਨਿਤੀਸ਼ ਕੁਮਾਰ। -ਫੋਟੋ: ਪੀਟੀਆਈ

### ਵਿਧਾਨ ਸਭਾ ਦੇ ਦੋਵੇਂ ਸਦਨ ਅਣਮਿਥੇ ਸਮੇਂ ਲਈ ਮੁਲਤਵੀ

**ਪਟਨਾ:** ਬਿਹਾਰ ਅਸੈਂਬਲੀ ਦੇ ਦੋਵੇਂ ਸਦਨਾਂ (ਵਿਧਾਨ ਸਭਾ ਤੇ ਵਿਧਾਨ ਪ੍ਰੀਸ਼ਦ) ਨੂੰ ਅੱਜ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ। ਬਿਹਾਰ ਅਸੈਂਬਲੀ ਦਾ ਵਿਸ਼ੇਸ਼ ਇਜਲਾਸ ਮਹਾਗੱਠਬੰਧਨ ਸਰਕਾਰ ਵੱਲੋਂ ਬਹੁਮਤ ਸਾਬਤ ਕਰਨ ਲਈ ਸੱਦਿਆ ਗਿਆ ਸੀ। ਇਜਲਾਸ ਦੇ ਆਖਰੀ ਦਿਨ ਅਸੈਂਬਲੀ ਸਪੀਕਰ ਦੀ ਚੋਣ ਵੀ ਹੋਈ। ਵਿਧਾਨ ਪ੍ਰੀਸ਼ਦ ਵਿੱਚ ਆਰਜੇਡੀ ਦੇ ਸਾਬਕਾ ਪ੍ਰਦੇਸ਼ ਇਕਾਈ ਪ੍ਰਧਾਨ ਰਾਮਚੰਦਰ ਪੁਰਬੇ ਨੂੰ ਉਪ ਚੇਅਰਮੈਨ ਚੁਣਿਆ ਗਿਆ। ਜੇਡੀਯੂ ਦੇ ਦੇਵੇਸ਼ ਚੰਦਰ ਠਾਕੁਰ ਨੂੰ ਲੰਘੇ ਦਿਨ ਉਪਰਲੇ ਸਦਨ (ਵਿਧਾਨ ਪ੍ਰੀਸ਼ਦ) ਦਾ ਚੇਅਰਮੈਨ ਚੁਣਿਆ ਗਿਆ ਸੀ। **-ਪੀਟੀਆਈ**

# ਭਾਰਤ-ਤਨਜ਼ਾਨੀਆ ਵਿਚਾਲੇ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਲਈ ਗੱਲਬਾਤ



ਨਵੀਂ ਦਿੱਲੀ ਵਿੱਚ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਤਨਜ਼ਾਨੀਆ ਦੀ ਹਮਰੁਤਬਾ ਸਟੇਰਗੋਮੇਨਾ ਲਾਰੈਂਸ ਟੈਕਸ ਦਾ ਸਵਾਗਤ ਕਰਦੇ ਹੋਏ। -ਫੋਟੋ: ਏਐੱਨਆਈ

- ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਮਿਲੀ ਤਨਜ਼ਾਨੀਆ ਦੀ ਹਮਰੁਤਬਾ ਸਟੇਰਗੋਮੇਨਾ ਲਾਰੈਂਸ ਟੈਕਸ

**ਨਵੀਂ ਦਿੱਲੀ, 26 ਅਗਸਤ**

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਇੱਥੇ ਭਾਰਤ ਦੇ ਦੌਰੇ ’ਤੇ ਆਏ ਤਨਜ਼ਾਨੀਆ ਦੇ ਆਪਣੇ ਹਮਰੁਤਬਾ ਸਟੇਰਗੋਮੇਨਾ ਲਾਰੈਂਸ ਟੈਕਸ ਨਾਲ ਮੁਲਾਕਾਤ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਗੱਲਬਾਤ ਦੌਰਾਨ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਰੱਖਿਆ ਅਤੇ ਉਦਯੋਗਿਕ ਸਹਿਯੋਗ ਬਾਰੇ ਚਰਚਾ ਕੀਤੀ ਗਈ। ਗੱਲਬਾਤ ਤੋਂ ਬਾਅਦ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਅਤੇ ਤਨਜ਼ਾਨੀਆ ਦੇ ਸਬੰਧ ਰਣਨੀਤਕ ਤੌਰ ’ਤੇ ਅਹਿਮ ਹਨ ਅਤੇ ਨਵੀਂ ਦਿੱਲੀ ਅਫਰੀਕੀ ਦੇਸ਼ ਨੂੰ ‘ਪੱਛਮੀ ਹਿੰਦ ਮਹਾਸਾਗਰ ਦੀ ਪ੍ਰਮੁੱਖ ਧਿਰ’ ਮੰਨਦੀ ਹੈ। ਇਸ ਸਬੰਧੀ ਉਨ੍ਹਾਂ ਟਵੀਟ ਕੀਤਾ, “ਨਵੀਂ ਦਿੱਲੀ ਵਿੱਚ ਤਨਜ਼ਾਨੀਆ ਦੇ ਰੱਖਿਆ ਮੰਤਰੀ ਡਾ. ਸਟੇਰਗੋਮੇਨਾ ਲਾਰੈਂਸ ਟੈਕਸ ਨਾਲ ਮੁਲਾਕਾਤ ਦੌਰਾਨ ਭਾਰਤ-ਤਨਜ਼ਾਨੀਆ ਵਿਚਾਲੇ ਰੱਖਿਆ ਸਬੰਧਾਂ ਦੀ ਸਮੀਖਿਆ ਕੀਤੀ। ਭਾਰਤ ਅਤੇ ਤਨਜ਼ਾਨੀਆ ਵਿਚਾਲੇ ਸਬੰਧ ਰਣਨੀਤਕ ਤੌਰ ’ਤੇ ਅਹਿਮ ਹਨ। ਭਾਰਤ ਤਨਜ਼ਾਨੀਆ ਨੂੰ ਪੱਛਮੀ ਹਿੰਦ ਮਹਾਸਾਗਰ ਦੀ ਪ੍ਰਮੁੱਖ ਧਿਰ ਮੰਨਦਾ ਹੈ।” ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਅਤੇ ਫ਼ੌਜ ਪੱਧਰ ਦੇ ਸਹਿਯੋਗ ਨੂੰ ਹੁਲਾਰਾ ਦੇਣ ਦੀਆਂ ਕਾਫੀ ਸੰਭਾਵਨਾਵਾਂ ਹਨ। ਮੈਨੂੰ ਭਰੋਸਾ ਹੈ ਕਿ ਭਾਰਤ-ਤਨਜ਼ਾਨੀਆ ਵਿਚਾਲੇ ਸਾਂਝ ਭਵਿੱਖ ਵਿੱਚ ਵਧਦੀ ਰਹੇਗੀ ਅਤੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗੀ। ਪਿਛਲੇ ਕੁਝ ਸਾਲਾਂ ਤੋਂ ਭਾਰਤ ਅਫਰੀਕੀ ਮਹਾਦੀਪ ਨਾਲ ਰੱਖਿਆ ਅਤੇ ਸੁਰੱਖਿਆ ਸਮੇਤ ਹੋਰ ਖੇਤਰਾਂ ਵਿੱਚ ਸਹਿਯੋਗ ਵਧਾਉਣ ’ਤੇ ਜ਼ੋਰ ਦੇ ਰਿਹਾ ਹੈ। **-ਪੀਟੀਆਈ**

# ਸਰਕਾਰ ਨੇ ਬਡੂੰਗਰ ਤੇ ਮੰਡੋਫਲ ਨੂੰ ‘ਅਫ਼ਰੀਕਨ ਸਵਾਈਨ ਫੀਵਰ’ ਪ੍ਰਭਾਵਿਤ ਜ਼ੋਨ ਐਲਾਨਿਆ

- ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਥਿਤੀ ’ਤੇ ਨਜ਼ਰ ਰੱਖਣ ਦੀਆਂ ਹਦਾਇਤਾਂ

**ਟ੍ਰਿਬਿਊਨ ਨਿਊਜ਼ ਸਰਵਿਸ/ਨਿੱਜੀ ਪੱਤਰ ਪ੍ਰੇਰਕ**
**ਚੰਡੀਗੜ੍ਹ/ਫ਼ਤਹਿਗੜ੍ਹ ਸਾਹਿਬ, 26 ਅਗਸਤ**

ਪੰਜਾਬ ਸਰਕਾਰ ਨੇ ਜ਼ਿਲ੍ਹਾ ਪਟਿਆਲਾ ਦੇ ਇੱਕ ਹੋਰ ਪਿੰਡ ਬਡੂੰਗਰ ਅਤੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਮੰਡੋਫਲ ਨੂੰ ਅੱਜ ‘ਅਫਰੀਕਨ ਸਵਾਈਨ ਫੀਵਰ’ ਨਾਲ ਪ੍ਰਭਾਵਿਤ ਜ਼ੋਨ ਐਲਾਨ ਦਿੱਤਾ ਹੈ। ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈਸੀਏਆਰ) ਕੌਮੀ ਉੱਚ ਸੁਰੱਖਿਆ ਪਸ਼ੂ ਰੋਗ ਸੰਸਥਾ ਭੋਪਾਲ ਨੇ ਦੋਵਾਂ ਪਿੰਡਾਂ ਤੋਂ ਸੂਰਾਂ ਦੇ ਸੈਂਪਲਾਂ ਵਿੱਚ ਅਫ਼ਰੀਕਨ ਸਵਾਈਨ ਫੀਵਰ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਿੰਡਾਂ ਵਿੱਚ ਬਿਮਾਰੀ ਦੀ ਰੋਕਥਾਮ ਲਈ ‘ਜਾਨਵਰਾਂ ਵਿੱਚ ਛੂਤ ਦੀਆਂ ਬਿਮਾਰੀਆਂ ਦੀ ਰੋਕਥਾਮ ਤੇ ਕੰਟਰੋਲ ਐਕਟ 2009’ ਅਤੇ ‘ਅਫ਼ਰੀਕਨ ਸਵਾਈਨ ਫੀਵਰ ਦੇ ਕੰਟਰੋਲ ਤੇ ਖ਼ਾਤਮੇ ਲਈ ਕੌਮੀ ਕਾਰਜ ਯੋਜਨਾ (ਜੂਨ 2020)’ ਤਹਿਤ ਪਾਬੰਦੀਆਂ ਲਾ ਕੇ ਇਨ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾ ਰਹੀ ਹੈ। ਵਿਭਾਗ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਥਿਤੀ ’ਤੇ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।

ਸ੍ਰੀ ਭੁੱਲਰ ਨੇ ਦੱਸਿਆ ਕਿ ਇਨ੍ਹਾਂ ਪਿੰਡਾਂ ਦੇ ਇੱਕ ਕਿਲੋਮੀਟਰ ਤੱਕ ਦੇ ਖੇਤਰ ‘ਸੰਕ੍ਰਮਿਤ ਜ਼ੋਨ’ ਅਤੇ ਇਕ ਤੋਂ 10 ਕਿਲੋਮੀਟਰ (9 ਕਿਲੋਮੀਟਰ) ਤੱਕ ਦੇ ਖੇਤਰ ‘ਨਿਗਰਾਨੀ ਜ਼ੋਨ’ ਹੋਣਗੇ। ਉਨ੍ਹਾਂ ਕਿਹਾ ਕਿ ਕੋਈ ਵੀ ਸੂਰ, ਨਾਨ-ਪ੍ਰੋਸੈਸਡ ਸੂਰ ਦਾ ਮੀਟ, ਸੂਰ ਪਾਲਣ ਫਾਰਮ ਜਾਂ ਬੈਕਯਾਰਡ ਸੂਰ ਪਾਲਣ ਤੋਂ ਕੋਈ ਵੀ ਫੀਡ ਜਾਂ ਸਮੱਗਰੀ ਪ੍ਰਭਾਵਿਤ ਜ਼ੋਨ ਤੋਂ ਬਾਹਰ ਨਾ ਲਿਜਾਈ ਜਾਵੇ ਅਤੇ ਨਾ ਹੀ ਜ਼ੋਨ ਵਿੱਚ ਲਿਆਂਦਾ ਜਾਵੇ।

# ਜੈਸ਼ੰਕਰ ਵੱਲੋਂ ਅਰਜਨਟੀਨਾ ਦੇ ਰਾਸ਼ਟਰਪਤੀ ਨਾਲ ਮੁਲਾਕਾਤ

- ਪਰਮਾਣੂ ਊਰਜਾ ਦੇ ਖੇਤਰ ਵਿੱਚ ਦੁਵੱਲੇ ਸਹਿਯੋਗ ਦੀ ਸੰਭਾਵਨਾ ਬਾਰੇ ਕੀਤੀ ਵਿਚਾਰ-ਚਰਚਾ

**ਬਿਊਨਸ ਆਇਰਸ, 26 ਅਗਸਤ**

ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਅੱਜ ਅਰਜਨਟੀਨਾ ਦੇ ਰਾਸ਼ਟਰਪਤੀ ਅਲਬਰਟੋ ਫਰਨਾਂਡੇਜ਼ ਨਾਲ ਮੁਲਾਕਾਤ ਕੀਤੀ ਅਤੇ ਵਪਾਰਕ ਸਬੰਧਾਂ ਨੂੰ ਹੋਰ ਟਿਕਾਊ ਬਣਾਉਣ ਦੇ ਤਰੀਕਿਆਂ ਸਮੇਤ ਰੱਖਿਆ ਅਤੇ ਪਰਮਾਣੂ ਊਰਜਾ ਦੇ ਖੇਤਰ ਵਿੱਚ ਦੁਵੱਲੇ ਸਹਿਯੋਗ ਦੀ ਸੰਭਾਵਨਾ ਬਾਰੇ ਵਿਚਾਰ-ਚਰਚਾ ਕੀਤੀ। ਜੈਸ਼ੰਕਰ ਤਿੰਨ ਲਾਤੀਨੀ ਅਮਰੀਕੀ ਦੇਸ਼ਾਂ ਦੀ ਆਪਣੀ ਪਹਿਲੀ ਅਧਿਕਾਰਤ ਯਾਤਰਾ ਦੇ ਆਖਰੀ ਪੜਾਅ ’ਤੇ ਵੀਰਵਾਰ ਨੂੰ ਅਰਜਨਟੀਨਾ ਪਹੁੰਚੇ ਹਨ। ਇਸ ਦੌਰਾਨ ਉਨ੍ਹਾਂ ਵਿੱਤ ਮੰਤਰੀ ਸਰਜੀਓ ਮਾਸਾ ਨਾਲ ਵੀ ਮੁਲਾਕਾਤ ਕੀਤੀ। ਇਸ ਬਾਰੇ ਉਨ੍ਹਾਂ ਟਵੀਟ ਕੀਤਾ, “ਅਰਜਨਟੀਨਾ ਦੇ ਵਿੱਤ ਮੰਤਰੀ ਸਰਜੀਓ ਮਾਸਾ ਨੂੰ ਮਿਲ ਕੇ ਬਹੁਤ ਚੰਗਾ ਲੱਗਾ। ਆਰਥਿਕ ਸਹਿਯੋਗ ਵਧਾਉਣ ਲਈ ਉਨ੍ਹਾਂ ਦਾ ਹਾਂ-ਪੱਖੀ ਨਜ਼ਰੀਆ ਸ਼ਲਾਘਾਯੋਗ ਹੈ।”

ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਜੈਸ਼ੰਕਰ ਨੇ ਕਿਹਾ, “ਮੇਰਾ ਸਵਾਗਤ ਕਰਨ ਲਈ ਰਾਸ਼ਟਰਪਤੀ ਅਲਬਰਟੋ ਫਰਨਾਂਡੇਜ਼ ਦਾ ਧੰਨਵਾਦ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸ਼ੁੱਭ ਕਾਮਨਾਵਾਂ ਭੇਜੀਆਂ ਹਨ।” ਦੋਵਾਂ ਆਗੂਆਂ ਨੇ ਵਪਾਰਕ ਸਬੰਧ ਹੋਰ ਟਿਕਾਊ ਬਣਾਉਣ ਅਤੇ ਊਰਜਾ ਤੇ ਖੁਰਾਕ ਸੁਰੱਖਿਆ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਪਰਮਾਣੂ ਊਰਜਾ ਖੇਤਰ ਦੇ ਨਾਲ ਰੱਖਿਆ ਸਹਿਯੋਗ ਦੀਆਂ ਸੰਭਾਵਨਾਵਾਂ ’ਤੇ ਵੀ ਗੱਲਬਾਤ ਕੀਤੀ ਗਈ।

ਜ਼ਿਕਰਯੋਗ ਹੈ ਕਿ ਜੈਸ਼ੰਕਰ ਦੱਖਣੀ ਅਮਰੀਕਾ ਦੀ ਪਹਿਲੀ ਅਧਿਕਾਰਤ ਯਾਤਰਾ ’ਤੇ ਹਨ। ਉਹ ਪੈਰਾਗੁਏ ਅਤੇ ਬ੍ਰਾਜ਼ੀਲ ਦਾ ਦੌਰਾ ਪਹਿਲਾਂ ਹੀ ਕਰ ਚੁੱਕੇ ਹਨ। **-ਪੀਟੀਆਈ**



ਅਰਜਨਟੀਨਾ ਦੇ ਰਾਸ਼ਟਰਪਤੀ ਅਲਬਰਟੋ ਫਰਨਾਂਡੇਜ਼ ਨੂੰ ਮਿਲਦੇ ਹੋਏ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ। -ਫੋਟੋ: ਪੀਟੀਆਈ

# ਫਰਾਂਸੀਸੀ ਰਾਸ਼ਟਰਪਤੀ ’ਤੇ ਵਿਵਾਦਤ ਟਿੱਪਣੀ ਲਈ ਲਿਜ਼ ਟਰੱਸ ਦੀ ਨਿਖੇਧੀ

- ਯੂਕੇ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਵਿਚ ਮੋਹਰੀ ਉਮੀਦਵਾਰ ਹੈ ਵਿਦੇਸ਼ ਮੰਤਰੀ ਲਿਜ਼ ਟਰੱਸ

**ਲੰਡਨ, 26 ਅਗਸਤ**

ਬਰਤਾਨੀਆ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਵਿਚ ਸ਼ਾਮਲ ਲਿਜ਼ ਟਰੱਸ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਬਾਰੇ ਕੀਤੀ ਗਈ ਇਕ ਟਿੱਪਣੀ ਤੋਂ ਬਾਅਦ ਵਿਵਾਦਾਂ ਵਿਚ ਘਿਰ ਗਈ ਹੈ। ਦੱਸਣਯੋਗ ਹੈ ਕਿ ਟਰੱਸ ਦਾ ਭਾਰਤੀ ਮੂਲ ਦੇ ਰਿਸ਼ੀ ਸੂਨਕ ਨਾਲ ਕੰਜ਼ਰਵੇਟਿਵ ਪਾਰਟੀ ਦੇ ਆਗੂ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਮੁਕਾਬਲਾ ਚੱਲ ਰਿਹਾ ਹੈ। ਵਿਦੇਸ਼ ਮੰਤਰੀ ਲਿਜ਼ ਨੂੰ ਪਾਰਟੀ ਦੇ ਇਕ ਸਮਾਗਮ ਵਿਚ ਜਦ ਪੁੱਛਿਆ ਗਿਆ ਕਿ ਕੀ ਰਾਸ਼ਟਰਪਤੀ ਮੈਕਰੌਂ ‘ਮਿੱਤਰ ਹਨ ਜਾਂ ਦੁਸ਼ਮਣ’, ਤਾਂ ਉਨ੍ਹਾਂ ਕਿਹਾ ਕਿ ਜੇ ਉਹ ਪ੍ਰਧਾਨ ਮੰਤਰੀ ਬਣਦੀ ਹੈ ਤਾਂ ਮੈਕਰੌਂ ਨੂੰ ‘ਕੰਮਾਂ ਦੇ ਆਧਾਰ ਉਤੇ ਦੇਖੇਗੀ, ਸ਼ਬਦਾਂ ਦੇ ਨਹੀਂ।’ ਜਦਕਿ ਸੂਨਕ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਫਰਾਂਸੀਸੀ ਰਾਸ਼ਟਰਪਤੀ ‘ਦੋਸਤ’ ਹਨ। ਸੂਨਕ ਨੇ ਕਿਹਾ ਸੀ ਕਿ ਜੇ ਉਹ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਯੂਕੇ ਦੇ ਯੂਰਪ ਨਾਲ ਰਿਸ਼ਤਿਆਂ ਨੂੰ ਨਵੇਂ ਸਿਰਿਓਂ ਕਾਇਮ ਕਰਨਗੇ। ਵਿਰੋਧੀ ਧਿਰ ਲੇਬਰ ਨੇ ਟਰੱਸ ਦੀ ਇਸ ਟਿੱਪਣੀ ਲਈ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ‘ਬਰਤਾਨੀਆ ਦੇ ਸਭ ਤੋਂ ਪੱਕੇ ਸਾਥੀ ਦੀ ਬੇਇੱਜ਼ਤੀ ਹੈ।’ ਰਾਸ਼ਟਰਪਤੀ ਮੈਕਰੌਂ ਨੇ ਵੀ ਪੈਰਿਸ ਵਿਚ ਟਰੱਸ ਦੀ ਟਿੱਪਣੀ ਦਾ ਜਵਾਬ ਕੂਟਨੀਤਕ ਢੰਗ ਨਾਲ ਦਿੱਤਾ। ਉਨ੍ਹਾਂ ਕਿਹਾ ਕਿ ਭਾਵੇਂ ਕੋਈ ਵੀ ਬਰਤਾਨੀਆ ਦਾ ਆਗੂ ਬਣੇ, ਬਰਤਾਨੀਆ ਹਮੇਸ਼ਾ ਫਰਾਂਸ ਦਾ ਮਿੱਤਰ ਰਹੇਗਾ। ਟਰੱਸ ਦੀ ਆਪਣੀ ਪਾਰਟੀ ਦੇ ਕਈ ਆਗੂਆਂ ਨੇ ਵੀ ਉਸ ਦੀ ਇਸ ਟਿੱਪਣੀ ਲਈ ਨਿਖੇਧੀ ਕੀਤੀ ਹੈ। **-ਪੀਟੀਆਈ**



# ਕਾਂਗਰਸ ਦੀ ਵਾਪਸੀ ਹੁਣ ਸੰਭਵ ਨਹੀਂ: ਕੈਪਟਨ

**ਚੰਡੀਗੜ੍ਹ (ਟਨਸ):** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਮੌਜੂਦਾ ਪ੍ਰਬੰਧ ਅਧੀਨ ਕਾਂਗਰਸ ਪਾਰਟੀ ਦੀ ਇੰਨੀ ਮਾੜੀ ਹਾਲਤ ਹੋ ਚੁੱਕੀ ਹੈ ਕਿ ਕੋਈ ਵਾਪਸੀ ਹੁਣ ਸੰਭਵ ਨਹੀਂ ਜਾਪਦੀ। ਉਨ੍ਹਾਂ ਕਿਹਾ ਕਿ ਜਦੋਂ ਪਾਰਟੀ ਗੁਲਾਮ ਨਬੀ ਆਜ਼ਾਦ ਵਰਗੇ ਨੇਤਾਵਾਂ ਨੂੰ ਪਾਰਟੀ ਵਿੱਚ ਨਹੀਂ ਰੱਖ ਸਕੀ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਪਾਰਟੀ ਨਾਲ ਬਿਤਾਈ ਹੈ, ਤਾਂ ਕਾਂਗਰਸ ਦੇ ਕੰਮਕਾਜ ਅਤੇ ਤਜਰਬੇਕਾਰ ਨੇਤਾਵਾਂ ਨਾਲ ਪੇਸ਼ ਆਉਣ ਦੇ ਤਰੀਕੇ ਵਿੱਚ ਕੁਝ ਬੇਹੱਦ ਗ਼ਲਤ ਹੈ। ਉਨ੍ਹਾਂ ਕਿਹਾ ਕਿ ਇਹ ਕੁਝ ਖਾਸ ਸਵਾਰਥਾਂ ਵਾਲੇ ਲੋਕਾਂ ਦਾ ਇੱਕ ਖਾਸ ਸਮੂਹ ਹੈ, ਜਿਸ ਨੇ ਪਾਰਟੀ ਨੂੰ ਸਾੜਨਾ ਸ਼ੁਰੂ ਕਰ ਦਿੱਤਾ ਹੈ।

# ਡਰੱਗ ਟੈਸਟ ਵਿੱਚ ਫੇਲ੍ਹ ਪਾਇਲਟ ਡਿਊਟੀ ਤੋਂ ਹਟਾਇਆ

**ਨਵੀਂ ਦਿੱਲੀ:** ਦੇਸ਼ ਦੀ ਇਕ ਅਹਿਮ ਏਅਰਲਾਈਨ ਦਾ ਪਾਇਲਟ ਡਰੱਗ ਟੈਸਟ ਵਿੱਚ ਫੇਲ੍ਹ ਹੋ ਗਿਆ ਹੈ ਜਿਸ ਕਾਰਨ ਉਸ ਨੂੰ ਫਲਾਈਟ ਡਿਊਟੀ ਤੋਂ ਹਟਾ ਦਿੱਤਾ ਗਿਆ ਹੈ। ਇਹ ਜਾਣਕਾਰੀ ਡੀਜੀਸੀਏ ਦੇ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਹਵਾਈ ਅਧਿਕਾਰੀਆਂ ਦੇ ਡਰੱਗ ਟੈਸਟ ਲੈਣ ਸਬੰਧੀ ਨਵੇਂ ਨਿਯਮ 31 ਜਨਵਰੀ ਤੋਂ ਲਾਗੂ ਹੋਏ ਹਨ। ਹੁਣ ਤਕ ਚਾਰ ਪਾਇਲਟ ਅਤੇ ਇਕ ਏਅਰ ਟਰੈਫਿਕ ਕੰਟਰੋਲਰ (ਏਟੀਸੀ) ਡਰੱਗ ਟੈਸਟ ਵਿੱਚ ਫੇਲ੍ਹ ਹੋ ਚੁੱਕੇ ਹਨ। ਇਹ ਟੈਸਟ ਹਵਾਈ ਜਹਾਜ਼ ਉਡਾਉਣ ਵਾਲੇ ਪਾਇਲਟਾਂ ਤੇ ਏਟੀਸੀ ਸਟਾਫ ਦੇ ਲਏ ਜਾਂਦੇ ਹਨ। ਮੌਜੂਦਾ ਕੇਸ ਵਿੱਚ ਜਿਹੜਾ ਪਾਇਲਟ ਡਰੱਗ ਟੈਸਟ ਵਿੱਚ ਫੇਲ੍ਹ ਹੋਇਆ ਹੈ ਉਸ ਦੀ ਟੈਸਟ ਰਿਪੋਰਟ 23 ਅਗਸਤ ਨੂੰ ਆਈ ਸੀ ਤੇ ਏਅਰਲਾਈਨ ਦਾ ਨਾਂ ਨਹੀਂ ਦੱਸਿਆ ਗਿਆ ਹੈ। **-ਪੀਟੀਆਈ**

**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
ਰਜਿਸਟਰਡ ਆਫਿਸ: ਪੀ.ਐਸ.ਈ.ਬੀ. ਹੈੱਡ ਆਫਿਸ, ਦਾ ਮਾਲ, ਪਟਿਆਲਾ-147001
ਕਾਰਪੋਰੇਸ਼ਨ ਆਈਡੈਂਟੀਫਿਕੇਸ਼ਨ ਨੰ. (CIN): U40109PB2010SGC033813
(ਮੋਬਾਈਲ ਨੰ. 9646119091)

ਟੈਂਡਰ ਇਨਕੁਆਰੀ ਨੰ. 6/XEN/C/22-23 ਮਿਤੀ: 26.08.2022

ਸੀਨੀਅਰ ਕਾਰਜਕਾਰੀ ਇੰਜੀ:/ਸਿਵਲ, ਯੂ.ਬੀ.ਡੀ.ਸੀ. ਓ. ਅਤੇ ਐਮ. ਮੰਡਲ, ਪੰ.ਰਾ.ਪਾ.ਕਾ.ਲਿਮ., ਮਲਿਕਪੁਰ ਵੱਲੋਂ ਸਾਲ 2022-23 ਲਈ ਸਪੈਸ਼ਲ ਵਾਚ ਐਂਡ ਵਾਰਡ ਆਫ ਯੂ.ਬੀ.ਡੀ.ਸੀ. ਹਾਇਡਲ ਚੈਨਲ ਫਰਾਮ RD 0 to 65640’ ਦਾ ਕੰਮ ਕਰਵਾਉਣ ਸਬੰਧੀ ਖੁੱਲ੍ਹਾ ਟੈਂਡਰ ਨੋਟਿਸ ਸੱਦਿਆ ਜਾਂਦਾ ਹੈ। ਸੰਖੇਪ NIT ਅਤੇ ਟੈਂਡਰ ਸਪੈਸੀਫਿਕੇਸ਼ਨ eproc.punjab.gov.in ਉਪਰ ਮਿਤੀ 26.08.2022 ਨੂੰ ਸ਼ਾਮ 5.00 ਵਜੇ ਤੋਂ ਉਪਲਬਧ ਹੈ।
ਨੋਟ: ਕੋਰੀਜੰਡਮ ਅਤੇ ਹੋਰ ਕੋਈ ਸੋਧ ਸਬੰਧੀ ਵੇਰਵੇ eproc.punjab.gov.in ’ਤੇ ਵੇਖੇ ਜਾਣ।
DPR/Pb/16593 C325/22

**ਪੰਜਾਬ ਸਰਕਾਰ**
ਟੈਂਡਰ ਨੋਟਿਸ ਹਵਾਲਾ ਨੰ. 09 (2022) ਮਿਤੀ 26.08.2022
ਵਿਭਾਗ, ਕਾਰਜਕਾਰੀ ਇੰਜੀਨੀਅਰ (C), ਪੰਜਾਬ ਮੰਡੀ ਬੋਰਡ ਬਠਿੰਡਾ ਵੱਲੋਂ ਹੇਠ ਲਿਖੇ ਕੰਮ ਲਈ ਆਨਲਾਈਨ ਬੋਲੀਆਂ ਸੱਦੀਆਂ ਜਾਂਦੀਆਂ ਹਨ:

| ਲੜੀ ਨੰ. | ਆਈਟਮ | ਮਾਤਰਾ |
|---|---|---|
| 1 | P/Laying Interlock Tiles on L/R Budhlada Ahmedpur Kulheri Narindrpura Jawaharke Upto MC limit (Premature Road) MC Budhlada Distt. Mansa (Balance Work) | 1 No. |
| 2 | P/Laying CC Flooring on L/R Budhlada Ratia Road to Bareh to Tahlia Upto MC limit MC Budhlada Distt. Mansa (Balance Work) | 1 No. |

ਅੰਤਮ ਮਿਤੀ ਅਤੇ ਸਮਾਂ: **08.09.2022, ਸਵੇਰੇ 11.00 ਵਜੇ**
ਵੇਰਵੇ ਲਈ ਲਾਗਆਨ ਕਰੋ: **https://eproc.punjab.gov.in**
**ਨੋਟ:** ਟੈਂਡਰ ਨੋਟਿਸ ਨਾਲ ਸਬੰਧਤ ਕਿਸੇ ਵੀ ਸ਼ੁੱਧੀ ਪੱਤਰ ਨੂੰ ਸਿਰਫ ਉਕਤ ਵੈੱਬਸਾਈਟ ’ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
**ਸਹੀ/- ਕਾਰਜਕਾਰੀ ਇੰਜੀਨੀਅਰ (C),**
DPR/Pb/16580 **ਪੰ. ਮੰਡੀ ਬੋਰਡ, ਬਠਿੰਡਾ।**

**ਭਾਖੜਾ ਬਿਆਸ ਮੈਨੇਜਮੈਂਟ ਬੋਰਡ**
(ਸਿੰਜਾਈ ਵਿੰਗ)
**ਰੁਚੀ ਦੀ ਅਭਿਵਿਅਕਤੀ ਨੋਟਿਸ ਨੰ. CE/BD/EOI/01/2022**
**ਸ਼ੁੱਧੀ ਪੱਤਰ-I**
ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ **“ਭਾਖੜਾ ਡੈਮ ਰਿਜ਼ਰਵਾਇਰ ਨਜ਼ਦੀਕ Bangana, ਜ਼ਿਲ੍ਹਾ ਊਨਾ (ਹਿ.ਪ੍ਰ.) ਦੇ ਸੱਜੇ ਪਾਸੇ Lunkar Khad ਦੀ ਡਿ-ਸਿਲਟਿੰਗ”** ਵਾਸਤੇ ਈ-ਨਿਲਾਮੀ ਵਿਚ ਹਿੱਸਾ ਲੈਣ ਲਈ ਬੀਬੀਐਮਬੀ ਵੈੱਬਸਾਈਟ www.bbmb.gov.in ’ਤੇ ਦਿੱਤੇ ਵੇਰਵੇ ਅਨੁਸਾਰ ਯੋਗਤਾ ਮਾਪਦੰਡ ਨੂੰ ਪੂਰਾ ਕਰਨ ਵਾਲੇ ਮੰਨੇ-ਪ੍ਰਮੰਨੇ ਅਤੇ ਮਾਲੀ ਤੌਰ ’ਤੇ ਠੋਸ ਠੇਕੇਦਾਰਾਂ ਤੋਂ ਰੁਚੀ ਦੀ ਅਭਿਵਿਅਕਤੀ (EOI) ਸੱਦੀ ਜਾਂਦੀ ਹੈ।
ਸ਼ਰਤਾਂ ਤੇ ਪ੍ਰਤੀਬੰਧਾਂ, ਕੰਮ ਦੀ ਲੋਕੇਸ਼ਨ, ਕੰਮ ਦੇ ਸਕੋਪ ਅਤੇ ਇਸ ਨੂੰ ਮੁਕੰਮਲ ਕਰਨ ਦੇ ਸਮੇਂ ਸਬੰਧੀ ਹੋਰ ਵੇਰਵਿਆਂ ਲਈ ਕਿਰਪਾ ਕਰਕੇ ਬੀਬੀਐਮਬੀ ਦੀ ਵੈੱਬਸਾਈਟ ’ਤੇ ਪਧਾਰਿਆ ਜਾਵੇ। ਚਾਹਵਾਨ ਪਾਰਟੀਆਂ ਵੈੱਬਸਾਈਟ ’ਤੇ ਪ੍ਰਦਾਨ ਕੀਤੇ ਵੇਰਵਿਆਂ/ਫਾਰਮੇਟ ਦੇ ਅਨੁਸਾਰ ਲੋੜੀਂਦੇ ਵੇਰਵਿਆਂ ਸਹਿਤ ਆਪਣੀ ਈਓਆਈ ਨੂੰ ਮੋਹਰਬੰਦ ਲਿਫਾਫੇ ਵਿਚ ਹੈਂਡ ਡਿਲੀਵਰੀ/ਰਜਿਸਟਰਡ ਡਾਕ ਰਾਹੀਂ 13.09.2022 ਨੂੰ ਬਾ.ਦੁ. 3.00 ਵਜੇ ਤੱਕ ਜਮ੍ਹਾਂ ਕਰਵਾ ਸਕਦੀਆਂ ਹਨ।
**ਦਫ਼ਤਰ ਸੀਨੀ. ਕਾਰਜਕਾਰੀ ਇੰਜੀਨੀਅਰ,**
**ਆਰਐਮ ਐਂਡ ਐਸਆਰ ਡਿਵੀਜ਼ਨ, ਨੰਗਲ ਟਾਊਨਸ਼ਿਪ, ਜ਼ਿਲ੍ਹਾ ਰੋਪੜ-140124 (ਪੰਜਾਬ)**
1480-PR-Bhakra Dam-6 **ਆਪਣੇ ਬਿਹਤਰ ਭਵਿੱਖ ਲਈ ਅੱਜ ਹੀ ਬਿਜਲੀ ਬਚਾਓ।**

**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ**
**ਈ-ਟੈਂਡਰ ਸੂਚਨਾ**
(ਪ੍ਰੈਸ ਨੋਟ)
e-tender No: PRTC/XEN/2K22/53 Dated: 25.08.2022
ਕਾਰਜਕਾਰੀ ਇੰਜੀਨੀਅਰ ਪੀਆਰਟੀਸੀ ਨਾਭਾ ਰੋਡ, ਪਟਿਆਲਾ ਵੱਲੋਂ ਨਿਮਨ ਦਰਸਾਏ ਕੰਮ ਲਈ ਕੇਂਦਰੀ/ਰਾਜ ਸਰਕਾਰ ਵਿਭਾਗਾਂ ਤੇ ਪੀਐਸਯੂਜ਼ ਨਾਲ ਸੂਚੀਕ੍ਰਿਤ ਪਾਤਰ ਠੇਕੇਦਾਰਾਂ ਤੇ ਕਿਰਤ ਤੇ ਉਸਾਰੀ ਸਭਾਵਾਂ ਤੋਂ ਟੈਂਡਰ ਮੰਗੇ ਜਾਂਦੇ ਹਨ-
1. ਐਸਆਈਈਡੀਐਸ ਮਹੂਆਣਾ ਵਿਚ ਮੇਨ ਬਿਲਡਿੰਗ, ਬਾਊਂਡਰੀ ਵਾਲ ਤੇ ਮੇਨ ਗੇਟ ਦੀ ਰਿਪੇਅਰ ਮੈਂਟੇਨੈਂਸ। (ਟੈਂਡਰ ਰਾਸ਼ੀ ਰੁ. 14.42 ਲੱਖ ਅਤੇ ਬਿਆਨਾ ਰਕਮ ਰੁ. 28840.00)

ਬੋਲੀ ਸੱਦਾ ਸੂਚਨਾ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਪ੍ਰਤੀਬੰਧਾਂ ਲਈ ਵੈੱਬਸਾਈਟ tenderwizard.com/PUNJAB ਵੇਖੋ- 31.08.2022 ਨੂੰ ਸਵੇਰੇ 11.00 ਵਜੇ ਤੋਂ 12.09.2022 ਬਾ.ਦੁ. 1.00 ਵਜੇ ਤੱਕ, ਤਕਨੀਕੀ ਬੋਲੀ ਖੋਲ੍ਹਣ ਦੀ ਮਿਤੀ: 13.09.2022 ਨੂੰ ਸਵੇਰੇ 11.00 ਵਜੇ।
**ਨੋਟ:** ਸ਼ੁੱਧੀ ਪੱਤਰ/ਜਮੀਮਾ ਪੀਆਰਟੀਸੀ ਵੈੱਬਸਾਈਟ ’ਤੇ ਜਾਰੀ ਕੀਤਾ ਜਾਵੇਗਾ- www.pepsurtc.com
**ਸਹੀ/-**
**ਕਾਰਜਕਾਰੀ ਇੰਜੀਨੀਅਰ,**
DPR/Pb/16562 **ਪੀਆਰਟੀਸੀ, ਪਟਿਆਲਾ।**

**GOVERNMENT COLLEGE, MACHHIWARA (LDH)**
**WALK IN INTERVIEW**
Eligible and qualified candidates are informed to attend walk in interview which is scheduled on 31st August 2022 from 10.00 AM onwards for the following posts purely on contract basis for the Session 2022-2023 under PTA.
English-01, Punjabi-01, History-01, Physical Education-01, Computer Science-01, Mathematics-01, Physics-01, Chemistry-01, Political Science-01, Hindi-01, Clerk-01, Mali-01, Chowkidar-02
DI-12779 **Sd/-Chairperson PTA**

**ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀ, ਬਠਿੰਡਾ**
**(ਰਜਿਸਟਰਡ ਤਹਿਤ ਸੁਸਾਇਟੀਜ਼ ਰਜਿਸਟਰੇਸ਼ਨ ਐਕਟ XXI ਆਫ 1860)**
**ਨੋਟਿਸ**
ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੈਟਲ ਪੋਂਡ ਹਰਰਾਏਪੁਰ (ਸਰਕਾਰੀ ਗਊਸ਼ਾਲਾ) ਨੂੰ ਚਲਾਉਣ ਹਿੱਤ ਇਕ ਸਾਲ ਲਈ ਕਿਸੇ ਐਨ.ਜੀ.ਓ. ਜਾਂ ਧਾਰਮਿਕ ਸੰਸਥਾ ਨੂੰ ਸਪੁਰਦ ਕੀਤਾ ਜਾਣਾ ਹੈ। ਇਸ ਲਈ ਕੋਈ ਵੀ ਚਾਹਵਾਨ ਐਨ.ਜੀ.ਓ. ਜਾਂ ਧਾਰਮਿਕ ਸੰਸਥਾ ਮਿਤੀ 02.09.2022 ਤੱਕ ਸ਼ਾਮ 5.00 ਵਜੇ ਤੱਕ ਆਪਣੇ ਬਿਨੈ-ਪੱਤਰ ਦਫਤਰ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਬਠਿੰਡਾ (ਮਿੰਨੀ ਸਕੱਤਰੇਤ, ਬਠਿੰਡਾ) ਵਿਖੇ ਦੇ ਸਕਦਾ ਹੈ।
**ਸਹੀ/- ਵਧੀਕ ਡਿਪਟੀ ਕਮਿਸ਼ਨਰ (ਵਿ)-ਕਮ-ਮੈਂਬਰ**
DPR/Pb/16603 **ਸਕੱਤਰ ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀ, ਬਠਿੰਡਾ।**

**ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
**ਦੂਸਰੀ ਮੰਜ਼ਿਲ, ਐਸ.ਸੀ.ਓ. 33-34-35, ਸੈਕਟਰ-17-ਏ, ਚੰਡੀਗੜ੍ਹ**
**(ਤੀਜੀ ਅਤੇ ਚੌਥੀ ਮੰਜ਼ਿਲ ’ਤੇ ਵੀ ਐਡੀਸ਼ਨਲ ਸਥਾਨ ਅਲਾਟਿਡ)**
**ਕੇਸ ਨੰ: OA/2002/2021**
ਕਰਜ਼ਾ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂ 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਦੇ ਨਾਲ ਪੜ੍ਹੇ ਜਾਣ ਵਾਲੇ ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਅਧੀਨ ਸੰਮਨ।
Exh. No: 10098
**ਪੰਜਾਬ ਨੈਸ਼ਨਲ ਬੈਂਕ**
ਬਨਾਮ
**ਐਚਡੀਐਫਸੀ ਬੈਂਕ**
ਬਨਾਮ : ਬਲਵੰਤ ਸਿੰਘ ਸੋਹਲ ਪੁੱਤਰ ਸ. ਦਲੀਪ ਸਿੰਘ ਸੋਹਲ ਨਿਵਾਸੀ ਪਿੰਡ ਮੋਰਾਂਵਾਲੀ, ਪੀਐਸ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ।
**ਸੰਮਨ**
**ਜਦੋਂਕਿ OA/2002/2021 ਦੀ ਸੁਣਵਾਈ ਮਿਤੀ 12.07.2022 ਨੂੰ ਮਾਣਯੋਗ ਸਭਾਪਤੀ/ਰਜਿਸਟਰਾਰ ਦੇ ਸਾਹਮਣੇ ਹੋਈ ਸੀ।**
ਜਦੋਂਕਿ ਇਸ ਮਾਣਯੋਗ ਟ੍ਰਿਬਿਊਨਲ ਵੱਲੋਂ (ਨੱਥੀ ਦਸਤਾਵੇਜ਼ਾਂ ਆਦਿ ਦੀਆਂ ਕਾਪੀਆਂ ਸਹਿਤ ਬਿਨੈ-ਪੱਤਰ) **ਰੁ. 6966741/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖ਼ਿਲਾਫ਼ ਐਕਟ (ਓਏ) ਦੀ ਧਾਰਾ 19(4) ਅਧੀਨ ਉਕਤ ਬਿਨੈ-ਪੱਤਰ ’ਤੇ ਸੰਮਨ/ਨੋਟਿਸ ਜਾਰੀ ਕੀਤਾ ਗਿਆ।
ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਨੁਸਾਰ ਨਿਰਦੇਸ਼ ਦਿੱਤੇ ਗਏ:
i) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸੋ ਕਿ ਬੇਨਤੀ ਕੀਤੇ ਅਨੁਸਾਰ ਰਾਹਤ ਕਿਉਂ ਨਾ ਪ੍ਰਦਾਨ ਕੀਤੀ ਜਾਵੇ।
ii) ਮੂਲ ਬਿਨੈ-ਪੱਤਰ ਦੇ ਲੜੀ ਨੰ. 3ਏ ਅਧੀਨ ਬਿਨੈਕਾਰ ਵੱਲੋਂ ਨਿਰਦਿਸ਼ਟ ਪ੍ਰਾਪਰਟੀਜ਼ ਅਤੇ ਅਸਾਸਿਆਂ ਤੋਂ ਇਲਾਵਾ ਪ੍ਰਾਪਰਟੀਜ਼ ਜਾਂ ਅਸਾਸਿਆਂ ਦਾ ਵੇਰਵਾ ਦੱਸਣਾ।
iii) ਪ੍ਰਾਪਰਟੀਜ਼ ਦੀ ਅਟੈਚਮੈਂਟ ਲਈ ਬਿਨੈ-ਪੱਤਰ ਦੀ ਵਿਚਾਰ ਅਧੀਨ ਸੁਣਵਾਈ ਅਤੇ ਡਿਸਪੋਜਲ ਦੇ ਚੱਲਦੇ ਮੂਲ ਬਿਨੈ-ਪੱਤਰ ਦੇ ਲੜੀ ਨੰਬਰ 3ਏ ਦੇ ਤਹਿਤ ਡਿਸਕਲੋਜ ਕੀਤੇ ਅਜਿਹੇ ਹੋਰ ਅਸਾਸਿਆਂ ਅਤੇ ਪ੍ਰਾਪਰਟੀਜ਼ ਜਾਂ ਸਕਿਓਰਡ ਅਸਾਸਿਆਂ ਦੀ ਡਿਸਕਲੋਜਿੰਗ ਜਾਂ ਡੀਲਿੰਗ ’ਤੇ ਤੁਹਾਡੇ ਉੱਤੇ ਪਾਬੰਦੀ ਹੈ।
iv) ਤੁਸੀਂ ਟ੍ਰਿਬਿਊਨਲ ਦੀ ਪਹਿਲਾਂ ਪ੍ਰਵਾਨਗੀ ਲਏ ਬਿਨਾਂ ਮੂਲ ਬਿਨੈ-ਪੱਤਰ ਦੇ ਲੜੀ ਨੰ. 3ਏ ਅਧੀਨ ਨਿਰਦਿਸ਼ਟ ਜਾਂ ਡਿਸਕਲੋਜ ਕੀਤੇ ਹੋਰ ਅਸਾਸਿਆਂ ਅਤੇ ਪ੍ਰਾਪਰਟੀਜ਼ ਜਾਂ/ਅਤੇ ਸਕਿਓਰਡ ਇੰਟਰਸਟ ਵਾਲੇ ਅਸਾਸਿਆਂ ਦੇ ਕਿਸੇ ਵੀ ਸਾਧਾਰਨ ਬਿਜ਼ਨਸ ਤੋਂ ਇਲਾਵਾ ਕਿਸੇ ਹੋਰ ਰੂਪ ਵਿਚ ਇਸ ਦੀ ਵਿਕਰੀ, ਲੀਜ਼ ਰਾਹੀਂ ਟਰਾਂਸਫਰ ਨਹੀਂ ਕਰੋਗੇ।
v) ਤੁਸੀਂ ਸਾਧਾਰਨ ਬਿਜ਼ਨਸ ਵਿਚ ਕਿਸੇ ਵੀ ਸਕਿਓਰਡ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਪ੍ਰਾਪਰਟੀਜ਼ ਦੀ ਵਿਕਰੀ ਰਾਹੀਂ ਪ੍ਰਾਪਤ ਵਿਕਰੀ ਕੀਮਤ ਲਈ ਖਾਤਾ ਬਣਾਉਂਦੇ ਹੋਏ ਰਕਮ ਨੂੰ ਅਜਿਹੇ ਅਸਾਸਿਆਂ ਸਬੰਧੀ ਸਕਿਓਰਿਟੀ ਇੰਟਰਸਟ ਵਾਲੇ ਬੈਂਕ ਜਾਂ ਮਾਲੀ ਸੰਸਥਾਵਾਂ ਵਿਚ ਮੈਂਟੇਨ ਕੀਤੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਬਿਨੈਕਾਰ ਨੂੰ ਇਕ ਕਾਪੀ ਭੇਜਣ ਸਹਿਤ ਲਿਖਤ ਸਟੇਟਮੈਂਟ ਫਾਈਲ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ ਅਤੇ ਤੁਸੀਂ **27.10.2022 ਨੂੰ ਸਵੇਰੇ 10.30 ਵਜੇ** ਇਸ ਟ੍ਰਿਬਿਊਨਲ ਦੇ ਸਾਹਮਣੇ ਹਾਜ਼ਰ ਹੋਵੋ, ਨਹੀਂ ਤਾਂ ਬਿਨੈ-ਪੱਤਰ ’ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ ਵਿਚ ਨਿਰਣਾ ਦੇ ਦਿੱਤਾ ਜਾਵੇਗਾ।
**ਸਾਰੇ ਮੋਡ:**
**ਅੱਜ ਮਿਤੀ 25.07.2022 ਨੂੰ ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਅਧੀਨ ਜਾਰੀ।**

**ਮਾਈਨਜ਼ ਅਤੇ ਜਿਆਓਲੋਜੀ ਵਿਭਾਗ, ਪੰਜਾਬ**

**ਜਨਤਕ ਸੂਚਨਾਂ**

ਇਸ ਇਸ਼ਤਿਹਾਰ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਮਾਈਨਜ਼ ਅਤੇ ਜਿਆਲੋਜੀ ਦੇ ਅਧੀਨ ਪੈਂਦੀਆਂ ਖੱਡਾਂ/ਸਾਈਟਾਂ ਦੇ ਸਟਾਕਯਾਰਡਾਂ ਉੱਪਰ ਹੇਠ ਦਰਸਾਏ ਟੇਬਲ ਅਨੁਸਾਰ ਰੇਤਾ/ਆਰ.ਬੀ.ਐਮ. ਦਾ ਸਟਾਕ ਆਮ ਜਨਤਾ ਦੇ ਖਰੀਦਣ ਲਈ ਉਪਲੱਬਧ ਹੈ। ਇਸ ਸਟਾਕ ਦੀ ਖ੍ਰੀਦ ਲਈ ਖੱਡਾਂ/ਸਾਈਟਾਂ ਦੇ ਨਾਮ ਦੇ ਸਾਹਮਣੇ ਲਿਖੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਮਟੀਰੀਅਲ ਦੀ ਖਰੀਦ ਕੀਤੀ ਜਾ ਸਕਦੀ ਹੈ। ਇਸ ਸਬੰਧੀ ਵਿਭਾਗ ਦੀ ਹੈਲਪਲਾਈਨ ਨੰ: **18001802422 ਜਾਂ 9410980760** ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਟਰਾਂਸਪੋਰਟ ਦਾ ਪ੍ਰਬੰਧ ਖਰੀਦਦਾਰ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ। ਇਹ ਮਟੀਰੀਅਲ ਸਾਰੀਆਂ ਸਾਈਟਾਂ ਤੇ ਸਰਕਾਰੀ ਰੇਟ 9 ਰੁਪਏ ਕਿਊਬਕ ਫੁੱਟ+ਜੀ.ਐਸ.ਟੀ. ਦੀ ਦਰ ਤੇ ਉਪਲੱਬਧ ਹੋਵੇਗਾ।

| S. No | District | Name of Mine | Stock in Hand(MT) | Name of Junior Engineer | Mob No |
|---|---|---|---|---|---|
| 1 | Ropar | Bari Haveli | 2670.68 | Sh.Akshyat Bansal | 8930464819 |
| 2 | Jalandhar | Kadiana | 6130.1 | Sh.Surinder Parshad | 9310884003 |
| 3 | Jalandhar | Meowal and Mausahib | 22115.62 | Sh.Amarjit | 6239118344 |
| 4 | Jalandhar | TalwandiNauabad-Burj Hasan | 107846.67 | Sh.Hardeep Singh | 9803911491 |
| 5 | Jalandhar | Poari (Lassara Complex) | 4506.76 | Sh.Rakesh Kumar | 8288900177 |
| 6 | Jalandhar | Kadiana - New | 22298.28 | Sh.Surinder Parshad | 9310884003 |
| 7 | Jalandhar | Vehran | 46363.76 | Sh.Manpreet Singh | 9855144738 |
| 8 | Ludhiana | Rour Complex - 1 (Rour& Sasrali) | 14329.44 | Sh.Karminder Singh | 7009916674 |
| 9 | Ludhiana | JamalpurLaily Complex (Boont) | 981.28 | Sh.Parvesh Shukla | 9780552776 |
| 10 | Ludhiana | Madhepur complex-3 ( Madhepur) (NEW) | 14098.3 | Sh.Ismitpal Singh | 9988044011 |
| 11 | Ludhiana | JamalpurLaily Complex - (Sujatwal) | 15841.55 | Sh.Ankit Kumar | 8384842435 |
| 12 | Ludhiana | Seed Farm 1 - Complex | 32185.68 | Sh.Sandeep Parshad | 7888565957 |
| 13 | Ludhiana | Rour Complex - 3 (Rour) | 5386.97 | Sh.Karminder Singh | 7009916674 |
| 14 | Ludhiana | Boont | 2403.43 | Sh.Parvesh Shukla | 9780552776 |
| 15 | Ludhiana | Hujra | 53923.51 | Sh.Ashish Kumar | 7009553392 |
| 16 | Ludhiana | Akkuwal | 103119.56 | Sh.Lovish Goyal | 7589168877 |
| 17 | SBS Nagar | RailBramad1 | 34528.8 | Sh.Barinder Singh | 9478832227 |
| 18 | SBS Nagar | RailBramad2 | 159121.56 | Sh.Ravneet Singh | 8557033532 |
| 19 | SBS Nagar | RailBramad3 | 60430.36 | Sh.Davinder Kumar | 9463855435 |
| 20 | Gurdaspur | Mughlan | 48521 | Sh.Manmohan Sharma | 8725868450 |
| 21 | Gurdaspur | Chak Ram Sahai | 68591.2 | Sh. Navdeep Singh | 8054143420 |
| 22 | Gurdaspur | RajiBeli | 174536.84 | Sh. Vishal Attri | 8054100676 |
| 23 | Pathankot | Muthi | 31269.46 | Sh. Sandeep Singh | 7009048396 |
| 24 | Pathankot | Samrala | 58304.6 | Sh. Sandeep Singh | 7009048396 |
| 25 | Pathankot | Madhopur | 195546.22 | Sh.Sangamdeep Singh | 8437756343 |
| 26 | Pathankot | KhaKhara | 370066.42 | Sh. Sukhdeep Singh | 7696847207 |
| 27 | Pathankot | Bhadrali | 419482.49 | Sh.Gurwinder | 8054035565 |
| 28 | Jalandhar | Pipli | 64271.86 | Sh.Keshav | 7888314041 |
| 29 | Jalandhar | Kaimwala | 10564.27 | Sh.Manpreet Singh | 9855144738 |

**ਡਾਇਰੈਕਟਰ**
**ਮਾਈਨਜ਼ ਅਤੇ ਜਿਆਓਲੋਜੀ, ਪੰਜਾਬ।**


Sri Satguru Jagjit Singh Ji eLibrary NamdhariElibrary@gmail.com

# ਅੰਦਰੂਨੀ ਸ਼ਾਂਤੀ ਬਹਾਲੀ ਤੇ ਬਾਹਰੀ ਵਿਰੋਧ ਨੂੰ ਨਾਕਾਮ ਕਰਨ 'ਚ ਪੁਲੀਸ ਦੀ ਭੂਮਿਕਾ ਅਹਿਮ: ਵੋਹਰਾ

## ਸੇਵਾਮੁਕਤ ਆਈਪੀਐੱਸ ਅਧਿਕਾਰੀ ਬੀਐੱਲ ਵੋਹਰਾ ਦੀ ਸਵੈ-ਜੀਵਨੀ 'ਐਨ ਅਨਲਾਈਕਲੀ ਪੁਲੀਸ ਚੀਫ਼' ਲੋਕ ਅਰਪਣ

**ਟ੍ਰਿਬਿਊਨ ਨਿਊਜ਼ ਸਰਵਿਸ**
**ਨਵੀਂ ਦਿੱਲੀ, 26 ਅਗਸਤ**

ਪੁਲੀਸ ਦੀ ਭੂਮਿਕਾ ਦੀ ਅਹਿਮੀਅਤ ਨੂੰ ਉਭਾਰਦਿਆਂ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਐੱਨ.ਐੱਨ. ਵੋਹਰਾ ਨੇ ਅੱਜ ਕਿਹਾ ਕਿ ਪੁਲੀਸ ਉਤੇ ਜਨਤਾ ਪ੍ਰਤੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਅੰਦਰੂਨੀ ਅਸ਼ਾਂਤੀ ਤੇ ਵਿਗੜੀ ਵਿਵਸਥਾ ਦਾ ਭਾਰਤ ਦੇ ਵਿਰੋਧੀ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਵੋਹਰਾ ਨੇ ਸੇਵਾਮੁਕਤ ਆਈਪੀਐੱਸ ਅਧਿਕਾਰੀ ਬੀ.ਐਲ. ਵੋਹਰਾ ਦੀ ਸਵੈ-ਜੀਵਨੀ 'ਐਨ ਅਨਲਾਈਕਲੀ ਪੁਲੀਸ ਚੀਫ਼' ਲੋਕ ਅਰਪਣ ਕਰਨ ਮੌਕੇ ਮੁੱਖ ਮਹਿਮਾਨ ਵਜੋਂ ਇਹ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿਚ ਪੁਲੀਸ ਦੀ ਅਹਿਮ ਭੂਮਿਕਾ ਹੈ। ਇਸ ਲਈ 'ਪੁਲੀਸਿੰਗ' ਨੂੰ ਹੋਰ ਗੰਭੀਰਤਾ ਨਾਲ ਲੈਣ ਦੀ ਲੋੜ ਹੈ ਤੇ ਪੁਲੀਸ ਵਿਭਾਗ ਨੂੰ ਸਾਰੀ ਜ਼ਰੂਰੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ। ਪੁਸਤਕ ਲੋਕ ਅਰਪਣ ਕਰਨ ਮੌਕੇ ਮੰਚ ਉਤੇ ਮੌਜੂਦ ਡੀਜੀਪੀ ਪ੍ਰਕਾਸ਼ ਸਿੰਘ ਵੱਲੋਂ ਪੁਲੀਸ ਸੁਧਾਰ ਦੀ ਪਹਿਲ ਦਾ ਜ਼ਿਕਰ ਕਰਦਿਆਂ ਵੋਹਰਾ ਨੇ ਕਿਹਾ ਕਿ ਉਨ੍ਹਾਂ ਕਾਫ਼ੀ ਯਤਨ ਕੀਤੇ, ਪਰ ਅੰਤ ਵਿਚ ਕੋਈ ਖਾਸ ਨਤੀਜਾ ਨਹੀਂ ਨਿਕਲਿਆ। ਲੇਖਕ ਦੀ ਪ੍ਰਸ਼ੰਸਾ ਕਰਦਿਆਂ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਨੇ ਕਿਹਾ, 'ਹਾਲਾਂਕਿ ਉਨ੍ਹਾਂ (ਲੇਖਕ ਨੇ) ਆਪਣੀ ਕਿਤਾਬ ਰਾਹੀਂ ਸਾਨੂੰ ਪੁਲੀਸ ਅਧਿਕਾਰੀ ਦੇ ਰੂਪ ਵਿਚ ਆਪਣੇ ਲੰਮੇ ਕਰੀਅਰ ਦੌਰਾਨ ਨਿਭਾਈਆਂ ਗਈਆਂ ਵੱਖ-ਵੱਖ ਭੂਮਿਕਾਵਾਂ ਦੇ ਆਪਣੇ ਤਜਰਬਿਆਂ ਬਾਰੇ ਦੱਸਿਆ ਹੈ, ਫਿਰ ਵੀ ਇਸ ਕਿਤਾਬ ਰਾਹੀਂ ਇਕ ਚਰਚਾ ਹਵੇਗੀ ਕਿ ਅਸੀਂ ਕਿਥੇ ਅਸਫ਼ਲ ਰਹੇ ਹਾਂ।' ਸਾਬਕਾ ਡੀਜੀਪੀ ਪ੍ਰਕਾਸ਼ ਸਿੰਘ ਨੇ ਪੁਸਤਕ ਲਿਖਣ ਲਈ ਬੀਐੱਲ ਵੋਹਰਾ ਦੀ ਸ਼ਲਾਘਾ ਕੀਤੀ।


ਦੀ ਟ੍ਰਿਬਿਊਨ ਟਰੱਸਟ ਦੇ ਚੇਅਰਮੈਨ ਅਤੇ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਐੱਨ ਐੱਨ ਵੋਹਰਾ, ਪ੍ਰਕਾਸ਼ ਸਿੰਘ (ਸੱਜੇ) ਅਤੇ ਸੇਵਾਮੁਕਤ ਆਈਪੀਐੱਸ ਬੀਐੱਲ ਵੋਹਰਾ (ਖੱਬੇ) ਦੀ ਪੁਸਤਕ 'ਐਨ ਅਨਲਾਈਕਲੀ ਪੁਲੀਸ ਚੀਫ' ਰਿਲੀਜ਼ ਕਰਦੇ ਹੋਏ। -ਫੋਟੋ: ਮੁਕੇਸ਼ ਅਗਰਵਾਲ

### ਕਾਂਸਟੇਬਲ ਨੂੰ ਕਾਬਲੀਅਤ ਵਿਖਾਉਣ ਦਾ ਮੌਕਾ ਦੇਣ ਸੀਨੀਅਰ ਅਧਿਕਾਰੀ

ਸਾਬਕਾ ਰਾਜਪਾਲ ਐੱਨ.ਐੱਨ. ਵੋਹਰਾ ਨੇ ਕਿਹਾ, "ਪੁਲੀਸ ਦੇ ਸਿਆਸੀਕਰਨ ਕਰਕੇ ਭ੍ਰਿਸ਼ਟਾਚਾਰ, ਗ਼ੈਰਜ਼ਿੰਮੇਵਾਰੀ, ਅਨੁਸ਼ਾਸਨਹੀਣਤਾ ਤੇ ਪੇਸ਼ੇਵਰਾਨਾ ਪਹੁੰਚ ਦੀ ਘਾਟ ਜਿਹੀਆਂ ਮੁਸ਼ਕਲਾਂ ਪੈਦਾ ਹੁੰਦੀਆਂ ਹਨ।" ਉਨ੍ਹਾਂ ਸੁਝਾਅ ਦਿੱਤਾ, "ਡੀਜੀਪੀ, ਆਈਜੀਪੀ ਜਾਂ ਉਸ ਮਾਮਲੇ ਲਈ ਹਰ ਜ਼ਿਲ੍ਹੇ ਦੇ ਐੱਸਪੀ ਨੂੰ ਕਾਨੂੰਨ ਲਾਗੂ ਕਰਨ ਦਾ ਆਪਣਾ ਫ਼ਰਜ਼ ਨਿਭਾਉਣ ਲਈ ਕਾਂਸਟੇਬਲ ਨੂੰ ਪੂਰਾ ਮੌਕਾ ਦੇਣਾ ਚਾਹੀਦਾ ਹੈ। ਜੇਕਰ ਉਹ ਗ਼ਲਤ ਹੁੰਦਾ ਹੈ ਤਾਂ ਉਸ ਨੂੰ ਬਰਖਾਸਤ ਕਰੋ ਜਾਂ ਕੋਈ ਹੋਰ ਉਚਿਤ ਕਾਰਵਾਈ ਕਰੋ, ਪਰ ਉਸ ਨੂੰ ਕੰਮ ਕਰਨ ਦੇਵੋ। ਜਦੋਂ ਤੱਕ ਤੁਸੀਂ ਉਸ ਨੂੰ ਨਿਰਪੱਖ ਤੇ ਆਜ਼ਾਦਾਨਾ ਤਰੀਕੇ ਨਾਲ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੰਦੇ, ਉਦੋਂ ਤੱਕ ਸਿਸਟਮ ਕੰਮ ਨਹੀਂ ਕਰੇਗਾ।"

# 'ਅਗਨੀਪਥ' ਯੋਜਨਾ ਲਈ ਹੋਣ ਵਾਲੀ ਨੇਪਾਲੀ ਗੋਰਖਿਆਂ ਦੀ ਭਰਤੀ ਰੱਦ

**ਨਵੀਂ ਦਿੱਲੀ/ਕਾਠਮੰਡੂ, 26 ਅਗਸਤ**

ਨੇਪਾਲ ਸਰਕਾਰ ਵੱਲੋਂ ਜਵਾਬ ਨਾ ਮਿਲਣ ਕਾਰਨ 'ਅਗਨੀਪਥ' ਯੋਜਨਾ ਤਹਿਤ ਨੇਪਾਲੀ ਗੋਰਖਿਆਂ ਦੀ ਹੋਣ ਵਾਲੀ 'ਅਗਨੀਵੀਰ' ਭਰਤੀ ਰੈਲੀ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਭਰਤੀ ਰੈਲੀ 25 ਅਗਸਤ ਨੂੰ ਹੋਣੀ ਸੀ, ਜਿਸ ਨੂੰ ਰੋਕ ਦਿੱਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਨੇਪਾਲ ਸਥਿਤ ਭਾਰਤੀ ਦੂਤਾਵਾਸ ਨੇ ਇਸ ਭਰਤੀ ਲਈ ਨੇਪਾਲ ਸਰਕਾਰ ਨੂੰ ਪਹਿਲਾਂ ਹੀ ਇਜਾਜ਼ਤ ਮੰਗੀ ਸੀ, ਪਰ ਕੋਈ ਜਵਾਬ ਨਾ ਮਿਲਣ 'ਤੇ ਭਰਤੀ ਰੈਲੀ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਭਾਰਤ ਨੇ ਵੀਰਵਾਰ ਕਿਹਾ ਸੀ ਕਿ ਉਹ 'ਅਗਨੀਪਥ' ਸਕੀਮ ਤਹਿਤ ਗੋਰਖਿਆਂ ਨੂੰ ਸੈਨਾ ਵਿਚ ਭਰਤੀ ਕਰਦਾ ਰਹੇਗਾ। ਹਾਲਾਂਕਿ ਕੁਝ ਰਿਪੋਰਟਾਂ ਵਿਚ ਸਾਹਮਣੇ ਆਇਆ ਸੀ ਕਿ ਨੇਪਾਲ ਸਰਕਾਰ ਆਪਣੇ ਮੁਲਕ ਦੇ ਨੌਜਵਾਨਾਂ ਦੀ ਇਸ ਸਕੀਮ ਤਹਿਤ ਭਰਤੀ 'ਚ ਬਹੁਤੀ ਦਿਲਚਸਪੀ ਨਹੀਂ ਲੈ ਰਹੀ ਹੈ। ਵੀਰਵਾਰ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਸੀ ਕਿ, 'ਅਸੀਂ ਲੰਮੇ ਸਮੇਂ ਤੋਂ ਭਾਰਤੀ ਸੈਨਾ ਵਿਚ ਗੋਰਖਿਆਂ ਨੂੰ ਭਰਤੀ ਕਰ ਰਹੇ ਹਾਂ। ਅਗਾਂਹ ਵੀ ਭਾਰਤ ਅਗਨੀਪਥ ਸਕੀਮ ਤਹਿਤ ਗੋਰਖਾ ਸੈਨਿਕਾਂ ਨੂੰ ਭਰਤੀ ਕਰਦਾ ਰਹੇਗਾ।' ਇਸੇ ਦੌਰਾਨ ਭਾਰਤੀ ਫ਼ੌਜ ਨੇ ਅੱਜ ਕਿਹਾ ਕਿ ਨੇਪਾਲ ਦੇ ਗੋਰਖਿਆਂ ਦੀ ਭਰਤੀ ਕਰਨ ਬਾਰੇ ਸੋਸ਼ਲ ਮੀਡੀਆ ਉਤੇ ਕੁਝ ਫ਼ਰਜ਼ੀ ਸੁਨੇਹੇ ਭੇਜੇ ਜਾ ਰਹੇ ਹਨ। ਉਨ੍ਹਾਂ ਦੇਸ਼ ਦੇ ਨਾਗਰਿਕਾਂ ਨੂੰ ਚੌਕਸ ਕੀਤਾ ਕਿ ਉਹ ਇਨ੍ਹਾਂ ਉਤੇ ਯਕੀਨ ਨਾ ਕਰਨ। -ਏਜੰਸੀ

- ਨੇਪਾਲ ਸਰਕਾਰ ਵੱਲੋਂ ਨਹੀਂ ਮਿਲਿਆ ਕੋਈ ਜਵਾਬ
- ਭਾਰਤੀ ਸੈਨਾ ਨੇ ਭਰਤੀ ਦੇ ਫ਼ਰਜ਼ੀ ਸੁਨੇਹਿਆਂ ਬਾਰੇ ਕੀਤਾ ਚੌਕਸ

# ਊੜੀ 'ਚ ਘੁਸਪੈਠ ਰੋਕਣ ਲਈ ਆਧੁਨਿਕ ਨਿਗਰਾਨੀ ਉਪਕਰਨ ਵਰਤ ਰਹੀ ਹੈ ਸੈਨਾ

**ਸ੍ਰੀਨਗਰ, 26 ਅਗਸਤ**

ਥਲ ਸੈਨਾ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਜੰਮੂ ਕਸ਼ਮੀਰ ਦੇ ਊੜੀ ਸੈਕਟਰ ਵਿੱਚ ਕੰਟਰੋਲ ਰੇਖਾ ਦੇ ਨਾਲ ਘੁਸਪੈਠ ਰੋਕਣ ਲਈ ਨਵੀਂ ਪੀੜ੍ਹੀ ਦੇ ਨਿਗਰਾਨੀ ਉਪਕਰਨਾਂ ਦੀ ਵਰਤੋਂ ਕੀਤੀ ਸੀ। ਥਲ ਸੈਨਾ ਨੇ ਕਿਹਾ ਕਿ ਇਨ੍ਹਾਂ ਉਪਕਰਨਾਂ ਵਿੱਚ ਹਵਾਈ ਤੇ ਜ਼ਮੀਨੀ ਸੈਂਸਰ ਤੇ ਹਥਿਆਰ ਸ਼ਾਮਲ ਸਨ ਤੇ ਇਸ ਦੌਰਾਨ ਘੁਸਪੈਠ ਦਾ ਯਤਨ ਕਰਦੇ ਤਿੰਨ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ। ਇਥੇ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਥਲ ਸੈਨਾ ਦੀ 19 ਇਨਫੈਂਟਰੀ ਡਿਵੀਜ਼ਨ ਦੇ ਜਨਰਲ ਆਫੀਸਰ ਕਮਾਂਡਿੰਗ ਮੇਜਰ ਜਨਰਲ ਅਜੈ ਚਾਂਦਪੁਰੀ ਨੇ ਕਿਹਾ ਕਿ ਇਹ ਪੂਰਾ ਅਪਰੇਸ਼ਨ ਮਿਲਟਰੀ ਇੰਟੈਲੀਜੈਂਸ, ਜੰਮੂ ਕਸ਼ਮੀਰ ਪੁਲੀਸ ਤੇ ਥਲ ਸੈਨਾ ਦੇ ਆਪਣੇ ਜ਼ਮੀਨੀ ਸਰੋਤਾਂ ਸਣੇ ਵੱਖ ਵੱਖ ਸਰੋਤਾਂ ਤੋਂ ਇਕੱਤਰ ਭਰੋਸੇਯੋਗ ਜਾਣਕਾਰੀ 'ਤੇ ਆਧਾਰਿਤ ਸੀ। -ਪੀਟੀਆਈ

## ਪਹਿਲੇ ਸਫ਼ੇ ਤੋਂ

# ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਨੂੰ ਅਲਵਿਦਾ ਕਿਹਾ

73 ਵਰ੍ਹਿਆਂ ਦੇ ਆਗੂ ਨੇ ਕਿਹਾ ਕਿ 'ਦਰਬਾਰੀਆਂ' ਦੀ ਸਰਪ੍ਰਸਤੀ ਹੇਠ ਕਾਂਗਰਸ ਦਾ ਕੰਮਕਾਰ ਚੱਲਣ ਕਾਰਨ ਪਾਰਟੀ ਨੇ ਇੱਛਾਸ਼ਕਤੀ ਅਤੇ ਸਮਰੱਥਾ ਗੁਆ ਲਈ ਹੈ। ਪੱਤਰ 'ਚ ਰਾਹੁਲ ਗਾਂਧੀ ਦਾ ਨਾਮ ਲੈਂਦਿਆਂ ਆਜ਼ਾਦ ਨੇ ਕਿਹਾ ਕਿ 'ਰਿਮੋਟ ਕੰਟਰੋਲ ਮਾਡਲ' ਨੇ ਯੂਪੀਏ ਸਰਕਾਰ ਨੂੰ ਨੁਕਸਾਨ ਪਹੁੰਚਾਇਆ ਸੀ ਅਤੇ ਹੁਣ ਇਹ ਕਾਂਗਰਸ ਪਾਰਟੀ ਨੂੰ ਢਾਹ ਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਫ਼ੈਸਲੇ ਰਾਹੁਲ ਗਾਂਧੀ ਵੱਲੋਂ ਲਏ ਜਾਂਦੇ ਹਨ ਜਾਂ ਫਿਰ ਉਸ ਦੇ ਸੁਰੱਖਿਆ ਗਾਰਡ ਅਤੇ ਪੀਏ ਲੈ ਰਹੇ ਹਨ। ਸੋਨੀਆ ਗਾਂਧੀ ਨੂੰ ਭੇਜੇ ਪੱਤਰ 'ਚ ਆਜ਼ਾਦ ਨੇ ਕਿਹਾ,"ਬਦਕਿਸਮਤੀ ਨਾਲ ਰਾਹੁਲ ਗਾਂਧੀ ਦੇ ਸਿਆਸਤ 'ਚ ਦਾਖ਼ਲੇ ਮਗਰੋਂ ਅਤੇ ਖਾਸ ਕਰਕੇ 2013 ਤੋਂ ਬਾਅਦ ਜਦੋਂ ਉਸ ਨੂੰ ਤੁਹਾਡੇ ਵੱਲੋਂ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਤਾਂ ਉਸ ਨੇ ਸਲਾਹ-ਮਸ਼ਵਰੇ ਵਾਲੇ ਪੂਰੇ ਪ੍ਰਬੰਧ ਨੂੰ ਖ਼ਤਮ ਕਰ ਦਿੱਤਾ। ਸਾਰੇ ਸੀਨੀਅਰ ਅਤੇ ਤਜਰਬੇਕਾਰ ਆਗੂਆਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਗਿਆ ਅਤੇ ਚਾਪਲੂਸ ਗ਼ੈਰਤਜਰਬੇਕਾਰ ਨਵੇਂ ਦਰਬਾਰੀਆਂ ਨੇ ਪਾਰਟੀ ਦੀ ਕਮਾਨ ਸੰਭਾਲ ਲਈ।" ਉਨ੍ਹਾਂ ਕਿਹਾ ਕਿ ਕਾਂਗਰਸ ਨੇ ਕੌਮੀ ਪੱਧਰ 'ਤੇ ਭਾਜਪਾ ਲਈ ਪੂਰਾ ਰਾਹ ਖਾਲੀ ਕਰ ਦਿੱਤਾ ਜਦਕਿ ਸੂਬਾ ਪੱਧਰ 'ਤੇ ਖੇਤਰੀ ਪਾਰਟੀਆਂ ਉਸ 'ਤੇ ਭਾਰੂ ਪੈ ਗਈਆਂ। 'ਪਿਛਲੇ ਅੱਠ ਸਾਲਾਂ 'ਚ ਲੀਡਰਸ਼ਿਪ ਨੇ ਇਕ ਗ਼ੈਰ-ਗੰਭੀਰ ਵਿਅਕਤੀ ਨੂੰ ਪਾਰਟੀ 'ਤੇ ਥੋਪਣ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਕਾਂਗਰਸ ਦਾ ਤਕਰੀਬਨ ਸਫਾਇਆ ਹੋ ਚੁੱਕਿਆ ਹੈ।' ਆਜ਼ਾਦ ਨੇ ਕਿਹਾ ਕਿ ਭਾਰਤ ਜੋੜੋ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਆਗੂਆਂ ਨੂੰ ਪੂਰੇ ਦੇਸ਼ 'ਚ 'ਕਾਂਗਰਸ ਜੋੜੋ' ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਆਗੂਆਂ ਨੂੰ ਕਿਸੇ ਅਹੁਦੇ ਲਈ ਜੇਕਰ ਚੁਣਿਆ ਵੀ ਗਿਆ ਤਾਂ ਉਹ ਕਠਪੁਤਲੀ ਤੋਂ ਵੱਧ ਕੁਝ ਵੀ ਨਹੀਂ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਏਆਈਸੀਸੀ ਚਲਾ ਰਹੇ ਦਰਬਾਰੀਆਂ ਦੇ ਨਿਰਦੇਸ਼ 'ਤੇ ਅੱਜ ਮੇਰਾ ਜੰਮੂ 'ਚ ਨਕਲੀ ਜਨਾਜ਼ਾ ਕੱਢਿਆ ਗਿਆ। 'ਜਿਨ੍ਹਾਂ ਇਹ ਅਨੁਸ਼ਾਸਨਹੀਣਤਾ ਦਿਖਾਈ ਹੈ, ਉਨ੍ਹਾਂ ਨੂੰ ਏਆਈਸੀਸੀ ਦੇ ਜਨਰਲ ਸਕੱਤਰਾਂ ਅਤੇ ਰਾਹੁਲ ਗਾਂਧੀ ਦੀ ਨਿੱਜੀ ਸ਼ਹਿ ਪ੍ਰਾਪਤ ਹੈ।' ਉਨ੍ਹਾਂ ਕਿਹਾ ਕਿ 2014 'ਚ ਸੋਨੀਆ ਗਾਂਧੀ ਅਤੇ ਉਸ ਤੋਂ ਬਾਅਦ ਰਾਹੁਲ ਦੀ ਅਗਵਾਈ ਹੇਠ ਕਾਂਗਰਸ ਨੂੰ ਲੋਕ ਸਭਾ ਦੀਆਂ ਦੋ ਚੋਣਾਂ 'ਚ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਅੱਜ ਸਿਰਫ਼ ਦੋ ਸੂਬਿਆਂ 'ਚ ਰਾਜ ਹੈ ਅਤੇ ਦੋ ਸੂਬਿਆਂ 'ਚ ਹੋਰ ਪਾਰਟੀਆਂ ਦੀ ਗੱਠਜੋੜ ਨਾਲ ਸੱਤਾ 'ਚ ਹੈ। ਗੁਲਾਮ ਨਬੀ ਆਜ਼ਾਦ ਨੇ ਪੱਤਰ 'ਚ ਲਿਖਿਆ ਕਿ 2019 ਦੀਆਂ ਚੋਣਾਂ ਤੋਂ ਬਾਅਦ ਪਾਰਟੀ ਦੇ ਹਾਲਾਤ ਹੋਰ ਵਿਗੜੇ ਹਨ। 'ਕਾਂਗਰਸ ਦੇ ਸੀਨੀਅਰ ਆਗੂਆਂ, ਜਿਨ੍ਹਾਂ ਪਾਰਟੀ ਲਈ ਆਪਣੀ ਉਮਰ ਲਗਾ ਦਿੱਤੀ, ਨੂੰ ਇਕ ਮੀਟਿੰਗ ਦੌਰਾਨ ਰਾਹੁਲ ਗਾਂਧੀ ਵੱਲੋਂ ਅਪਮਾਨਿਤ ਕੀਤਾ ਗਿਆ। ਰਾਹੁਲ ਕਾਰਜਕਾਲ 'ਚ ਪ੍ਰਧਾਨਗੀ ਦੇ ਅਹੁਦੇ ਤੋਂ ਲਾਂਭੇ ਹੋ ਗਿਆ ਅਤੇ ਉਸ ਤੋਂ ਬਾਅਦ ਪਿਛਲੇ ਤਿੰਨ ਸਾਲਾਂ ਤੋਂ ਤੁਸੀਂ (ਸੋਨੀਆ) ਅੰਤਰਿਮ ਪ੍ਰਧਾਨ ਹੋ।' ਗਾਂਧੀ ਪਰਿਵਾਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਸੋਨੀਆ ਗਾਂਧੀ ਤਾਂ ਨਾਮ ਦੀ ਮੁਖੀ ਹੈ ਅਤੇ ਸਾਰੇ ਫ਼ੈਸਲੇ ਰਾਹੁਲ ਗਾਂਧੀ ਵੱਲੋਂ ਲਏ ਜਾ ਰਹੇ ਹਨ ਜਾਂ ਉਸ ਦੇ ਸੁਰੱਖਿਆ ਗਾਰਡ ਅਤੇ ਪੀਏ ਲੈ ਰਹੇ ਹਨ। ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਹਿ ਚੁੱਕੇ ਆਜ਼ਾਦ ਨੇ ਰਾਹੁਲ ਗਾਂਧੀ ਵੱਲੋਂ ਯੂਪੀਏ ਸਰਕਾਰ ਸਮੇਂ ਮੀਡੀਆ ਸਾਹਮਣੇ ਸਰਕਾਰੀ ਆਰਡੀਨੈਂਸ ਪਾੜਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਅੱਲ੍ਹੜਪੁਣੇ ਦੀ ਸਭ ਤੋਂ ਵੱਡੀ ਮਿਸਾਲ ਹੈ। 'ਰਾਹੁਲ ਦੇ ਬਚਗਾਨਾ ਰਵੱਈਏ ਨੇ ਪ੍ਰਧਾਨ ਮੰਤਰੀ ਅਤੇ ਭਾਰਤ ਸਰਕਾਰ ਨੂੰ ਢਾਹ ਲਗਾਈ। ਸਿਰਫ਼ ਇਕੋ ਵਤੀਰੇ ਨੇ 2014 'ਚ ਯੂਪੀਏ ਸਰਕਾਰ ਦੀ ਹਾਰ 'ਚ ਵੱਡਾ ਯੋਗਦਾਨ ਪਾਇਆ।' -ਪੀਟੀਆਈ

# ਜੀਐੱਨਏ ਦੇ ਡੀਐੱਨਏ ਨੂੰ ਮੋਦੀ ਦਾ ਰੰਗ ਚੜ੍ਹਿਆ: ਜੈਰਾਮ ਰਮੇਸ਼

ਕਾਂਗਰਸ ਲੀਡਰਸ਼ਿਪ ਨੇ ਪੂਰਾ ਸਨਮਾਨ ਦਿੱਤਾ, ਉਸ ਨੇ ਨਿੱਜੀ ਹਮਲਿਆਂ ਨਾਲ ਧੋਖਾ ਦਿੱਤਾ ਹੈ ਜਿਸ ਤੋਂ ਉਸ ਦੇ ਅਸਲ ਕਿਰਦਾਰ ਦਾ ਪਤਾ ਲਗਦਾ ਹੈ। ਉਨ੍ਹਾਂ ਕਿਹਾ,"ਜੀਐੱਨਏ ਦੇ ਡੀਐੱਨਏ 'ਤੇ ਮੋਦੀ ਦਾ ਰੰਗ ਚੜ੍ਹ ਗਿਆ ਹੈ।"ਉਨ੍ਹਾਂ ਕਿਹਾ ਕਿ ਅਜਿਹੇ ਸਮੇਂ 'ਚ ਆਜ਼ਾਦ ਵੱਲੋਂ ਧੋਖਾ ਦੇਣ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਰਿਮੋਟ ਕੰਟਰੋਲ ਨਰਿੰਦਰ ਮੋਦੀ ਦੇ ਹੱਥਾਂ 'ਚ ਹੈ ਅਤੇ ਸੰਸਦ 'ਚ ਦੋਹਾਂ ਵਿਚਕਾਰ 'ਪ੍ਰੇਮ' ਵੀ ਦੇਖਣ ਨੂੰ ਮਿਲਿਆ ਸੀ। ਜੈਰਾਮ ਰਮੇਸ਼ ਨੇ ਕਿਹਾ ਕਿ ਪਹਿਲਾਂ ਸੰਸਦ 'ਚ ਮੋਦੀ ਦੇ ਆਜ਼ਾਦ ਪ੍ਰਤੀ ਹੰਝੂ ਦਿਖਾਈ ਦਿੱਤੇ। ਫਿਰ ਉਨ੍ਹਾਂ ਨੂੰ ਪਦਮ ਵਿਭੂਸ਼ਣ ਦਿੱਤਾ ਗਿਆ ਅਤੇ ਰਿਹਾਇਸ਼ ਲਈ ਵਿਸਥਾਰ ਦਿੱਤਾ ਗਿਆ। 'ਯੇ ਸੰਯੋਗ ਨਹੀਂ ਸਹਿਯੋਗ ਹੈ।' ਕਾਂਗਰਸ ਨੇ ਗੁਲਾਮ ਨਬੀ ਆਜ਼ਾਦ ਵੱਲੋਂ ਪਾਰਟੀ ਤੋਂ ਅਸਤੀਫ਼ਾ ਦੇਣ ਅਤੇ ਨਿਸ਼ਾਨਾ ਬਣਾਉਣ ਦੇ ਕਦਮ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਇਹ ਕਦਮ ਉਸ ਸਮੇਂ ਉਠਾਇਆ ਜਦੋਂ ਪਾਰਟੀ ਭਾਜਪਾ ਨਾਲ ਮਹਿੰਗਾਈ ਅਤੇ ਬੇਰੁਜ਼ਗਾਰੀ ਜਿਹੇ ਮਸਲਿਆਂ ਨਾਲ ਟਾਕਰਾ ਲੈ ਰਹੀ ਹੈ। ਆਪਣੇ ਸਾਬਕਾ ਸਾਥੀ 'ਤੇ ਵਰ੍ਹਦਿਆਂ ਪਾਰਟੀ ਦੇ ਮੀਡੀਆ ਵਿਭਾਗ ਦੇ ਮੁਖੀ ਪਵਨ ਖੇੜਾ ਨੇ ਕਿਹਾ ਕਿ ਰਾਜ ਸਭਾ ਦੀ ਮਿਆਦ ਖ਼ਤਮ ਹੋਣ ਮਗਰੋਂ ਹੀ ਆਜ਼ਾਦ ਬੇਚੈਨ ਹੋ ਗਏ ਸਨ। ਖੇੜਾ ਮੁਤਾਬਕ ਆਜ਼ਾਦ ਬਿਨਾਂ ਕਿਸੇ ਅਹੁਦੇ ਦੇ ਇਕ ਸਕਿੰਟ ਵੀ ਨਹੀਂ ਰਹਿ ਸਕਦੇ ਹਨ। ਜੀ-23 ਧੜੇ ਦੇ ਆਗੂ ਸੰਦੀਪ ਦੀਕਸ਼ਿਤ ਨੇ ਆਜ਼ਾਦ ਵੱਲੋਂ ਪਾਰਟੀ ਤੋਂ ਅਸਤੀਫ਼ਾ ਦੇਣ ਨੂੰ ਧੋਖਾ ਕਰਾਰ ਦਿੱਤਾ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਆਜ਼ਾਦ ਵੱਲੋਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦੇ ਐਲਾਨ ਨੂੰ ਮੰਦਭਾਗਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਕੋਈ ਸੀਨੀਅਰ ਆਗੂ ਅਜਿਹਾ ਕੋਈ ਕਦਮ ਉਠਾਉਂਦਾ ਹੈ ਤਾਂ ਇਸ ਨਾਲ ਪਾਰਟੀ 'ਤੇ ਅਸਰ ਪੈਂਦਾ ਹੈ। -ਪੀਟੀਆਈ

# ਜੰਮੂ-ਕਸ਼ਮੀਰ ਕਾਂਗਰਸ ਦੇ ਪੰਜ ਆਗੂਆਂ ਵੱਲੋਂ ਆਜ਼ਾਦ ਦੀ ਹਮਾਇਤ 'ਚ ਅਸਤੀਫ਼ੇ


ਦਿੱਲੀ 'ਚ ਗੁਲਾਮ ਨਬੀ ਆਜ਼ਾਦ ਦੀ ਰਿਹਾਇਸ਼ ਦੇ ਬਾਹਰ ਜੰਮੂ ਕਸ਼ਮੀਰ ਕਾਂਗਰਸ ਦੇ ਆਗੂ। -ਫੋਟੋ: ਮਾਨਸ ਰੰਜਨ ਭੂਈ

ਆਰ. ਐੱਸ. ਚਿੱਬ ਤੇ ਜੀ.ਐੱਮ.ਸਰੂਰੀ, ਸਾਬਕਾ ਵਿਧਾਇਕ ਮੁਹੰਮਦ ਅਮੀਨ ਭੱਟ, ਸਾਬਕਾ ਐੱਮਐੱਲਸੀ ਨਰੇਸ਼ ਗੁਪਤਾ ਤੇ ਪਾਰਟੀ ਆਗੂ ਸਲਮਾਨ ਨਿਜ਼ਾਮੀ ਨੇ ਗੁਲਾਮ ਨਬੀ ਆਜ਼ਾਦ ਦੀ ਹਮਾਇਤ ਵਿੱਚ ਅੱਜ ਕਾਂਗਰਸ 'ਚੋਂ ਅਸਤੀਫ਼ੇ ਦੇ ਦਿੱਤੇ। ਸਾਬਕਾ ਸੰਸਦ ਮੈਂਬਰ ਜੁਗਲ ਕਿਸ਼ੋਰ ਸ਼ਰਮਾ ਤੇ ਸਾਬਕਾ ਵਿਧਾਇਕਾਂ ਹਾਜੀ ਅਬਦੁਲ ਰਾਸ਼ਿਦ, ਚੌਧਰੀ ਮੁਹੰਮਦ ਅਕਰਮ ਤੇ ਗੁਲਜ਼ਾਰ ਅਹਿਮਦ ਵਾਨੀ ਸਣੇ ਪੰਜ ਹੋਰ ਆਗੂ ਪਾਰਟੀ ਤੋਂ ਲਾਂਭੇ ਹੋਣ ਦੀ ਤਿਆਰੀ ਵਿੱਚ ਹਨ। ਇਕ ਹੋਰ ਸੀਨੀਅਰ ਆਗੂ ਮੁਨੀਰ ਅਹਿਮਦ ਮੀਰ ਦੇ ਵੀ ਜਲਦੀ ਅਸਤੀਫ਼ਾ ਦੇਣ ਦੇ ਚਰਚੇ ਹਨ। ਚਿੱਬ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਸੰਬੋਧਨ ਕੀਤੇ ਆਪਣੇ ਅਸਤੀਫ਼ੇ ਵਿੱਚ ਕਿਹਾ, "ਪਿਛਲੇ ਕੁਝ ਦਹਾਕਿਆਂ ਤੋਂ ਜੰਮੂ ਕਸ਼ਮੀਰ ਰਾਜ ਵਿੱਚ ਪੱਸਰੀ ਬੇਚੈਨੀ ਨੂੰ ਵੇਖਦਿਆਂ ਲੋਕਾਂ ਨੂੰ 'ਆਜ਼ਾਦ' ਵਰਗੇ ਫੈਸਲਾ ਲੈਣ ਵਾਲੇ ਆਗੂ ਦੀ ਲੋੜ ਹੈ, ਜੋ ਚੰਗੇਰੇ ਭਵਿੱਖ ਲਈ ਉਨ੍ਹਾਂ ਨੂੰ ਸੇਧ ਦੇ ਸਕੇ। ਮੇਰਾ ਮੰਨਣਾ ਹੈ ਕਿ ਕਾਂਗਰਸ ਪਾਰਟੀ ਉਹ ਭੂਮਿਕਾ ਨਹੀਂ ਨਿਭਾ ਸਕੀ, ਜਿਸ ਦੀ ਉਸ ਤੋਂ ਆਸ ਸੀ।" ਕਾਂਗਰਸ ਦੀ ਜੰਮੂ ਕਸ਼ਮੀਰ ਇਕਾਈ ਦੇ ਸਾਬਕਾ ਉਪ ਪ੍ਰਧਾਨ ਸਰੂਰੀ ਸਣੇ ਹੋਰਨਾਂ ਆਗੂਆਂ ਨੇ ਆਪਣੇ ਅਸਤੀਫ਼ੇ ਪਾਰਟੀ ਨੂੰ ਭੇਜਣ ਤੋਂ ਪਹਿਲਾਂ ਨਵੀਂ ਦਿੱਲੀ ਵਿੱਚ ਆਜ਼ਾਦ ਨਾਲ ਮੁਲਾਕਾਤ ਵੀ ਕੀਤੀ। ਪੀਡੀਪੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਉਹ ਕੋਈ ਟਿੱਪਣੀ ਨਹੀਂ ਕਰਨਗੇ ਕਿਉਂਕਿ ਇਹ ਕਾਂਗਰਸ ਪਾਰਟੀ ਦਾ ਅੰਦਰੂਨੀ ਮਸਲਾ ਹੈ। ਨੈਸ਼ਨਲ ਕਾਨਫਰੰਸ ਆਗੂ ਉਮਰ ਅਬਦੁੱਲਾ ਨੇ ਕਿਹਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਵਿੱਚ ਇੰਜ ਅੰਦਰੂਨੀ ਵਿਸਫੋਟ ਹੋਣਾ ਦੁਖਦਾਈ ਤੇ ਡਰਾਉਣ ਵਾਲਾ ਹੈ। -ਪੀਟੀਆਈ

# ਅੰਬਾਲਾ ਨੇੜੇ ਪਿੰਡ ਬਲਾਨਾ ਵਿੱਚ ਪਰਿਵਾਰ ਦੇ 6 ਜੀਆਂ ਦੀ ਭੇਤਭਰੀ ਮੌਤ


ਆਸ਼ੂ, ਸੁਖਵਿੰਦਰ, ਰੀਨਾ ਅਤੇ ਜਸਮੀਤ ਦੀਆਂ ਫਾਈਲ ਤਸਵੀਰਾਂ।

ਹਨ। ਪੀੜਤਾਂ ਵਿੱਚ ਸੁਖਵਿੰਦਰ ਸਿੰਘ (34), ਉਸ ਦਾ ਪਿਤਾ ਸੰਗਤ ਸਿੰਘ(65), ਮਾਤਾ ਮਹਿੰਦਰੋ, ਪਤਨੀ ਰੀਨਾ ਤੇ ਧੀਆਂ ਜਸਮੀਤ(7) ਅਤੇ ਅਸ਼ਮੀਤ (5) ਸ਼ਾਮਲ ਹਨ। ਪੁਲੀਸ ਨੇ ਪੀੜਤ ਪਰਿਵਾਰ ਦੇ ਜਵਾਈ ਸਤੀਸ਼ ਕੁਮਾਰ ਦੀ ਸ਼ਿਕਾਇਤ 'ਤੇ ਸਾਈ ਹਾਂਡਾ ਯਮੁਨਾਨਗਰ ਦੇ ਮਾਲਕ ਕਵੀ ਨਰੂਲਾ ਅਤੇ ਬਾਲ ਕਿਸ਼ਨ ਠਾਕੁਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਸੁਖਵਿੰਦਰ ਦੀ ਧੀ ਅਸ਼ਮੀਤ ਦਾ ਅੱਜ ਜਨਮ ਦਿਨ ਸੀ। ਉਸ ਦੇ ਭਾਣਜੇ ਨੇ ਜਨਮ ਦਿਨ ਦੀ ਵਧਾਈ ਦੇਣ ਲਈ ਕਈ ਫੋਨ ਕੀਤੇ, ਪਰ ਜਦੋਂ ਕੋਈ ਜਵਾਬ ਨਾ ਮਿਲਿਆ ਤਾਂ ਭਾਣਜੇ ਨੇ ਗੁਆਂਢੀਆਂ ਨੂੰ ਫੋਨ ਕੀਤਾ, ਜਿਸ ਤੋਂ ਬਾਅਦ ਇਸ ਵਾਰਦਾਤ ਦਾ ਖ਼ੁਲਾਸਾ ਹੋਇਆ। ਪਰਿਵਾਰ ਦੇ ਮੈਂਬਰ ਬੇਹੋਸ਼ੀ ਦੀ ਹਾਲਤ ਵਿਚ ਪਏ ਸਨ। ਸੁਖਵਿੰਦਰ ਦੇ ਮਾਤਾ-ਪਿਤਾ ਇਕ ਬੈੱਡ 'ਤੇ ਪਏ ਸਨ। ਦੂਜੇ ਬੈੱਡ 'ਤੇ ਉਸ ਦੀ ਪਤਨੀ ਅਤੇ ਬੱਚਿਆਂ ਦੀਆਂ ਲਾਸ਼ਾਂ ਪਈਆਂ ਸਨ।

# ਮੁਫ਼ਤ ਸਹੂਲਤਾਂ ਖ਼ਿਲਾਫ਼ ਅਰਜ਼ੀਆਂ ਤਿੰਨ ਜੱਜਾਂ ਦੇ ਬੈਂਚ ਹਵਾਲੇ

ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਅਰਜ਼ੀਆਂ ਚਾਰ ਹਫ਼ਤਿਆਂ ਮਗਰੋਂ ਸੂਚੀਬੱਧ ਕੀਤੀਆਂ ਜਾਣਗੀਆਂ। ਸੁਪਰੀਮ ਕੋਰਟ ਨੇ 2013 ਦੇ ਆਪਣੇ ਫ਼ੈਸਲੇ 'ਚ ਕਿਹਾ ਸੀ ਕਿ ਜਨ ਪ੍ਰਤੀਨਿਧ ਐਕਟ ਦੀ ਧਾਰਾ 123 'ਚ ਨਿਰਧਾਰਤ ਮਾਪਦੰਡਾਂ ਦੀ ਸਮੀਖਿਆ ਕਰਨ ਅਤੇ ਉਨ੍ਹਾਂ 'ਤੇ ਵਿਚਾਰ ਕਰਨ ਤੋਂ ਬਾਅਦ ਉਹ ਇਸ ਫ਼ੈਸਲੇ 'ਤੇ ਪਹੁੰਚੇ ਹਨ ਕਿ ਚੋਣ ਮਨੋਰਥ ਪੱਤਰਾਂ 'ਚ ਕੀਤੇ ਗਏ ਵਾਅਦਿਆਂ ਨੂੰ ਧਾਰਾ 123 ਤਹਿਤ ਭ੍ਰਿਸ਼ਟ ਆਚਰਣ ਨਹੀਂ ਕਿਹਾ ਜਾ ਸਕਦਾ ਹੈ।

ਬੈਂਚ ਨੇ ਕਿਹਾ ਕਿ ਅਰਜ਼ੀਕਾਰਾਂ ਦੀ ਮੁੱਖ ਦਲੀਲ ਇਹ ਹੈ ਕਿ ਅਜਿਹੇ ਚੋਣ ਵਾਅਦਿਆਂ ਦਾ ਸੂਬਿਆਂ ਦੇ ਅਰਥਚਾਰੇ 'ਤੇ ਅਸਰ ਪੈਂਦਾ ਹੈ ਅਤੇ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ। 'ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਜਿਹੇ ਚੁਣਾਵੀ ਲੋਕਤੰਤਰ 'ਚ ਅਸਲ ਤਾਕਤ ਵੋਟਰਾਂ ਕੋਲ ਹੁੰਦੀ ਹੈ। ਇਹ ਵੋਟਰ ਹੀ ਤੈਅ ਕਰਦਾ ਹੈ ਕਿ ਕਿਹੜੀ ਪਾਰਟੀ ਜਾਂ ਉਮੀਦਵਾਰ ਸੱਤਾ 'ਚ ਆਵੇਗਾ ਅਤੇ ਉਹ ਵਿਧਾਨਕ ਕਾਰਜਕਾਲ ਦੇ ਅਖੀਰ 'ਚ ਉਸ ਪਾਰਟੀ ਜਾਂ ਉਮੀਦਵਾਰ ਦੇ ਪ੍ਰਦਰਸ਼ਨ ਦਾ ਵੀ ਮੁਲਾਂਕਣ ਕਰਦੇ ਹਨ।' ਸਿਖਰਲੀ ਅਦਾਲਤ ਨੇ ਵੀਰਵਾਰ ਨੂੰ ਸੁਣਵਾਈ ਦੌਰਾਨ ਕਿਹਾ ਸੀ ਕਿ ਸਿਆਸੀ ਪਾਰਟੀਆਂ ਵੱਲੋਂ ਮੁਫ਼ਤ ਸੌਗਾਤਾਂ ਦੇਣ ਦੀ ਰਵਾਇਤ ਨਾਲ ਸਬੰਧਤ 'ਗੰਭੀਰ' ਮੁੱਦੇ 'ਤੇ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ। ਬੈਂਚ ਨੇ ਪੁੱਛਿਆ ਸੀ ਕਿ ਕੇਂਦਰ ਇਸ ਮੁੱਦੇ 'ਤੇ ਸਰਬ ਪਾਰਟੀ ਮੀਟਿੰਗ ਕਿਉਂ ਨਹੀਂ ਸੱਦ ਸਕਦਾ ਹੈ। -ਪੀਟੀਆਈ

# ਸੋਨਾਲੀ ਨੂੰ ਮੁਲਜ਼ਮਾਂ ਨੇ 'ਨਸ਼ੀਲਾ ਪਦਾਰਥ' ਪਿਲਾਇਆ: ਪੁਲੀਸ

ਨੇ ਦੱਸਿਆ ਕਿ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਫੋਗਾਟ ਨੂੰ ਡਰਿੰਕ 'ਚ 'ਕੋਈ ਕੈਮੀਕਲ' ਮਿਲਾ ਕੇ ਪਿਲਾਉਂਦੇ ਦੇਖੇ ਗਏ ਹਨ ਜੋ ਕਿ ਫੋਗਾਟ ਨੂੰ ਦੋ ਵਾਰ ਪਿਲਾਇਆ ਗਿਆ। ਇਹ ਘਟਨਾ ਗੋਆ ਦੇ ਅੰਜੁਨਾ ਬੀਚ 'ਤੇ ਕਰਲੀਜ਼ ਰੈਸਟੋਰੈਂਟ ਵਿਚ 22 ਤੇ 23 ਅਗਸਤ ਦੀ ਦਰਮਿਆਨੀ ਰਾਤ ਨੂੰ ਵਾਪਰੀ ਸੀ। ਸਾਂਗਵਾਨ ਤੇ ਸੁਖਵਿੰਦਰ ਨੇ ਪੁਲੀਸ ਕੋਲ ਇਹ ਮੰਨ ਲਿਆ ਹੈ ਕਿ ਉਨ੍ਹਾਂ ਡਰਿੰਕ ਵਿਚ ਕੈਮੀਕਲ ਮਿਲਾਇਆ ਸੀ। ਪੁਲੀਸ ਮੁਤਾਬਕ ਦੋਵੇਂ 23 ਅਗਸਤ ਨੂੰ ਸੁਵੱਖਤੇ ਕਰੀਬ 4.30 ਵਜੇ ਫੋਗਾਟ ਨੂੰ ਰੈਸਤਰਾਂ ਦੇ ਵਾਸ਼ਰੂਮ ਵਿਚ ਲਿਜਾਂਦੇ ਵੀ ਨਜ਼ਰ ਆਏ ਸਨ। ਉਹ ਕਰੀਬ ਦੋ ਘੰਟੇ ਵਾਸ਼ਰੂਮ ਵਿਚ ਹੀ ਰਹੇ। ਬਿਸ਼ਨੋਈ ਨੇ ਕਿਹਾ ਕਿ ਇਹ ਪੁੱਛ-ਪੜਤਾਲ ਵਿਚ ਸਾਹਮਣੇ ਆਵੇਗਾ ਕਿ ਉਨ੍ਹਾਂ ਦੋ ਘੰਟਿਆਂ ਦੌਰਾਨ ਕੀ ਹੋਇਆ। ਪਾਰਟੀ ਵਿਚ ਮੁਲਜ਼ਮਾਂ ਦੇ ਨਾਲ ਦੋ ਹੋਰ ਔਰਤਾਂ ਵੀ ਸਨ ਤੇ ਉਨ੍ਹਾਂ ਕੇਕ ਵੀ ਕੱਟਿਆ। ਉਨ੍ਹਾਂ ਦੋਵਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਫੋਗਾਟ ਦੇ ਸਰੀਰ 'ਤੇ 'ਕਈ ਡੂੰਘੀਆਂ ਸੱਟਾਂ ਦੇ ਨਿਸ਼ਾਨ ਮਿਲਣ 'ਤੇ ਪੁਲੀਸ ਨੇ ਕਿਹਾ ਕਿ ਮੁਲਜ਼ਮਾਂ ਮੁਤਾਬਕ ਇਹ ਉਦੋਂ ਰਗੜ ਖਾਣ ਕਾਰਨ ਆਈਆਂ ਹੋ ਸਕਦੀਆਂ ਹਨ ਜਦ ਉਸ ਨੂੰ ਹਸਪਤਾਲ ਲਿਜਾਇਆ ਗਿਆ। ਪੁਲੀਸ ਉਨ੍ਹਾਂ ਟੈਕਸੀ ਡਰਾਈਵਰਾਂ ਦੇ ਬਿਆਨ ਵੀ ਦਰਜ ਕਰੇਗੀ ਜੋ ਸੋਨਾਲੀ ਨੂੰ ਰੈਸਤਰਾਂ ਤੋਂ ਉਸ ਹੋਟਲ ਲੈ ਕੇ ਗਏ ਜਿੱਥੇ ਉਹ ਠਹਿਰੀ ਹੋਈ ਸੀ ਤੇ ਮਗਰੋਂ ਹਸਪਤਾਲ ਵੀ ਲੈ ਕੇ ਗਏ। ਪੁਲੀਸ ਮੁਤਾਬਕ ਕੁਝ ਹੋਰ ਲੋਕਾਂ ਨੇ ਵੀ ਮੁੰਬਈ ਤੋਂ ਫੋਗਾਟ ਕੋਲ ਪਹੁੰਚਣਾ ਸੀ। -ਪੀਟੀਆਈ

# ਸ਼ਾਹ ਵੱਲੋਂ ਜੰਮੂ ਕਸ਼ਮੀਰ ਦੇ ਭਾਜਪਾ ਆਗੂਆਂ ਨਾਲ ਮੀਟਿੰਗ

ਸ਼ਕਤੀ ਰਾਜ ਪਰਿਹਾਰ ਸਣੇ ਹੋਰ ਕਈ ਸੀਨੀਅਰ ਪਾਰਟੀ ਆਗੂ ਮੌਜੂਦ ਸਨ। ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ, ਜੋ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਪਾਰਟੀ ਮਾਮਲਿਆਂ ਦੇ ਇੰਚਾਰਜ ਹਨ, ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਇਹ ਮੀਟਿੰਗ ਅਜਿਹੇ ਮੌਕੇ ਹੋਈ ਹੈ ਜਦੋਂ ਜੰਮੂ ਕਸ਼ਮੀਰ ਨਾਲ ਸਬੰਧਤ ਸੀਨੀਅਰ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਨੇ ਪਾਰਟੀ ਨੂੰ ਅਲਵਿਦਾ ਆਖ ਦਿੱਤੀ ਹੈ। ਭਾਜਪਾ ਵਿਚਲੇ ਸੂਤਰਾਂ ਨੇ ਕਿਹਾ ਕਿ ਆਗੂਆਂ ਦੀ ਅੱਜ ਦੀ ਮੀਟਿੰਗ ਪਹਿਲਾਂ ਹੀ ਨਿਰਧਾਰਿਤ ਸੀ। ਇਸ ਦੌਰਾਨ ਜੰਮੂ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਵੀ ਅੱਜ ਸ਼ਾਹ ਨੂੰ ਮਿਲੇ। -ਪੀਟੀਆਈ

# ਯੂਜੀਸੀ ਨੇ 21 ਯੂਨੀਵਰਸਿਟੀਆਂ 'ਫਰਜ਼ੀ' ਐਲਾਨੀਆਂ

ਵੀ ਡਿਗਰੀ ਦੇਣ ਦਾ ਅਧਿਕਾਰ ਨਹੀਂ ਹੈ। 'ਫਰਜ਼ੀ' ਐਲਾਨੀਆਂ ਗਈਆਂ ਇਨ੍ਹਾਂ 21 ਵਿਦਿਅਕ ਸੰਸਥਾਵਾਂ 'ਚ ਦਿੱਲੀ ਦੀਆਂ ਆਲ ਇੰਡੀਆ ਇੰਸਟੀਚਿਊਟ ਆਫ ਪਬਲਿਕ ਐਂਡ ਫਿਜ਼ੀਕਲ ਹੈਲਥ ਸਾਇੰਸਜ਼, ਕਮਰਸ਼ੀਅਲ ਯੂਨੀਵਰਸਿਟੀ ਲਿਮਟਡ ਦਰਿਆਗੰਜ, ਯੂਨਾਈਟਡ ਨੇਸ਼ਨਜ਼ ਯੂਨੀਵਰਸਿਟੀ, ਵੋਕੇਸ਼ਨਲ ਯੂਨੀਵਰਸਿਟੀ, ਏਡੀਆਰ-ਸੈਂਟਰਿਕ ਜੁਡੀਸ਼ੀਅਲ ਯੂਨੀਵਰਸਿਟੀ, ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਂਡ ਇੰਜਨੀਅਰਿੰਗ, ਵਿਸ਼ਵਕਰਮਾ ਓਪਨ ਯੂਨੀਵਰਸਿਟੀ ਫਾਰ ਸੈਲਫ-ਐਂਪਲਾਈਮੈਂਟ ਅਤੇ ਅਧਿਆਤਮਕ ਵਿਸ਼ਵਵਿਦਿਆਲਿਆ ਸ਼ਾਮਲ ਹਨ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਵਿੱਚ ਗਾਂਧੀ ਹਿੰਦੀ ਵਿੱਦਿਆਪੀਠ, ਨੈਸ਼ਨਲ ਯੂਨੀਵਰਸਿਟੀ ਆਫ ਇਲੈਕਟਰੋ ਕੰਪਲੈਕਸ ਹੋਮਿਓਪੈਥੀ, ਨੇਤਾਜੀ ਸੁਭਾਸ਼ ਚੰਦਰ ਬੋਸ ਯੂਨੀਵਰਸਿਟੀ (ਓਪਨ ਯੂਨੀਵਰਸਿਟੀ), ਭਾਰਤੀ ਸਿੱਖਿਆ ਪਰਿਸ਼ਦ ਸ਼ਾਮਲ ਹਨ। ਹੋਰ ਸੰਸਥਾਵਾਂ ਵਿੱਚ ਬਦਗਾਨਵੀ ਸਰਕਾਰ ਵਰਲਡ ਓਪਨ ਯੂਨੀਵਰਸਿਟੀ ਐਜੂਕੇਸ਼ਨ ਸੁਸਾਇਟੀ (ਕਰਨਾਟਕ), ਸੇਂਟ ਜੌਨ'ਜ਼ ਯੂਨੀਵਰਸਿਟੀ (ਕੇਰਲਾ), ਰਾਜਾ ਅਰਬੇਕ ਯੂਨੀਵਰਸਿਟੀ (ਨਾਗਪੁਰ), ਇੰਡੀਅਨ ਇੰਸਟੀਚਿਊਟ ਆਫ ਅਲਟਰਨੇਟਿਵ ਮੈਡੀਸਨ ਅਤੇ ਇੰਸਟੀਚਿਊਟ ਆਫ ਅਲਟਰਨੇਟਿਵ ਮੈਡੀਸਨ ਐਂਡ ਰਿਸਰਚ (ਕੋਲਕਾਤਾ), ਨਵਭਾਰਤ ਸ਼ਿਕਸ਼ਾ ਪਰਿਸ਼ਦ ਅਤੇ ਨੌਰਥ ਉੜੀਸਾ ਯੂਨੀਵਰਸਿਟੀ ਆਫ ਐਗਰੀਕਲਚਰ ਐਂਡ ਟੈਕਨਾਲੋਜੀ (ਉੜੀਸਾ),ਸ੍ਰੀ ਬੋਧੀ ਅਕੈਡਮੀ ਆਫ ਹਾਇਰ ਐਜੂਕੇਸ਼ਨ (ਪੁੱਡੂਚੇਰੀ) ਅਤੇ ਕਰਾਈਸਟ ਨਿਊ ਟੈਸਟਾਮੈਂਟ ਡੀਮਡ ਯੂਨੀਵਰਸਿਟੀ (ਆਂਧਰਾ ਪ੍ਰਦੇਸ਼) ਸ਼ਾਮਲ ਹਨ। -ਪੀਟੀਆਈ

# ਪੰਜਾਬ: ਨਵੀਂ ਲੇਬਰ ਅਤੇ ਅਨਾਜ ਟਰਾਂਸਪੋਰਟ ਸੋਧ ਨੀਤੀ ਨੂੰ ਪ੍ਰਵਾਨਗੀ

ਭਰਨ ਦਾ ਫੈਸਲਾ ਕੀਤਾ ਗਿਆ ਹੈ। ਮੰਤਰੀ ਮੰਡਲ ਨੇ ਨਵੀਂ 'ਪੰਜਾਬ ਅਨਾਜ ਲੇਬਰ ਨੀਤੀ' ਅਤੇ ਸੋਧੀ ਹੋਈ 'ਪੰਜਾਬ ਅਨਾਜ ਟਰਾਂਸਪੋਰਟ ਨੀਤੀ' ਨੂੰ ਪ੍ਰਵਾਨਗੀ ਦਿੱਤੀ ਹੈ ਜਿਸ ਦਾ ਉਦੇਸ਼ ਪਾਰਦਰਸ਼ਿਤਾ ਨੂੰ ਹੋਰ ਯਕੀਨੀ ਬਣਾਉਣ ਲਈ ਵਿਆਪਕ ਭਾਈਵਾਲੀ ਵਧਾਉਣ ਦੇ ਨਾਲ-ਨਾਲ ਬੇਲੋੜੀ ਮੁਕੱਦਮੇਬਾਜ਼ੀ ਨੂੰ ਘਟਾਉਣਾ ਹੈ। ਸੋਧੀ ਹੋਈ ਟਰਾਂਸਪੋਰਟ ਨੀਤੀ ਹੁਣ ਝੋਨੇ ਦੀ ਖਰੀਦ ਅਤੇ ਮਿਲਿੰਗ ਲਈ ਕਸਟਮ ਮਿਲਿੰਗ ਨੀਤੀ ਨਾਲ ਮੇਲ ਖਾਂਦੀ ਹੈ। ਸੋਧੀ ਹੋਈ ਟਰਾਂਸਪੋਰਟ ਨੀਤੀ ਵਿਚ ਸਰਕਾਰ ਦੁਆਰਾ ਖਰੀਦੇ ਗਏ ਅਨਾਜ ਦੀ ਢੋਆ-ਢੁਆਈ ਲਈ ਵਰਤੇ ਜਾਣ ਵਾਲੇ ਹਰੇਕ ਵਾਹਨ ਵਿੱਚ ਟਰੈਕਿੰਗ ਸਿਸਟਮ ਲਾਉਣ ਦੀ ਵਿਵਸਥਾ ਲਾਜ਼ਮੀ ਬਣਾਈ ਗਈ ਹੈ। ਟਰੱਕਾਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਮਜ਼ਦੂਰਾਂ ਦੇ ਆਧਾਰ ਨੰਬਰਾਂ ਦੇ ਵੇਰਵਿਆਂ ਨੂੰ ਜਮ੍ਹਾਂ ਕਰਾਉਣ ਦੀ ਜ਼ਰੂਰਤ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ। ਇਸ ਨੀਤੀ ਨੇ ਟੈਂਡਰ ਕੀਤੇ ਕਲੱਸਟਰ ਦਾ ਆਕਾਰ 50 ਹਜ਼ਾਰ ਮੀਟਰਕ ਟਨ ਤੱਕ ਸੀਮਤ ਕਰ ਦਿੱਤਾ ਹੈ। ਇਸ ਕਾਰਨ ਇਕ ਕਲੱਸਟਰ ਵਿੱਚ ਵਾਹਨਾਂ ਅਤੇ ਮਜ਼ਦੂਰਾਂ ਦੀ ਲੋੜ ਘਟਣ ਦੀ ਆਸ ਹੈ ਜਿਸ ਨਾਲ ਮੁਕਾਬਲਾ ਵਧਦਾ ਹੈ। ਦੋਵਾਂ ਨੀਤੀਆਂ ਨੇ ਹੁਣ ਡਿਪਟੀ ਕਮਿਸ਼ਨਰ ਨੂੰ ਟੈਂਡਰ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਹੈ। ਪੰਜਾਬ ਭਰ ਦੇ 582 ਵੈਟਰਨਰੀ ਹਸਪਤਾਲਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ ਪਹਿਲਾਂ ਹੀ ਠੇਕੇ ਦੇ ਆਧਾਰ ਉਤੇ ਕੰਮ ਕਰਦੇ 497 ਵੈਟਰਨਰੀ ਫਾਰਮਾਸਿਸਟਾਂ ਅਤੇ 498 ਕਲਾਸ-4/ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਪਹਿਲੀ ਅਪਰੈਲ 2022 ਤੋਂ 31 ਮਾਰਚ 2023 ਤੱਕ ਵਧਾਉਣ ਵਾਸਤੇ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸਰਕਾਰ ਨੇ 582 ਸਿਵਲ ਵੈਟਰਨਰੀ ਹਸਪਤਾਲਾਂ ਨੂੰ ਪਹਿਲਾਂ ਹੀ ਪੇਂਡੂ ਵੈਟਰਨਰੀ ਅਫ਼ਸਰਾਂ ਦੀਆਂ ਪ੍ਰਵਾਨਿਤ 582 ਅਸਾਮੀਆਂ ਸਮੇਤ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੋਂ ਪਸ਼ੂ ਪਾਲਣ ਵਿਭਾਗ ਨੂੰ ਵਾਪਸ ਤਬਦੀਲ ਕਰ ਦਿੱਤਾ ਹੈ।

# ਬਕਾਇਆ ਕੇਸ ਵੱਡੀ ਚੁਣੌਤੀ: ਜਸਟਿਸ ਰਾਮੰਨਾ

ਰਾਮੰਨਾ ਨੇ ਆਪਣੇ ਵਿਦਾਇਗੀ ਭਾਸ਼ਣ ਵਿੱਚ ਕਿਹਾ ਕਿ ਨਿਆਂਪਾਲਿਕਾ ਦੀਆਂ ਲੋੜਾਂ ਹੋਰਨਾਂ ਨਾਲੋਂ ਵੱਖ ਹਨ। ਉਨ੍ਹਾਂ ਕਿਹਾ ਕਿ ਭਾਰਤ ਦੀ ਨਿਆਂਪਾਲਿਕਾ ਸਮੇਂ ਦੇ ਨਾਲ ਵਧੀ ਫੁਲੀ ਹੈ ਅਤੇ ਇਕ ਹੁਕਮ ਜਾਂ ਫੈਸਲੇ ਨਾਲ ਇਸ ਨੂੰ ਪਰਿਭਾਸ਼ਤ ਜਾਂ ਇਸ ਦੀ ਪਰਖ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸੰਸਥਾ ਦੀ ਭਰੋਸੇਯੋਗਤਾ ਦੀ ਰਾਖੀ ਨਹੀਂ ਕੀਤੀ ਜਾਂਦੀ, ਇਸ ਕੋਰਟ ਦੇ ਅਧਿਕਾਰੀ ਹੋਣ ਦੇ ਨਾਤੇ, ਲੋਕਾਂ ਤੇ ਸਮਾਜ ਤੋਂ ਸਨਮਾਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ, "ਆਓ ਅਸੀਂ ਸਾਰੇ ਆਮ ਆਦਮੀ ਨੂੰ ਤੇਜ਼ ਅਤੇ ਕਿਫਾਇਤੀ ਨਿਆਂ ਦੇਣ ਦੇ ਅਮਲ ਵਿੱਚ ਵਿਚਾਰ-ਵਟਾਂਦਰੇ ਅਤੇ ਸੰਵਾਦ ਨਾਲ ਅੱਗੇ ਵਧੀਏ।" ਸੀਜੇਆਈ ਨੇ ਕਿਹਾ ਕਿ ਉਹ ਕੋਈ ਪਹਿਲੇ ਜਾਂ ਆਖਰੀ ਸ਼ਖ਼ਸ ਨਹੀਂ ਹਨ, ਜਿਨ੍ਹਾਂ ਸੰਸਥਾ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ, "ਲੋਕ ਆਉਂਦੇ-ਜਾਂਦੇ ਹਨ, ਪਰ ਸੰਸਥਾ ਹਮੇਸ਼ਾ ਰਹਿੰਦੀ ਹੈ।" ਜਸਟਿਸ ਰਾਮੰਨਾ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ ਕੋਰਟਾਂ ਨੂੰ ਚੱਲਦਾ ਰੱਖਣਾ ਮੁੱਖ ਤਰਜੀਹ ਸੀ ਤੇ ਹੋਰਨਾਂ ਕਮਰਸ਼ੀਅਲ ਅਦਾਰਿਆਂ ਵਾਂਗ 'ਅਸੀਂ ਮਾਰਕੀਟ ਤੋਂ ਸਿੱਧੇ ਤਕਨੀਕੀ ਸੰਦਾਂ ਨੂੰ ਸੁਰੱਖਿਅਤ ਨਹੀਂ ਕਰ ਸਕਦੇ ਹਾਂ।" ਉਧਰ ਅਟਾਰਨੀ ਜਨਰਲ ਕੇ.ਕੇ.ਵੇਣੂਗੋਪਾਲ ਨੇ ਸੀਜੇਆਈ ਰਾਮੰਨਾ ਦੇ ਕਾਰਜਕਾਲ ਦੌਰਾਨ ਕੀਤੀਆਂ ਪ੍ਰਾਪਤੀਆਂ ਨੂੰ 'ਅਸਧਾਰਨ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜਸਟਿਸ ਰਾਮੰਨਾ ਦੇ ਕਾਰਜਕਾਲ ਦੌਰਾਨ ਸਿਖਰਲੀ ਕੋਰਟ 34 ਜੱਜਾਂ ਦੀ ਆਪਣੀ ਨਿਰਧਾਰਿਤ ਸਮਰੱਥਾ ਸੀ। ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਸੀਜੇਆਈ ਦੀਆਂ ਉਪਲੱਬਧੀਆਂ ਦੀ ਸ਼ਲਾਘਾ ਕੀਤੀ। ਮਹਿਤਾ ਨੇ ਕਿਹਾ ਕਿ ਜਸਟਿਸ ਰਾਮੰਨਾ ਨੇ ਕਾਨੂੰਨ ਭਾਈਚਾਰੇ ਦੇ 'ਕਰਤਾ' ਵਜੋਂ ਆਪਣੇ ਫ਼ਰਜ਼ ਨਿਭਾਏ। ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵਿਕਾਸ ਸਿੰਘ ਨੇ ਕਿਹਾ ਕਿ ਜਸਟਿਸ ਰਾਮੰਨਾ ਦੀ ਸੇਵਾ ਮੁਕਤੀ ਸਾਡੇ ਸਾਰਿਆਂ ਲਈ ਵੱਡਾ ਘਾਟਾ ਹੈ। ਉਧਰ ਭਾਵੁਕ ਹੋਏ ਸੀਨੀਅਰ ਵਕੀਲ ਦੁਸ਼ਯੰਤ ਦਵੇ ਨੇ ਜਸਟਿਸ ਰਾਮੰਨਾ ਨੂੰ ਨਾਗਰਿਕਾਂ ਦਾ ਜੱਜ ਕਰਾਰ ਦਿੱਤਾ। ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਕੋਰਟ ਜਸਟਿਸ ਰਾਮੰਨਾ ਨੂੰ 'ਇਨ੍ਹਾਂ ਮੁਸ਼ਕਲ ਸਮਿਆਂ ਵਿੱਚ ਬਣਾ ਕੇ ਰੱਖੇ ਤਵਾਜ਼ਨ' ਲਈ ਯਾਦ ਰੱਖੇਗੀ। -ਪੀਟੀਆਈ


ਮੰਚ 'ਤੇ ਮੌਜੂਦ ਚੀਫ਼ ਜਸਟਿਸ ਐੱਨ ਵੀ ਰਾਮੰਨਾ ਅਤੇ ਜਸਟਿਸ ਯੂ ਯੂ ਲਲਿਤ। -ਫੋਟੋ: ਏਐੱਨਆਈ

### ਤਿੰਨ ਖੇਤਰਾਂ 'ਚ ਕੰਮ ਕਰਨ ਦੀ ਇੱਛਾ ਹੈ: ਜਸਟਿਸ ਲਲਿਤ

**ਨਵੀਂ ਦਿੱਲੀ:** ਦੇਸ਼ ਦੇ ਅਗਲੇ ਚੀਫ਼ ਜਸਟਿਸ ਮਨੋਨੀਤ ਜਸਟਿਸ ਯੂ.ਯੂ.ਲਲਿਤ ਨੇ ਅੱਜ ਕਿਹਾ ਕਿ ਨਿਆਂਪਾਲਿਕਾ ਦੇ ਮੁਖੀ ਵਜੋਂ 74 ਦਿਨਾਂ ਦੇ ਆਪਣੇ ਕਾਰਜਕਾਲ ਦੌਰਾਨ ਉਹ ਤਿੰਨ ਖੇਤਰਾਂ ਵਿੱਚ ਕੰਮ ਕਰਨ ਦੀ ਇੱਛਾ ਰੱਖਦੇ ਹਨ। ਸ਼ਨਿੱਚਰਵਾਰ ਨੂੰ ਦੇਸ਼ ਦੇ 49ਵੇਂ ਚੀਫ਼ ਜਸਟਿਸ ਵਜੋਂ ਹਲਫ਼ ਲੈਣ ਵਾਲੇ ਜਸਟਿਸ ਲਲਿਤ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਲਈ ਪੂਰਾ ਜ਼ੋਰ ਲਾਉਣਗੇ ਕਿ ਸੁਪਰੀਮ ਕੋਰਟ ਦਾ ਇਕ ਸੰਵਿਧਾਨਕ ਬੈਂਚ ਪੂਰਾ ਸਾਲ ਕੰਮ ਕਰਦਾ ਰਹੇ। ਜਸਟਿਸ ਉਦੈ ਉਮੇਸ਼ ਲਲਿਤ ਨੇ ਕਿਹਾ ਕਿ ਸਿਖਰਲੀ ਕੋਰਟ ਵਿੱਚ ਸੁਣਵਾਈ ਲਈ ਕੇਸਾਂ ਨੂੰ ਸੂਚੀਬੰਦ ਕਰਨਾ ਤੇ ਜ਼ਰੂਰੀ ਕੇਸਾਂ ਨੂੰ ਤਰਜੀਹ, ਬਾਕੀ ਰਹਿੰਦੇ ਦੋ ਖੇਤਰ ਹਨ। ਜਸਟਿਸ ਲਲਿਤ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਵੱਲੋਂ ਚੀਫ਼ ਜਸਟਿਸ ਐੱਨ.ਵੀ.ਰਾਮੰਨਾ ਦੀ ਵਿਦਾਇਗੀ ਲਈ ਰੱਖੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। -ਪੀਟੀਆਈ

### ਸੀਜੇਆਈ ਰਾਮੰਨਾ ਨੇ ਲਏ ਕਈ ਇਤਿਹਾਸਕ ਫੈਸਲੇ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਐੱਨ.ਵੀ.ਰਾਮੰਨਾ ਨੇ ਆਪਣੇ ਕਾਰਜਕਾਲ ਦੌਰਾਨ ਨਿਆਂਇਕ ਤੇ ਪ੍ਰਸ਼ਾਸਨਿਕ ਦੋਵਾਂ ਤਰ੍ਹਾਂ ਦੇ ਕਈ ਇਤਿਹਾਸਕ ਫੈਸਲੇ ਲਏ। ਉਨ੍ਹਾਂ ਦੇਸ਼ ਧ੍ਰੋਹ ਕਾਨੂੰਨ ਦੇ ਅਮਲ 'ਤੇ ਜਿੱਥੇ ਰੋਕ ਲਾਈ, ਉਥੇ ਮਨੀ ਲਾਂਡਰਿੰਗ ਫੈਸਲੇ ਦੀ ਨਜ਼ਰਸਾਨੀ, ਪੈਗਾਸਸ ਜਾਸੂਸੀ ਤੇ ਲਖੀਮਪੁਰ ਖੀਰੀ ਕੇਸਾਂ ਦੀ ਜਾਂਚ ਦੇ ਹੁਕਮ ਦਿੱਤੇ। ਉਨ੍ਹਾਂ ਦੇ ਕਾਰਜਕਾਲ ਦੌਰਾਨ ਸੁਪਰੀਮ ਕੋਰਟ ਵਿੱਚ ਰਿਕਾਰਡ 11 ਜੱਜਾਂ ਤੇ ਹਾਈ ਕੋਰਟਾਂ ਵਿੱਚ 220 ਤੋਂ ਵੱਧ ਜੱਜਾਂ ਦੀ ਨਿਯੁਕਤੀ ਹੋਈ। ਕਾਰਜਕਾਲ ਦੇ ਆਖਰੀ ਦਿਨ ਉਨ੍ਹਾਂ 2018 ਦੇ ਫੈਸਲੇ ਨੂੰ ਲਾਗੂ ਕਰਕੇ ਆਪਣੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਰਸਮੀ ਬੈਂਚ ਦੀ ਕਾਰਵਾਈ ਦੀ ਲਾਈਵ ਸਟ੍ਰੀਮਿੰਗ ਨੂੰ ਯਕੀਨੀ ਬਣਾਇਆ। ਆਂਧਰਾ ਪ੍ਰਦੇਸ਼ ਦੇ ਕ੍ਰਿਸ਼ਨਾ ਜ਼ਿਲ੍ਹੇ ਦੇ ਪੂਨਾਵਰਮ ਪਿੰਡ ਦੇ ਕਿਸਾਨ ਪਰਿਵਾਰ ਨਾਲ ਸਬੰਧਤ ਜਸਟਿਸ ਰਾਮੰਨਾ ਪਿਛਲੇ ਸਾਲ ਅਪਰੈਲ ਵਿੱਚ ਚੀਫ਼ ਜਸਟਿਸ ਬਣੇ ਸਨ।

# ਐੱਲਏਸੀ ਨੇੜਲੇ ਸੁੰਨੇ ਪਿੰਡਾਂ ਨੂੰ ਮੁੜ ਕੀਤਾ ਜਾਵੇਗਾ ਆਬਾਦ

ਕੀਤਾ ਹੈ ਤੇ 2517 ਕਰੋੜ ਰੁਪਏ ਰੱਖੇ ਗਏ ਹਨ। ਇਕ ਅਧਿਕਾਰੀ ਨੇ ਦੱਸਿਆ ਕਿ 100 ਨਵੇਂ ਪਿੰਡ ਬਣਾਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਉਤਰਾਖੰਡ ਦੇ 115 ਪਿੰਡਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ। ਹਿਮਾਚਲ ਦੇ 80, ਸਿੱਕਮ ਦੇ 50 ਤੇ ਅਰੁਣਾਚਲ ਪ੍ਰਦੇਸ਼ ਦੇ 120 ਪਿੰਡ ਇਸ ਪ੍ਰਾਜੈਕਟ ਦੇ ਘੇਰੇ ਵਿਚ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਯੋਜਨਾ ਪਿੰਡਾਂ ਵਿਚ ਢਾਂਚਾ ਉਸਾਰੀ, ਮਕਾਨ ਉਸਾਰੀ, ਸੈਰ-ਸਪਾਟਾ ਕੇਂਦਰਾਂ, ਸੜਕ ਸੰਪਰਕ, ਨਵਿਆਉਣਯੋਗ ਊਰਜਾ ਸਰੋਤਾਂ ਦੇ ਵਿਕਾਸ, ਦੂਰਦਰਸ਼ਨ ਡੀਟੀਐਚ ਤੇ ਸਿੱਖਿਆ ਚੈਨਲ ਲੋਕਾਂ ਤੱਕ ਪਹੁੰਚਾਉਣ ਅਤੇ ਰੁਜ਼ਗਾਰ ਮੁਹੱਈਆ ਕਰਾਉਣ ਉਤੇ ਕੇਂਦਰਿਤ ਹੋਵੇਗੀ। ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ 500 'ਸੁੰਨੇ' ਪਿੰਡਾਂ ਨੂੰ ਪ੍ਰਾਜੈਕਟ ਦੇ ਘੇਰੇ ਵਿਚ ਲਿਆਂਦਾ ਜਾਵੇਗਾ ਜਿਨ੍ਹਾਂ ਨੂੰ ਲੋਕ ਸੰਪਰਕ ਤੇ ਢਾਂਚੇ ਦੀ ਕਮੀ ਕਾਰਨ ਛੱਡ ਗਏ ਹਨ।

# ਮਨਦੀਪ ਮਨੀਲਾ ਦੀ ਫਿਲਪੀਨਜ਼ ਵਿੱਚ ਗੋਲੀ ਮਾਰ ਕੇ ਹੱਤਿਆ

ਮੈਂਬਰਾਂ ਦਾ ਹਾਲ ਵੀ ਸਿੱਧੂ ਮੂਸੇਵਾਲਾ ਵਾਂਗ ਹੀ ਹੋਵੇਗਾ। ਮਨਦੀਪ ਮਨਾਲੀ ਦੇ ਕਤਲ ਮਗਰੋਂ ਲਾਰੈਂਸ-ਗੋਲਡੀ ਗੈਂਗ ਨੇ ਹੁਣ ਅੰਮ੍ਰਿਤਸਰ ਪੁਲੀਸ ਮੁਕਾਬਲੇ ਵਿੱਚ ਮਾਰੇ ਗਏ ਸ਼ੂਟਰ ਮਨਪ੍ਰੀਤ ਮੰਨੂ ਤੇ ਜਗਰੂਪ ਰੂਪਾ ਦੇ ਕਤਲ ਦਾ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਇਸ ਤੋਂ ਪਹਿਲਾਂ ਦਵਿੰਦਰ ਬੰਬੀਹਾ ਗੈਂਗ ਨੇ ਵੀ ਲਾਰੈਂਸ ਗੈਂਗ ਤੋਂ ਬਦਲਾ ਲੈਣ ਦੀ ਧਮਕੀ ਦਿੰਦਿਆਂ ਗੈਂਗਸਟਰ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਗਾਇਕ ਮਨਕੀਰਤ ਔਲਖ ਨੂੰ ਮਾਰਨ ਦੀ ਧਮਕੀ ਦਿੱਤੀ ਸੀ। ਇਹ ਆਡੀਓ ਵਾਇਰਲ ਹੋਣ ਮਗਰੋਂ ਹੁਣ ਮਾਨਸਾ ਪੁਲੀਸ ਪ੍ਰਸ਼ਾਸਨ ਨੇ ਜਾਂਚ ਆਰੰਭ ਦਿੱਤੀ ਹੈ।

# ਦਿੱਲੀ ਸਰਕਾਰ ਸੋਮਵਾਰ ਨੂੰ ਭਰੋਸੇ ਦਾ ਮਤਾ ਲਿਆਵੇਗੀ

ਕੀਤਾ। ਡਿਪਟੀ ਸਪੀਕਰ ਰਾਖੀ ਬਿਰਲਾ ਦੇ ਹੁਕਮਾਂ 'ਤੇ ਮਾਰਸ਼ਲਾਂ ਨੇ ਭਾਜਪਾ ਦੇ ਸਾਰੇ ਅੱਠ ਵਿਧਾਇਕਾਂ ਨੂੰ ਸਦਨ 'ਚੋਂ ਬਾਹਰ ਕੱਢ ਦਿੱਤਾ। ਇਥੇ ਦਿੱਲੀ ਵਿਧਾਨ ਸਭਾ ਵਿੱਚ ਬੋਲਦਿਆਂ ਕੇਜਰੀਵਾਲ ਨੇ ਕਿਹਾ ਕਿ ਭਰੋਸੇ ਦਾ ਮਤਾ ਲਿਆਉਣ ਦਾ ਮੁੱਖ ਮੰਤਵ ਲੋਕਾਂ ਨੂੰ ਇਹ ਵਿਖਾਉਣਾ ਹੈ ਕਿ 'ਆਪਰੇਸ਼ਨ ਕਮਲ' ਕੌਮੀ ਰਾਜਧਾਨੀ ਵਿੱਚ 'ਆਪਰੇਸ਼ਨ ਚਿੱਕੜ' ਬਣ ਗਿਆ ਹੈ। ਮੁੱਖ ਮੰਤਰੀ ਨੇ ਕਿਹਾ, "ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਸਾਡੇ ਕੁਝ ਵਿਧਾਇਕਾਂ ਨੂੰ ਤੋੜ ਲਿਆ ਹੈ। ਮੈਨੂੰ ਫੋਨ ਆਉਂਦੇ ਹਨ, ਲੋਕ ਪੁੱਛਦੇ ਹਨ ਕਿ ਕੀ ਸਭ ਕੁਝ ਠੀਕ ਹੈ। ਮੈਂ ਸਦਨ ਵਿੱਚ ਭਰੋਸੇ ਦਾ ਮਤਾ ਲਿਆਵਾਂਗਾ, ਤਾਂ ਕਿ ਲੋਕਾਂ ਨੂੰ ਇਹ ਵਿਖਾ ਸਕਾਂ ਕਿ ਇਕ ਵੀ 'ਆਪ' ਵਿਧਾਇਕ ਉਧਰ ਨਹੀਂ ਗਿਆ ਤੇ ਭਾਜਪਾ ਦਾ 'ਆਪਰੇਸ਼ਨ ਕਮਲ' ਇਥੇ 'ਆਪਰੇਸ਼ਨ ਚਿੱਕੜ' ਬਣ ਕੇ ਰਹਿ ਗਿਆ ਹੈ।" ਕੇਜਰੀਵਾਲ ਨੇ ਦਾਅਵਾ ਕੀਤਾ ਕਿ ਭਾਜਪਾ ਹੁਣ ਤੱਕ ਪੂਰੇ ਦੇਸ਼ ਭਰ 'ਚੋਂ 277 ਵਿਧਾਇਕ ਖਰੀਦ ਚੁੱਕੀ ਹੈ। 'ਆਪ' ਸੁਪਰੀਮੋ ਨੇ ਕਿਹਾ ਕਿ ਸੀਬੀਆਈ ਨੂੰ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਘਰ ਛਾਪੇ ਦੌਰਾਨ ਇੱਕ ਪੈਸਾ ਵੀ ਨਹੀਂ ਮਿਲਿਆ। ਉਨ੍ਹਾਂ ਅਸੈਂਬਲੀ ਵਿਚ ਕਿਹਾ ਕਿ ਭਾਜਪਾ ਵਾਲੇ ਹੁਣ ਦਿੱਲੀ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਨੇ ਹੁਣ ਦਿੱਲੀ ਦੇ ਸਕੂਲਾਂ ਤੇ ਹਸਪਤਾਲਾਂ ਵਿੱਚ ਚੱਲ ਰਹੇ ਚੰਗੇ ਕੰਮਾਂ ਨੂੰ ਰੋਕਣ ਲਈ ਜਾਂਚ ਵਿੱਢੀ ਹੈ। ਉਧਰ ਭਾਜਪਾ ਵਿਧਾਇਕਾਂ ਨੇ ਆਬਕਾਰੀ ਨੀਤੀ ਨੂੰ ਲੈ ਕੇ ਕੇਜਰੀਵਾਲ ਸਰਕਾਰ ਨੂੰ ਸਵਾਲ ਕੀਤੇ। ਭਾਜਪਾ ਵਿਧਾਇਕਾਂ ਨੇ ਨਾਅਰੇਬਾਜ਼ੀ ਕੀਤੀ।

# ਮੂਸੇਵਾਲਾ ਕਤਲ ਕੇਸ: ਮਾਨਸਾ ਪੁਲੀਸ ਵੱਲੋਂ 36 ਖ਼ਿਲਾਫ਼ ਚਾਰਜਸ਼ੀਟ ਦਾਖ਼ਲ

ਮਨਪ੍ਰੀਤ ਮੰਨੂ ਤੇ ਜਗਰੂਪ ਸਿੰਘ ਰੂਪਾ ਮੁਕਾਬਲੇ ਦੌਰਾਨ ਮਾਰੇ ਗਏ ਹਨ। ਚਾਰਜਸ਼ੀਟ ਵਿੱਚ ਮੂਸੇਵਾਲਾ ਦੀ ਰੇਕੀ ਕਰਨ ਵਾਲੇ ਸੰਦੀਪ ਕੇਕੜਾ, ਨਿਸ਼ਾਨੇਬਾਜ਼ ਪ੍ਰਿਆਵਰਤ ਫੌਜੀ, ਅੰਕਿਤ ਸੇਰਸਾ ਤੇ ਕਸ਼ਿਸ਼ ਉਰਫ਼ ਕੁਲਦੀਪ ਤੇ ਇਨ੍ਹਾਂ ਦੀ ਮਦਦ ਕਰਨ ਵਾਲੇ ਗੈਂਗਸਟਰ ਮਨਪ੍ਰੀਤ ਭਾਊ, ਮਨਪ੍ਰੀਤ ਮੰਨਾ, ਸਾਰਜ ਮਿੰਟੂ, ਮਨਮੋਹਨ ਮੋਹਨਾ, ਸਚਿਨ ਭਿਵਾਨੀ ਦੇ ਨਾਂ ਵੀ ਸ਼ਾਮਲ ਹਨ। ਮਾਨਸਾ ਦੇ ਐੱਸਐੱਸਪੀ ਗੌਰਵ ਤੂਰਾ ਨੇ ਅੱਜ ਸ਼ਾਮ ਕਾਹਲੀ ਵਿੱਚ ਬੁਲਾਈ ਵਿਸ਼ੇਸ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਦਾ ਚਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਨੂੰ ਭਾਰਤ ਵਿੱਚ ਲਿਆਉਣ ਦੀ ਪ੍ਰਕਿਰਿਆ ਵੀ ਛੇਤੀ ਆਰੰਭੀ ਜਾਵੇਗੀ। ਸ੍ਰੀ ਤੂਰਾ ਨੇ ਦੱਸਿਆ ਕਿ ਇਸ ਮਾਮਲੇ ਵਿੱਚ 20 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਚਾਰ ਮੁਲਜ਼ਮ ਗੋਲਡੀ ਬਰਾੜ, ਲਿਪਿਨ ਨਹਿਰਾ, ਸਚਿਨ ਥਾਪਨ ਅਤੇ ਅਨਮੋਲ ਵਿਦੇਸ਼ ਵਿੱਚ ਹਨ। ਇਨ੍ਹਾਂ 24 ਮੁਲਜ਼ਮਾ ਖ਼ਿਲਾਫ਼ ਅੱਜ ਚਲਾਨ ਪੇਸ਼ ਕੀਤੇ ਗਏ ਹਨ। ਇਸ ਮਾਮਲੇ 'ਚ ਅੱਠ ਮੁਲਜ਼ਮ ਹਾਲੇ ਗ੍ਰਿਫ਼ਤ 'ਚੋਂ ਬਾਹਰ ਹਨ।

Printed and Published by Swaraj Bir Singh for The Tribune Trust
Printed at The Tribune Press, Sector 29-C, Chandigarh.
Published at The Tribune, Sector 29-C, Chandigarh.
RNI No. 32197/78
Copyright © The Tribune Trust. All rights reserved.
Telephones: 2655066-72
Online Edition www.punjabitribuneonline.com
Email (News): pt@tribuneindia.com
Email (Articles and Magazine): ptarticles@tribunemail.com
Circulation: 0172-2670419, Advertisement: 0172-2670256, 257
**Editor-in-Chief: Rajesh Ramachandran**
**Editor: Swaraj Bir Singh***
***Editor for purpose of PRB Act, 1867**

ਸਰਕੁਲੇਸ਼ਨ, ਇਸ਼ਤਿਹਾਰ ਬੁਕਿੰਗ ਅਤੇ ਹੋਰ ਸਬੰਧਤ ਜਾਣਕਾਰੀ ਲਈ ਕਿਰਪਾ ਕਰਕੇ ਹੇਠ ਲਿਖੇ ਨੰਬਰਾਂ 'ਤੇ ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10.00 ਵਜੇ ਤੋਂ ਸ਼ਾਮੀਂ 5.00 ਵਜੇ ਤੱਕ ਸੰਪਰਕ ਕਰੋ:
**ਸਰਕੁਲੇਸ਼ਨ:**
0172-2670319, 2670250, 2670442
**ਜਾਂ ਈ-ਮੇਲ ਕਰੋ:**
circulation@tribunemail.com
**ਇਸ਼ਤਿਹਾਰ:**
**ਕਲਾਸੀਫਾਈਡ:** 0172-2670257, 2670338
**ਜਾਂ ਈ-ਮੇਲ ਕਰੋ:**
classified@tribunemail.com
**ਡਿਸਪਲੇਅ:** 0172-2670256, 2670342
**ਜਾਂ ਈ-ਮੇਲ ਕਰੋ:**
advt@tribunemail.com

epaper.punjabitribuneonline.com
Sri Satguru Jagjit Singh Ji eLibrary NamdhariElibrary@gmail.com

# ਚੰਡੀਗੜ੍ਹ



## ਹਾਊਸਿੰਗ ਬੋਰਡ ਵੱਲੋਂ ਬਕਾਏ ਜਮ੍ਹਾਂ ਨਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ

### ਧਨਾਸ ਵਿੱਚ ਤਿੰਨ ਰਿਹਾਇਸ਼ੀ ਇਕਾਈਆਂ ਨੂੰ ਖਾਲੀ ਕਰਵਾ ਕੇ ਸੀਲ ਕੀਤਾ

- ਅਦਾਲਤ ਦੇ ਨਿਰਦੇਸ਼ਾਂ ਤਹਿਤ ਕੀਤੀ ਕਾਰਵਾਈ: ਸੀਈਓ

**ਮੁਕੇਸ਼ ਕੁਮਾਰ**
**ਚੰਡੀਗੜ੍ਹ, 26 ਅਗਸਤ**

ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਮਕਾਨਾਂ ਦਾ ਬਕਾਇਆ ਨਾ ਭਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਦੇ ਹੋਏ ਅੱਜ ਇੱਥੇ ਧਨਾਸ 'ਚ ਤਿੰਨ ਰਿਹਾਇਸ਼ੀ ਇਕਾਈਆਂ ਖਾਲੀ ਕਰਵਾ ਕੇ ਇਨ੍ਹਾਂ ਨੂੰ ਸੀਲ ਕਰ ਦਿੱਤਾ। ਬੋਰਡ ਦੇ ਸੀਈਓ ਯਸ਼ਪਾਲ ਗਰਗ ਨੇ ਦੱਸਿਆ ਕਿ ਖਾਲੀ ਕਰਵਾਈਆਂ ਗਈਆਂ ਇਨ੍ਹਾਂ ਇਕਾਈਆਂ ਵਿੱਚੋਂ ਇੱਕ ਪੰਜ ਮਰਲੇ ਦੇ ਮਕਾਨ ਦਾ ਅਲਾਟੀ ਚੰਡੀਗੜ੍ਹ ਹਾਊਸ ਦਾ ਬਕਾਇਆ ਜਮ੍ਹਾਂ ਕਰਵਾਉਣ ਵਿੱਚ ਅਸਫਲ ਰਿਹਾ ਸੀ। ਮਾਮਲਾ ਸੁਪਰੀਮ ਕੋਰਟ ਤੱਕ ਗਿਆ ਅਤੇ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਅਲਾਟੀ ਨੂੰ 1.70 ਕਰੋੜ ਰੁਪਏ ਦਾ ਛੇ ਹਫ਼ਤਿਆਂ ਅੰਦਰ ਭੁਗਤਾਨ ਕਰਨ ਦੇ ਆਦੇਸ਼ ਦਿੱਤੇ ਗਏ ਸਨ ਪਰ ਅਲਾਟੀ ਬਕਾਇਆ ਭਰਨ ਵਿੱਚ ਅਸਫਲ ਰਿਹਾ। ਇਸ ਮਕਾਨ ਨੂੰ ਬੋਰਡ ਵਲੋਂ ਅੱਜ ਖਾਲੀ ਕਰਵਾ ਲਿਆ ਗਿਆ ਹੈ।

ਇਸੇ ਤਰ੍ਹਾਂ ਦੋ ਛੋਟੇ ਫਲੈਟ ਵੀ ਖਾਲੀ ਕਰਵਾਏ ਗਏ। ਇਨ੍ਹਾਂ ਵਿੱਚੋਂ ਇੱਕ ਫਲੈਟ ਦੇ ਅਲਾਟੀ ਨੇ ਅਣਅਧਿਕਾਰਤ ਤੌਰ 'ਤੇ ਫਲੈਟ ਕਿਸੇ ਹੋਰ ਨੂੰ ਵੇਚ ਦਿੱਤਾ ਸੀ, ਜਦੋਂ ਕਿ ਇਹ ਫਲੈਟ ਯੋਜਨਾ ਅਨੁਸਾਰ ਅੱਗੇ ਵੇਚਿਆ ਨਹੀਂ ਜਾ ਸਕਦਾ। ਇਸ ਛੋਟੇ ਫਲੈਟ 'ਚ ਗੈਰ-ਕਾਨੂੰਨੀ ਢੰਗ ਨਾਲ ਟੈਂਟ ਹਾਊਸ ਚਲਾਇਆ ਜਾ ਰਿਹਾ ਸੀ। ਦੂਜੇ ਛੋਟੇ ਫਲੈਟ ਦੇ ਅਲਾਟੀ ਵੱਲੋਂ ਬੋਰਡ ਨੂੰ 1.14 ਲੱਖ ਰੁਪਏ ਦੇ ਬਕਾਏ ਦਾ ਭੁਗਤਾਨ ਨਹੀਂ ਸੀ ਕੀਤਾ ਗਿਆ। ਬੋਰਡ ਵਲੋਂ ਅੱਜ ਕਾਰਵਾਈ ਕਰਦੇ ਹੋਏ ਇਨ੍ਹਾਂ ਤਿੰਨੋਂ ਰਿਹਾਇਸ਼ੀ ਇਕਾਈਆਂ ਵਿੱਚ ਰੱਖਿਆ ਸਾਮਾਨ ਬਾਹਰ ਕੱਢ ਕੇ ਇਨ੍ਹਾਂ ਨੂੰ ਸੀਲ ਕਰ ਦਿੱਤਾ ਗਿਆ।


ਇਕ ਰਿਹਾਇਸ਼ੀ ਇਕਾਈ 'ਚੋਂ ਸਾਮਾਨ ਬਾਹਰ ਕੱਢਦੇ ਹੋਏ ਹਾਊਸਿੰਗ ਬੋਰਡ ਦੇ ਮੁਲਾਜ਼ਮ।

ਸ੍ਰੀ ਗਰਗ ਨੇ ਹੋਰ ਅਲਾਟੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੇ ਸਾਰੇ ਬਕਾਏ ਵਿਆਜ ਸਮੇਤ ਬੋਰਡ ਕੋਲ ਜਮ੍ਹਾਂ ਕਰਵਾਉਣ। ਬਕਾਏ ਦੀ ਸੂਚੀ ਚੰਡੀਗੜ੍ਹ ਹਾਊਸਿੰਗ ਬੋਰਡ ਦੀ ਵੈੱਬਸਾਈਟ 'ਤੇ ਅੱਪਲੋਡ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਕਾਇਆਂ ਦੀ ਤਾਜ਼ਾ ਸਥਿਤੀ ਬਾਰੇ ਹਾਊਸਿੰਗ ਬੋਰਡ ਦੀ ਵੈੱਬਸਾਈਟ 'ਤੇ ਜਾ ਕੇ ਪਤਾ ਲਗਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਬੋਰਡ ਦੀ ਵੈੱਬਸਾਈਟ 'ਤੇ 665 ਉਨ੍ਹਾਂ ਛੋਟੇ ਫਲੈਟਾਂ ਦੀ ਇਕ ਹੋਰ ਸੂਚੀ ਅਪਲੋਡ ਕੀਤੀ ਗਈ ਹੈ, ਜਿਨ੍ਹਾਂ ਦਾ ਇੱਕ ਲੱਖ ਰੁਪਏ ਤੋਂ ਵੱਧ ਬਕਾਇਆ ਹੈ। ਜਾਰੀ ਨੋਟਿਸਾਂ ਅਨੁਸਾਰ ਇਨ੍ਹਾਂ ਡਿਫਾਲਟਰਾਂ ਨੂੰ ਬਕਾਏ ਤਾਰਨ ਲਈ 31 ਅਗਸਤ ਤੱਕ ਦਾ ਸਮਾਂ ਦਿੱਤਾ ਗਿਆ ਹੈ। ਉਸ ਤੋਂ ਬਾਅਦ ਫਲੈਟਾਂ ਦੀ ਅਲਾਟਮੈਂਟ ਰੱਦ ਕਰ ਕੇ ਸੀਲਿੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤਾ ਜਾਵੇਗੀ। ਜ਼ਿਕਰਯੋਗ ਹੈ ਬੋਰਡ ਵੱਲੋਂ ਮੁੜਵਸੇਬਾ ਯਜਨਾ ਅਧੀਨ ਅਲਾਟ ਕੀਤੇ ਗਏ ਫਲੈਟਾਂ ਦੇ ਅਲਾਟੀਆਂ ਨੂੰ ਕਿਸ਼ਤਾਂ ਅਤੇ ਕਿਰਾਇਆ ਸਮੇਂ ਸਿਰ ਜਮ੍ਹਾਂ ਨਾ ਕਰਨ ਸਬੰਧੀ ਪਿਛਲੇ ਸਾਲ ਮਾਰਚ ਵਿੱਚ ਨੋਟਿਸ ਜਾਰੀ ਕੀਤੇ ਗਏ ਸਨ। ਬੋਰਡ ਦੇ ਨੋਟਿਸ ਮਿਲਣ ਤੋਂ ਬਾਅਦ ਵੀ ਕਈ ਅਲਾਟੀਆਂ ਨੇ ਆਪਣੀ ਬਕਾਇਆ ਰਾਸ਼ੀ ਜਮ੍ਹਾਂ ਨਹੀਂ ਕਰਵਾਈ। ਬੋਰਡ ਦੀ ਸੂਚੀ ਅਨੁਸਾਰ 665 ਅਲਾਟੀਆਂ ਦੀ ਬਕਾਇਆ ਰਾਸ਼ੀ ਇੱਕ ਲੱਖ ਰੁਪਏ ਤੋਂ ਉੱਪਰ ਹੈ।

## ਵਿਦਿਆਰਥੀਆਂ ਨੇ ਫੀਸਾਂ 'ਚ ਵਾਧੇ ਸਬੰਧੀ ਪੱਤਰ ਦੀਆਂ ਕਾਪੀਆਂ ਸਾੜੀਆਂ

- ਪੀਯੂ ਕੈਂਪਸ ਵਿੱਚ ਕੁੜੀਆਂ ਦੇ ਹੋਸਟਲ ਨੰਬਰ-4 ਦੀ ਵਾਰਡਨ ਦਾ ਵਿਰੋਧ
- ਐੱਨਐੱਸਯੂਆਈ ਨੇ ਉਪ ਕੁਲਪਤੀ ਦੀ ਰਿਹਾਇਸ਼ ਨੇੜੇ ਪੱਕਾ ਧਰਨਾ ਲਾਇਆ

**ਕੁਲਦੀਪ ਸਿੰਘ**
**ਚੰਡੀਗੜ੍ਹ, 26 ਅਗਸਤ**

ਪੰਜਾਬ ਯੂਨੀਵਰਸਿਟੀ ਦੇ ਉੱਤਰੀ ਕੈਂਪਸ ਵਿੱਚ ਸਥਿਤ ਯੂਨੀਵਰਸਿਟੀ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨੋਲੋਜੀ (ਯੂਆਈਈਟੀ) ਦੇ ਵਿਦਿਆਰਥੀਆਂ ਨੇ ਅੱਜ ਵਿਦਿਆਰਥੀ ਜਥੇਬੰਦੀ ਐੱਸਐੱਫਐੱਸ ਦੇ ਸੱਦੇ 'ਤੇ ਫੀਸਾਂ 'ਚ ਵਾਧੇ ਸਬੰਧੀ ਪੱਤਰ ਦੀਆਂ ਕਾਪੀਆਂ ਸਾੜੀਆਂ ਤੇ ਯੂਨੀਵਰਸਿਟੀ ਅਥਾਰਿਟੀ ਖਿਲਾਫ਼ ਨਾਅਰੇਬਾਜ਼ੀ ਕਰਦਿਆਂ ਫੀਸ ਵਾਧਾ ਵਾਪਸ ਲੈਣ ਦੀ ਮੰਗ ਕੀਤੀ।

ਐੱਸਐੱਫਐੱਸ ਦੇ ਪ੍ਰਧਾਨ ਸੰਦੀਪ ਦੀ ਅਗਵਾਈ ਹੇਠ ਕੀਤੇ ਗਏ ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਵਿਦਿਆਰਥੀ ਆਗੂਆਂ ਪ੍ਰਤੀਕ, ਮੈਤਰੇ, ਸੁਹੇਲ, ਨਮਨ, ਸੁਖਮਨ, ਗੁਰਪ੍ਰੀਤ ਤੇ ਜੋਬਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਜੋ ਫੀਸਾਂ ਕੋਰਸਾਂ ਦੀ ਸ਼ੁਰੂਆਤ ਵੇਲੇ ਦੱਸੀਆਂ ਗਈਆਂ ਸਨ ਉਸੇ ਮੁਤਾਬਕ ਫੀਸਾਂ ਵਸੂਲੀਆਂ ਜਾਣੀਆਂ ਚਾਹੀਦੀਆਂ ਹਨ ਜਦਕਿ 'ਵਰਸਿਟੀ ਅਥਾਰਿਟੀ ਵੱਲੋਂ ਯੂਆਈਈਟੀ ਦੇ ਵਿਦਿਆਰਥੀਆਂ ਦੀਆਂ ਫੀਸਾਂ ਵਿੱਚ ਹਰ ਸਾਲ ਭਾਰੀ ਵਾਧਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਅੱਜ ਫੀਸਾਂ 'ਚ ਵਾਧੇ ਸਬੰਧੀ ਪੱਤਰ ਦੀਆਂ ਕਾਪੀਆਂ ਸਾੜ ਕੇ ਅਥਾਰਿਟੀ ਨੂੰ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਨਵੀਆਂ ਫੀਸਾਂ ਕਿਸੇ ਵੀ ਹਾਲਤ ਵਿੱਚ ਮਨਜ਼ੂਰ ਨਹੀਂ ਹਨ ਅਤੇ ਵਿਦਿਆਰਥੀ ਇਸ ਫੀਸ ਵਾਧੇ ਦਾ ਆਉਂਦੇ ਦਿਨਾਂ ਵਿੱਚ ਹੋਰ ਤਿੱਖਾ ਵਿਰੋਧ ਕਰਨਗੇ।


ਯੂਆਈਈਟੀ ਵਿੱਚ ਫੀਸਾਂ 'ਚ ਵਾਧੇ ਸਬੰਧੀ ਪੱਤਰ ਦੀਆਂ ਕਾਪੀਆਂ ਸਾੜ ਕੇ ਪ੍ਰਦਰਸ਼ਨ ਕਰਦੇ ਹੋਏ ਵਿਦਿਆਰਥੀ।

### ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ ਨੂੰ ਧਰਨੇ ਵਾਲੀ ਥਾਂ ਬਦਲਣ ਦਾ ਨੋਟਿਸ

**ਚੰਡੀਗੜ੍ਹ:** ਅੰਬੇਡਕਰ ਸਟੂਡੈਂਟਸ ਐਸੋਸੀਏਸ਼ਨ ਦੀ ਅਗਵਾਈ ਹੇਠ ਦਲਿਤ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਯੂਨੀਵਰਸਿਟੀ ਵਿੱਚ ਵਾਈਸ ਚਾਂਸਲਰ ਦਫ਼ਤਰ ਦੇ ਬਾਹਰ ਚੱਲ ਰਹੇ ਧਰਨੇ ਦੇ ਅੱਜ 21ਵੇਂ ਦਿਨ ਅਥਾਰਿਟੀ ਵੱਲੋਂ ਇਹ ਧਰਨਾ ਨਿਸ਼ਚਿਤ ਕੀਤੇ ਗਏ ਰੈਲੀ ਗਰਾਊਂਡ ਵਿੱਚ ਤਬਦੀਲ ਕਰਨ ਸਬੰਧੀ ਨੋਟਿਸ ਬੈਰੀਕੇਡ ਉੱਤੇ ਚਿਪਕਾ ਦਿੱਤਾ ਗਿਆ। ਨੋਟਿਸ ਪੜ੍ਹਦਿਆਂ ਹੀ ਧਰਨਾਕਾਰੀਆਂ ਵਿੱਚ ਰੋਸ ਹੋਰ ਵਧ ਗਿਆ ਅਤੇ ਇਹ ਮਾਮਲਾ ਸੋਸ਼ਲ ਮੀਡੀਆ ਰਾਹੀਂ ਬਹੁਜਨ ਸਮਾਜ ਨਾਲ ਸਬੰਧਤ ਜਥੇਬੰਦੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ। ਉਪਰੰਤ ਅੰਬੇਡਕਰ ਸੰਯੁਕਤ ਮੋਰਚੇ ਦੇ ਮੈਂਬਰ ਵੀ ਧਰਨੇ ਵਾਲੀ ਥਾਂ 'ਤੇ ਪਹੁੰਚ ਗਏ। ਐਸੋਸੀਏਸ਼ਨ ਦੇ ਚੇਅਰਮੈਨ ਗੁਰਦੀਪ ਸਿੰਘ ਅਤੇ ਪ੍ਰਧਾਨ ਬਲਿੰਦਰ ਕੁਮਾਰ ਨੇ ਕਿਹਾ ਕਿ ਪੀ.ਯੂ. ਅਥਾਰਿਟੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀਆਂ ਡਿਗਰੀਆਂ ਰਿਲੀਜ਼ ਕਰਨ ਅਤੇ ਪੀ.ਯੂ. ਵਿੱਚ ਰਾਖਵਾਂਕਰਨ ਸਹੀ ਢੰਗ ਨਾਲ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦੀ ਬਜਾਇ ਗੁੰਡਾਗਰਦੀ 'ਤੇ ਉਤਰ ਆਈ ਹੈ ਅਤੇ ਧਰਨੇ ਨੂੰ ਵਾਈਸ ਚਾਂਸਲਰ ਦਫ਼ਤਰ ਤੋਂ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵੱਲੋਂ ਵਾਈਸ ਚਾਂਸਲਰ ਦਫ਼ਤਰ ਦੇ ਬਾਹਰ ਹੀ ਧਰਨਾ ਲਗਾਤਾਰ ਜਾਰੀ ਰਹੇਗਾ। ਇਹ ਵੀ ਐਲਾਨ ਕੀਤਾ ਗਿਆ ਕਿ 31 ਅਗਸਤ ਨੂੰ ਟਰਾਈਸਿਟੀ ਦੀਆਂ ਦਲਿਤ ਸਮਾਜ ਨਾਲ ਸਬੰਧਤ 20 ਤੋਂ ਵੱਧ ਜਥੇਬੰਦੀਆਂ ਦੇ ਸਹਿਯੋਗ ਨਾਲ ਪੀ.ਯੂ. ਵਿੱਚ ਵਾਈਸ ਚਾਂਸਲਰ ਦੀ ਰਿਹਾਇਸ਼ ਵੱਲ ਰੋਸ ਮਾਰਚ ਕੀਤਾ ਜਾਵੇਗਾ ਅਤੇ ਦਲਿਤ ਵਿਰੋਧੀ ਅਥਾਰਿਟੀ ਦੀ ਪੋਲ ਖੋਲ੍ਹੀ ਜਾਵੇਗੀ।

ਇਸੇ ਦੌਰਾਨ ਯੂਨੀਵਰਸਿਟੀ 'ਚ ਕੁੜੀਆਂ ਦੇ ਹੋਸਟਲ ਨੰਬਰ 4 ਦੀ ਵਾਰਡਨ ਖਿਲਾਫ਼ ਅੱਜ ਐੱਨਐੱਸਯੂਆਈ ਵੱਲੋਂ ਪਹਿਲਾਂ ਹੋਸਟਲ ਦੇ ਬਾਹਰ ਧਰਨਾ ਦਿੱਤਾ ਗਿਆ ਤੇ ਜਦੋਂ ਵਿਦਿਆਰਥੀਆਂ ਦੀ ਕੋਈ ਸੁਣਵਾਈ ਨਾ ਹੋਈ ਤਾਂ ਵੱਡੀ ਗਿਣਤੀ ਵਿਦਿਆਰਥੀਆਂ ਨੇ ਕੈਂਪਸ ਸਥਿਤ ਵਾਈਸ ਚਾਂਸਲਰ ਦੀ ਰਿਹਾਇਸ਼ ਵੱਲ ਪੈਦਲ ਰੋਸ ਮਾਰਚ ਕੀਤਾ, ਜਿੱਥੇ ਕਿ ਉਨ੍ਹਾਂ ਨੂੰ ਪੁਲੀਸ ਨੇ ਬੈਰੀਕੇਡ ਲਗਾ ਕੇ ਰੋਕ ਲਿਆ। ਵਿਦਿਆਰਥੀ ਆਗੂ ਸਚਿਨ ਗਾਲਵ ਨੇ ਮੰਗ ਕੀਤੀ ਕਿ ਤਮੰਨਾ ਸ਼ਹਿਰਾਵਤ ਨੂੰ ਹੋਸਟਲ ਵਾਰਡਨ ਦੇ ਅਹੁਦੇ ਤੋਂ ਹਟਾਇਆ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਮੰਗ ਪੂਰੀ ਨਹੀਂ ਹੋ ਜਾਂਦੀ, ਉਦੋਂ ਤੱਕ ਵੀਸੀ ਦੀ ਰਿਹਾਇਸ਼ ਦੇ ਬਾਹਰ ਪੱਕਾ ਧਰਨਾ ਜਾਰੀ ਰਹੇਗਾ।

## ਵੱਖ-ਵੱਖ ਥਾਣਿਆਂ ਦੀ ਪੁਲੀਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ 13 ਮੁਲਜ਼ਮ ਗ੍ਰਿਫ਼ਤਾਰ


ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪੁਲੀਸ ਹਿਰਾਸਤ 'ਚ।

- ਚੋਰੀ ਦੇ ਮੋਟਰਸਾਈਕਲ, ਮੋਬਾਈਲ ਫੋਨ, ਗਹਿਣੇ ਤੇ ਹੋਰ ਸਾਮਾਨ ਬਰਾਮਦ
- ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਦਰਜ ਨੇ ਕਈ ਕੇਸ

**ਖੇਤਰੀ ਪ੍ਰਤੀਨਿਧ**
**ਚੰਡੀਗੜ੍ਹ, 26 ਅਗਸਤ**

ਚੰਡੀਗੜ੍ਹ ਪੁਲੀਸ ਨੇ ਚੋਰੀ, ਖੋਹ, ਕਤਲ ਦੀਆਂ ਕੋਸ਼ਿਸ਼ਾਂ, ਅਸਲਾ ਐਕਟ, ਕੁੱਟਮਾਰ ਅਤੇ ਡਕੈਤੀ ਵਰਗੇ ਕਈ ਗੰਭੀਰ ਮਾਮਲਿਆਂ 'ਚ ਸ਼ਾਮਲ 13 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਚੰਡੀਗੜ੍ਹ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਵਿੱਚ ਵੀ ਅਪਰਾਧਿਕ ਕੇਸ ਦਰਜ ਹਨ। ਇਨ੍ਹਾਂ 13 ਮੁਲਜ਼ਮਾਂ ਨੂੰ ਸੈਕਟਰ 31 ਤੇ ਸੈਕਟਰ 39 ਅਤੇ ਮਲੋਆ ਥਾਣੇ ਦੀਆਂ ਟੀਮਾਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਨੇ ਮੁਲਜ਼ਮਾਂ ਕੋਲੋਂ ਚੋਰੀ ਦੇ ਮੋਟਰਸਾਈਕਲ, ਖੋਹੇ ਹੋਏ ਮੋਬਾਈਲ ਫੋਨ, ਗਹਿਣੇ ਅਤੇ ਹੋਰ ਸਾਮਾਨ ਬਰਾਮਦ ਕੀਤਾ ਹੈ। ਮੁਲਜ਼ਮ ਟਰਾਈਸਿਟੀ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਵਿੱਚ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਪੁਲੀਸ ਅਨੁਸਾਰ ਇਹ ਮੁਲਜ਼ਮ ਹੋਰਨਾਂ ਸੂਬਿਆਂ ਵਿੱਚ ਵੀ ਲੋੜੀਂਦੇ ਸਨ। ਪੁਲੀਸ ਵੱਲੋਂ ਕੀਤੀ ਗਈ ਮੁੱਢਲੀ ਪੁੱਛਗਿਛ ਦੌਰਾਨ ਮੁਲਜ਼ਮਾਂ ਨੇ ਕਈ ਹੋਰ ਵਾਰਦਾਤਾਂ ਵਿੱਚ ਸ਼ਾਮਲ ਹੋਣ ਦੀ ਗੱਲ ਕਬੂਲੀ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਸੁਖਪ੍ਰੀਤ ਉਰਫ਼ ਪ੍ਰੀਤ ਵਾਸੀ ਬਲਾਕ ਮਾਜਰੀ, ਮੁਹਾਲੀ ਨੂੰ ਮਲੋਆ ਸਥਿਤ ਸਤਿਸੰਗ ਭਵਨ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਨੇ ਮੁਲਜ਼ਮਾਂ ਕੋਲੋਂ ਚੋਰੀ ਦਾ ਮੋਟਰਸਾਈਕਲ ਤੇ ਖੋਹਿਆ ਮੋਬਾਈਲ ਫੋਨ ਵੀ ਬਰਾਮਦ ਕੀਤਾ ਹੈ। ਇਸੇ ਤਰ੍ਹਾਂ ਪੁਲੀਸ ਨੇ ਚੰਡੀਗੜ੍ਹ ਦੀ ਰਾਮਦਰਬਾਰ ਕਲੋਨੀ ਦੇ ਰਹਿਣ ਵਾਲੇ ਸ਼ੁਭਮ ਉਰਫ਼ ਟੈਡੀ ਅਤੇ ਰਾਮਦਰਬਾਰ ਦੇ ਹੀ ਗੁਰਮੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕੋਲੋਂ ਲੁੱਟੇ ਹੋਏ ਗਹਿਣੇ ਬਰਾਮਦ ਹੋਏ ਹਨ। ਦੋਹਾਂ ਖ਼ਿਲਾਫ਼ ਸੈਕਟਰ-31 ਥਾਣੇ ਵਿੱਚ ਕੇਸ ਦਰਜ ਹੈ। ਗ੍ਰਿਫਤਾਰ ਕੀਤੇ ਗਏ ਧਨਾਸ ਸਥਿਤ ਈਡਬਲਿਊਐੱਸ ਕਲੋਨੀ ਦੇ ਵਸਨੀਕ ਗੋਵਿੰਦਾ ਖ਼ਿਲਾਫ਼ ਲੁੱਟ-ਖੋਹ, ਚੋਰੀ, ਸਨੈਚਿੰਗ ਵਰਗੇ ਛੇ ਤੋਂ ਵੱਧ ਕੇਸ ਦਰਜ ਹਨ। ਰਾਮਦਰਬਾਰ ਦੇ ਰੋਹਿਤ ਤੇ ਸੌਰਭ ਨੂੰ ਵੀ ਪੁਲੀਸ ਨੇ ਗ੍ਰਿਫਤਾਰ ਕੀਤਾ ਹੈ। ਦੋਹਾਂ ਖ਼ਿਲਾਫ਼ ਸੈਕਟਰ-31 ਥਾਣੇ ਵਿੱਚ ਕੇਸ ਦਰਜ ਹੈ। ਮੁਲਜ਼ਮਾਂ ਕੋਲੋਂ ਚੋਰੀ ਕੀਤੇ ਮੋਬਾਈਲ ਫੋਨ ਬਰਾਮਦ ਹੋਏ ਹਨ। ਮਲੋਆ ਕਲੋਨੀ ਦੇ ਰਹਿਣ ਵਾਲੇ ਮੁਲਜ਼ਮ ਰਾਜ ਕੁਮਾਰ ਉਰਫ਼ ਨੰਨ੍ਹਾ ਨੂੰ ਪੁਲੀਸ ਨੇ ਚੋਰੀ ਦੇ ਐਲੂਮੀਨੀਅਮ ਅਤੇ ਲੋਹੇ ਦੇ ਚੂਰੇ ਸਮੇਤ ਕਾਬੂ ਕੀਤਾ ਹੈ। ਚੰਡੀਗੜ੍ਹ ਸੈਕਟਰ-56 ਦੇ ਰਹਿਣ ਵਾਲੇ ਤਿੰਨ ਮੁਲਜ਼ਮਾਂ ਨੂੰ ਪੁਲੀਸ ਨੇ ਵੱਖ-ਵੱਖ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ਵਿੱਚ ਮੋਨੂੰ ਉਰਫ਼ ਗਾਂਜਾ, ਸੋਨੂੰ ਤੇ ਰਾਜ ਕੁਮਾਰ ਉਰਫ਼ ਚੀਕੂ ਸ਼ਾਮਲ ਹਨ।

ਸੈਕਟਰ-39 ਥਾਣੇ ਦੀ ਪੁਲੀਸ ਨੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਹੋਰ ਮੁਲਜ਼ਮਾਂ 'ਚ ਰਿਸ਼ੀ, ਉਸ ਦਾ ਭਰਾ ਮੁਕੱਦਰ, ਕਵੀਲ ਉਰਫ਼ ਕਵੀ ਵਾਸੀ ਡੱਡੂਮਾਜਰਾ ਸ਼ਾਮਲ ਹਨ।

## ਘਰ 'ਚੋਂ 11 ਲੱਖ ਦੇ ਗਹਿਣੇ ਅਤੇ ਨਕਦੀ ਚੋਰੀ

**ਨਿੱਜੀ ਪੱਤਰ ਪ੍ਰੇਰਕ**
**ਡੇਰਾਬੱਸੀ, 26 ਅਗਸਤ**

ਪਿੰਡ ਸਰਗੋਂਧ ਵਿੱਚ ਚੋਰ ਇਕ ਘਰ ਵਿੱਚੋਂ 11 ਲੱਖ ਰੁਪਏ ਕੀਮਤ ਦੇ ਗਹਿਣੇ ਤੇ 30 ਹਜ਼ਾਰ ਰੁਪਏ ਚੋਰੀ ਕਰ ਕੇ ਲੈ ਗਏ।

ਦਵਿੰਦਰ ਸਿੰਘ ਨੇ ਦੱਸਿਆ ਕਿ ਲੰਘੀ ਰਾਤ ਉਸ ਦੀ ਨੂੰਹ ਨੇ ਘਰ ਵਿੱਚ ਖੜਕਾ ਸੁਣਿਆ। ਉਨ੍ਹਾਂ ਕਮਰੇ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਤਾਂ ਦਰਵਾਜ਼ਾ ਬਾਹਰ ਤੋਂ ਬੰਦ ਸੀ। ਲੜਕੇ ਨੇ ਉੱਪਰਲੇ ਕਮਰੇ 'ਚ ਸੁੱਤੇ ਆਪਣੇ ਪਿਤਾ ਨੂੰ ਫੋਨ ਕਰ ਕੇ ਦਰਵਾਜ਼ਾ ਖੋਲ੍ਹਣ ਲਈ ਕਿਹਾ। ਜਦੋਂ ਦਵਿੰਦਰ ਨੇ ਹੇਠਾਂ ਆ ਕੇ ਦਰਵਾਜ਼ਾ ਖੋਲ੍ਹਿਆ ਤੇ ਬਾਹਰ ਆ ਕੇ ਦੇਖਿਆ ਤਾਂ ਸਟੋਰ ਦਾ ਦਰਵਾਜ਼ਾ ਟੁੱਟਿਆ ਪਿਆ ਸੀ।

ਉਸ ਨੇ ਦੱਸਿਆ ਕਿ ਚੋਰ ਘਰ ਵਿੱਚ ਪਏ 11 ਲੱਖ ਰੁਪਏ ਕੀਮਤ ਦੇ ਸੋਨੇ ਤੇ ਚਾਂਦੀ ਦੇ ਗਹਿਣੇ, 30 ਹਜ਼ਾਰ ਰੁਪਏ ਅਤੇ ਹੋਰ ਕੀਮਤੀ ਸਾਮਾਨ ਚੋਰੀ ਕਰ ਕੇ ਲੈ ਗਏ।

## ਮੁੱਖ ਮੰਤਰੀ ਦੇ ਭਰੋਸੇ ਮਗਰੋਂ ਕਿਸਾਨਾਂ ਤੇ ਦੁੱਧ ਉਤਪਾਦਕਾਂ ਦਾ ਲੜੀਵਾਰ ਧਰਨਾ ਖ਼ਤਮ

- ਮੁੱਖ ਮੰਤਰੀ ਵੱਲੋਂ 31 ਅਕਤੂਬਰ ਤੱਕ ਦੁੱਧ ਦੇ ਫੈਟ ਦੀ ਵਧੀ ਕੀਮਤ ਦੇਣ ਦਾ ਐਲਾਨ

**ਪੱਤਰ ਪ੍ਰੇਰਕ**
**ਐੱਸ.ਏ.ਐੱਸ. ਨਗਰ (ਮੁਹਾਲੀ), 26 ਅਗਸਤ**

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਅਤੇ ਹੋਰ ਜਥੇਬੰਦੀਆਂ ਵੱਲੋਂ ਇੱਥੋਂ ਦੇ ਫੇਜ਼-6 ਸਥਿਤ ਵੇਰਕਾ ਮਿਲਕ ਪਲਾਂਟ ਦੇ ਬਾਹਰ ਪਿਛਲੇ ਪੰਜ ਤੋਂ ਚੱਲ ਰਿਹਾ ਲੜੀਵਾਰ ਧਰਨਾ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੇ ਭਰੋਸੇ ਮਗਰੋਂ ਖ਼ਤਮ ਕੀਤਾ ਗਿਆ। ਇਸ ਗੱਲ ਦੀ ਪੁਸ਼ਟੀ ਕਿਸਾਨ ਆਗੂ ਪਰਮਿੰਦਰ ਸਿੰਘ ਚਲਾਕੀ, ਪਰਮਦੀਪ ਸਿੰਘ ਬੈਦਵਾਨ, ਕਿਰਪਾਲ ਸਿੰਘ ਸਿਆਊ, ਲਖਵਿੰਦਰ ਸਿੰਘ ਕਰਾਲਾ, ਕੁਲਵੰਤ ਸਿੰਘ ਤ੍ਰਿਪੜੀ, ਰਵਿੰਦਰ ਸਿੰਘ ਵਜੀਦਪੁਰ ਅਤੇ ਗੁਰਮੀਤ ਸਿੰਘ ਸ਼ਾਂਟੂ ਨੇ ਕੀਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨਾਲ ਅੱਜ ਹੋਈ ਮੀਟਿੰਗ ਵਿੱਚ ਪਰਮਿੰਦਰ ਸਿੰਘ ਚਲਾਕੀ, ਗਿਆਨ ਸਿੰਘ ਧੜਾਕ, ਗੁਰਮੀਤ ਸਿੰਘ ਸ਼ਾਂਟੂ, ਕੰਵਲਜੀਤ ਸਿੰਘ ਪੰਨੂ, ਡੇਅਰੀ ਫਾਰਮਿੰਗ ਐਸੋਸੀਏਸ਼ਨ ਦੇ ਆਗੂ ਦਲਜੀਤ ਸਿੰਘ ਸਦਰਪੁਰਾ, ਰਾਜਪਾਲ ਸਿੰਘ ਕਰਾਲ ਸਮੇਤ ਕਿਸਾਨ ਯੂਨੀਅਨ (ਕਾਦੀਆ) ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆ ਅਤੇ ਕਿਸਾਨ ਯੂਨੀਅਨ (ਕਿਰਤੀ) ਦੇ ਆਗੂ ਮੌਜੂਦ ਸਨ। ਮੀਟਿੰਗ ਦੇ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ 21 ਮਈ ਤੋਂ 20 ਅਗਸਤ ਤੱਕ ਦੁੱਧ ਉਤਪਾਦਕਾਂ ਨੂੰ 35 ਰੁਪਏ ਪ੍ਰਤੀ ਫੈਟ ਦੇਵੇਗੀ। 21 ਅਗਸਤ ਤੋਂ 31 ਅਕਤੂਬਰ ਤੱਕ 15 ਰੁਪਏ ਮਿਲਕਫੈੱਡ ਅਤੇ 20 ਰੁਪਏ ਸਰਕਾਰ ਦੇਵੇਗੀ। ਮੁੱਖ ਮੰਤਰੀ ਨੇ ਪੈਸਿਆਂ ਦਾ ਭੁਗਤਾਨ 15 ਸਤੰਬਰ ਕਰਨ ਦਾ ਭਰੋਸਾ ਦਿੱਤਾ ਹੈ। ਇਸ ਤੋਂ ਬਾਅਦ ਵੇਰਕਾ ਮਿਲਕ ਪਲਾਂਟ ਮੁਹਾਲੀ ਵੱਲੋਂ ਪਹਿਲਾਂ ਵਾਂਗ ਦੁੱਧ ਉਤਪਾਦਕਾਂ ਤੋਂ ਖ਼ਰੀਦੇ ਜਾਣ ਵਾਲੇ ਦੁੱਧ ਦੇ ਪੈਸੇ ਦਿੱਤੇ ਜਾਇਆ ਕਰਨਗੇ।

ਵਫ਼ਦ ਅਨੁਸਾਰ ਮੁੱਖ ਮੰਤਰੀ ਨੇ ਪੰਜਾਬ ਵਿੱਚ ਫੈਲ ਰਹੀ ਲੰਪੀ ਸਕਿਨ ਦੀ ਬੀਮਾਰੀ ਨਾਲ ਮਰੇ ਅਤੇ ਪੀੜਤ ਪਸ਼ੂਆਂ ਦਾ ਪਤਾ ਲਗਾਉਣ ਲਈ ਜਲਦੀ ਸਰਵੇ ਕਰਵਾਉਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਪਸ਼ੂ ਪਾਲਕਾਂ ਨੂੰ ਯੋਗ ਮੁਆਵਜ਼ਾ ਦਿਵਾਉਣ ਲਈ ਉਹ (ਮੁੱਖ ਮੰਤਰੀ) ਜਲਦੀ ਹੀ ਕੇਂਦਰੀ ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਨੂੰ ਮਿਲਣ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਦੇ ਭਰੋਸੇ ਮਗਰੋਂ ਧਰਨੇ 'ਤੇ ਬੈਠੇ ਕਿਸਾਨਾਂ ਅਤੇ ਦੁੱਧ ਉਤਪਾਦਕਾਂ ਨੇ ਇਸ ਨੂੰ ਸਾਂਝੇ ਸੰਘਰਸ਼ ਦੀ ਜਿੱਤ ਦੱਸਦਿਆਂ ਜੈਕਾਰਿਆਂ ਦੀ ਗੂੰਜ ਵਿੱਚ ਆਪਣਾ ਲੜੀਵਾਰ ਧਰਨਾ ਖ਼ਤਮ ਕਰਨ ਦਾ ਐਲਾਨ ਕੀਤਾ।


ਮੁੱਖ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਧਰਨਾਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਪਰਮਿੰਦਰ ਸਿੰਘ ਚਲਾਕੀ। -ਫੋਟੋ: ਸੋਢੀ

## ਨੌਜਵਾਨ ਵੱਲੋਂ ਇਮਾਰਤ ਦੀ ਅੱਠਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ

**ਨਿੱਜੀ ਪੱਤਰ ਪ੍ਰੇਰਕ**
**ਜ਼ੀਰਕਪੁਰ, 26 ਅਗਸਤ**

ਇੱਥੋਂ ਦੀ 200 ਫੁੱਟੀ ਏਅਰੋਸਿਟੀ ਰੋਡ 'ਤੇ ਅੱਜ ਇਕ ਉਸਾਰੀ ਅਧੀਨ ਇਮਾਰਤ ਦੀ ਅੱਠਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਇਕ 22 ਸਾਲਾ ਨੌਜਵਾਨ ਨੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਨਾ ਹੋਣ ਕਾਰਨ ਪੁਲੀਸ ਨੇ ਲਾਸ਼ ਸਿਵਲ ਹਸਪਤਾਲ ਡੇਰਾਬੱਸੀ ਦੇ ਮੁਰਦਾਘਰ ਵਿੱਚ ਰਖਵਾ ਦਿੱਤੀ ਹੈ। ਥਾਣਾ ਮੁਖੀ ਇੰਸਪੈਕਟਰ ਦੀਪਇੰਦਰ ਸਿੰਘ ਨੇ ਦੱਸਿਆ ਕਿ ਅੱਜ ਦੁਪਹਿਰੇ ਉਕਤ ਸੜਕ 'ਤੇ ਸੁਸ਼ਮਾ ਜੁਆਏ ਨੈਸਟ ਸੁਸਾਇਟੀ ਵਿੱਚ ਇਕ ਨੌਜਵਾਨ ਉਸਾਰੀ ਅਧੀਨ ਇਮਾਰਤ ਦੀ ਅੱਠਵੀਂ ਮੰਜ਼ਿਲ ਤੋਂ ਲਮਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੂੰ ਸੁਰੱਖਿਆ ਗਾਰਡ ਵੱਲੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਨਹੀਂ ਮੰਨਿਆ ਤੇ ਉਸ ਨੇ ਉੱਪਰੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ।

## ਮੁਲਾਜ਼ਮਾਂ ਤੇ ਵਰਕਰਾਂ ਵੱਲੋਂ ਯੂ.ਟੀ. ਨਗਰ ਨਿਗਮ ਦਫ਼ਤਰ ਅੱਗੇ ਰੋਸ ਮੁਜ਼ਾਹਰਾ

### ਮੁਜ਼ਾਹਰਾਕਾਰੀਆਂ ਵੱਲੋਂ ਬਰਾਬਰ-ਕੰਮ ਬਰਾਬਰ-ਤਨਖ਼ਾਹ ਬਾਰੇ ਫ਼ੈਸਲਾ ਲਾਗੂ ਕਰਨ ਦੀ ਮੰਗ

**ਪੱਤਰ ਪ੍ਰੇਰਕ**
**ਚੰਡੀਗੜ੍ਹ, 26 ਅਗਸਤ**

ਯੂ.ਟੀ. ਚੰਡੀਗੜ੍ਹ ਦੇ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੀਆਂ ਪ੍ਰਮੁੱਖ ਮੰਗਾਂ ਪ੍ਰਤੀ ਪ੍ਰਸ਼ਾਸਨ ਦੀ ਗੈਰ-ਸੰਜੀਦਾ ਪਹੁੰਚ ਦੇ ਖਿਲਾਫ਼ ਨਗਰ ਨਿਗਮ ਕਰਮਚਾਰੀਆਂ ਅਤੇ ਹੋਰ ਵਿਭਾਗਾਂ ਦੇ ਵਰਕਰਾਂ ਵੱਲੋਂ ਕੋਆਰਡੀਨੇਸ਼ਨ ਕਮੇਟੀ ਆਫ਼ ਗੌਰਮਿੰਟ ਐਂਪਲਾਈਜ਼ ਤੇ ਵਰਕਰ ਯੂ.ਟੀ. ਚੰਡੀਗੜ੍ਹ ਦੇ ਬੈਨਰ ਹੇਠ ਅੱਜ ਨਗਰ ਨਿਗਮ ਦਫ਼ਤਰ ਦੇ ਅੱਗੇ ਵਿਸ਼ਾਲ ਰੋਸ ਮੁਜ਼ਾਹਰਾ ਕੀਤਾ ਗਿਆ। ਉਨ੍ਹਾਂ ਨਿਗਮ ਅਧਿਕਾਰੀਆਂ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ। ਇਸ ਦੌਰਾਨ ਐੱਸਡੀਐੱਮ (ਸੈਂਟਰਲ) ਸੰਯਮ ਗਰਗ ਨੇ ਮੰਗ ਪੱਤਰ ਪ੍ਰਾਪਤ ਕਰਦਿਆਂ ਮੁਲਾਜ਼ਮਾਂ ਦੀਆਂ ਪ੍ਰਮੁੱਖ ਮੰਗਾਂ ਬਾਰੇ ਪ੍ਰਸ਼ਾਸਨ ਨਾਲ ਜਲਦੀ ਗੱਲਬਾਤ ਕਰਨ ਦਾ ਭਰੋਸਾ ਦਿੱਤਾ।



ਨਗਰ ਨਿਗਮ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕਰਦੇ ਹੋਏ ਮੁਲਾਜ਼ਮ ਤੇ ਵਰਕਰ।

ਯੂਨਾਈਟਿਡ ਫਰੰਟ ਆਫ਼ ਮਾਸ ਆਰਗੇਨਾਈਜੇਸ਼ਨ ਦੇ ਪ੍ਰਧਾਨ ਸ਼ਿਆਮ ਲਾਲ ਘਾਵਰੀ, ਕੋਆਰਡੀਨੇਸ਼ਨ ਕਮੇਟੀ ਦੇ ਪ੍ਰਧਾਨ ਸਤਿੰਦਰ ਸਿੰਘ, ਕੋਆਰਡੀਨੇਟਰ ਗੁਰਚਰਨ ਸਿੰਘ, ਜਨਰਲ ਸਕੱਤਰ ਰਾਕੇਸ਼ ਕੁਮਾਰ, ਚੇਅਰਮੈਨ ਅਨਿਲ ਕੁਮਾਰ ਅਤੇ ਯੂਐੱਫਐੱਮਓ ਦੇ ਕਨਵੀਨਰ ਸ਼ੀਸ਼ਪਾਲ ਨੇ ਕਿਹਾ ਕਿ ਵਰਕਰ ਬਰਾਬਰ ਕੰਮ-ਬਰਾਬਰ ਤਨਖਾਹ ਦਾ ਫਾਰਮੂਲਾ ਲਾਗੂ ਕਰਨ ਅਤੇ ਆਪਣੀਆਂ ਨੌਕਰੀਆਂ ਲਈ ਸੁਰੱਖਿਅਤ ਪਾਲਿਸੀ ਬਣਾਉਣ ਦੀ ਮੰਗ ਕਾਫ਼ੀ ਲੰਬੇ ਸਮੇਂ ਤੋਂ ਕਰਦੇ ਆ ਰਹੇ ਹਨ।

ਸੀਵਰੇਜ ਐਂਪਲਾਈਜ਼ ਯੂਨੀਅਨ ਦੇ ਪ੍ਰਧਾਨ ਅਤੇ ਤਾਲਮੇਲ ਕਮੇਟੀ ਦੇ ਸਰਪ੍ਰਸਤ ਸੁਰੇਸ਼ ਕੁਮਾਰ, ਸੀਐੱਮਸੀ ਬਾਗ਼ਬਾਨੀ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਕਿਸ਼ੋਰੀ ਲਾਲ, ਇਲੈਕਟ੍ਰੀਕਲ ਵਰਕਰਜ਼ ਯੂਨੀਅਨ ਦੇ ਪ੍ਰਧਾਨ ਕਿਸ਼ੋਰੀ ਲਾਲ, ਬਿਜਲੀ ਸਟਰੀਟ ਲਾਈਟ ਮੁਲਾਜ਼ਮ ਤੇ ਵਰਕਰਜ਼ ਯੂਨੀਅਨ ਦੇ ਜਨਰਲ ਸਕੱਤਰ ਦਲਜੀਤ ਸਿੰਘ, ਡੋਰ-ਟੂ-ਡੋਰ ਵੇਸਟ ਕੁਲੈਕਸ਼ਨ ਸੁਸਾਇਟੀ ਦੇ ਚੇਅਰਮੈਨ ਦਿਲਬਾਗ ਟਾਂਕ, ਸੀ.ਟੀ.ਯੂ. ਕੰਡਕਟਰ ਯੂਨੀਅਨ ਦੇ ਪ੍ਰਧਾਨ ਦਵਿੰਦਰ ਸਿੰਘ ਅਤੇ ਗੁਰਮੇਲ ਸਿੰਘ ਦਾਰਾ, ਐੱਮ.ਓ.ਐੱਚ. ਸਫ਼ਾਈ ਕਰਮਚਾਰੀ ਯੂਨੀਅਨ ਦੇ ਜਨਰਲ ਸਕੱਤਰ ਸਤੀਸ਼ ਗਹਿਲੋਤ, ਡਰਾਈਵਰਾਂ ਦੇ ਨੁਮਾਇੰਦੇ ਰਾਜ ਕੁਮਾਰ, ਯੂਨਾਈਟਿਡ ਫਰੰਟ ਪਬਲਿਕ ਹੈਲਥ ਐਂਪਲਾਈਜ਼ ਯੂਨੀਅਨ ਤੋਂ ਚਰਨਜੀਤ ਸਿੰਘ ਤੇ ਰਘੁਵੀਰ ਸਿੰਘ ਨੇ ਵੀ ਸੰਬੋਧਨ ਕੀਤਾ।

## ਨਿੱਝਰ ਵੱਲੋਂ ਮੁਹਾਲੀ ਤੋਂ ਸੂਬਾ ਪੱਧਰੀ ਮੁਹਿੰਮ 'ਮੇਰਾ ਸ਼ਹਿਰ-ਮੇਰਾ ਮਾਣ' ਦੀ ਸ਼ੁਰੂਆਤ



ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਮੁਹਿੰਮ ਦਾ ਆਗਾਜ਼ ਕਰਦੇ ਹੋਏ। -ਫੋਟੋ: ਸੋਢੀ

- ਪੰਜਾਬ ਦੀਆਂ 13 ਨਿਗਮਾਂ ਤੇ ਕਲਾਸ-1 ਯੂਐੱਲਬੀਜ਼ ਵਿੱਚ ਵੀ ਸ਼ੁਰੂ ਹੋਈ ਮੁਹਿੰਮ

**ਪੱਤਰ ਪ੍ਰੇਰਕ**
**ਐੱਸ.ਏ.ਐੱਸ. ਨਗਰ (ਮੁਹਾਲੀ), 26 ਅਗਸਤ**

ਇੱਥੇ ਅੱਜ ਸਥਾਨਕ ਸਰਕਾਰਾਂ ਬਾਰੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਨੇ 'ਮੇਰਾ ਸ਼ਹਿਰ-ਮੇਰਾ ਮਾਣ' ਮੁਹਿੰਮ ਦੀ ਰਸਮੀ ਸ਼ੁਰੂਆਤ ਮੁਹਾਲੀ ਸ਼ਹਿਰ ਤੋਂ ਕੀਤੀ। ਇਸ ਸਬੰਧੀ ਇੱਥੋਂ ਦੇ ਫੇਜ਼-3ਬੀ2 ਸਥਿਤ ਡਾ. ਬੀ.ਆਰ. ਅੰਬੇਡਕਰ ਇੰਸਟੀਚਿਊਟ 'ਚ ਸਮਾਗਮ ਕਰਵਾਇਆ ਗਿਆ। ਮੰਤਰੀ ਨੇ ਇੱਥੇ ਇੱਕ ਬੂਟਾ ਲਗਾ ਕੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਲੋਕਾਂ ਨੂੰ ਆਪਣੇ ਜੀਵਨ ਵਿੱਚ ਵੱਧ ਤੋਂ ਵੱਧ ਬੂਟੇ ਲਾਉਣ ਅਤੇ ਰੁੱਖਾਂ ਦੀ ਸਾਂਭ-ਸੰਭਾਲ ਕਰਨ ਲਈ ਪ੍ਰੇਰਿਆ। ਇਸ ਮੌਕੇ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ, ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਤੋਂ ਇਲਾਵਾ 'ਆਪ' ਦੇ ਸੀਨੀਅਰ ਆਗੂ ਅਤੇ ਜ਼ਿਲ੍ਹੇ ਦੇ ਅਧਿਕਾਰੀ ਵੀ ਮੌਜੂਦ ਸਨ।

ਡਾ. ਇੰਦਰਬੀਰ ਨਿੱਝਰ ਨੇ ਸੀਵਰੇਜ ਵਿਵਸਥਾ ਤੇ ਸੜਕਾਂ ਦੀ ਸਫ਼ਾਈ ਦਾ ਨਿਰੀਖਣ ਕੀਤਾ ਅਤੇ ਰਿਹਾਇਸ਼ੀ ਖੇਤਰ ਦੀਆਂ ਪਾਰਕਾਂ ਦੀ ਸਫ਼ਾਈ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ 'ਮੇਰਾ ਸ਼ਹਿਰ-ਮੇਰਾ ਮਾਣ' ਮੁਹਿੰਮ ਦੀ ਸ਼ੁਰੂਆਤ ਸ਼ਹਿਰਾਂ ਨੂੰ ਹਰਿਆ-ਭਰਿਆ ਬਣਾਉਣ ਲਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਹੀ 13 ਹੋਰ ਨਗਰ ਨਿਗਮਾਂ ਅਤੇ ਕਲਾਸ-1 ਯੂਐੱਲਬੀਜ਼ ਵਿੱਚ ਵੀ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਮਾਜ ਦੀ ਭਾਗੀਦਾਰੀ ਜ਼ਰੂਰੀ ਹੈ ਕਿਉਂਕਿ ਸਮਾਜਦ ਦੀ ਭਾਗੀਦਾਰੀ ਤੋਂ ਬਿਨਾਂ ਕੋਈ ਮੁਹਿੰਮ ਸਫਲ ਨਹੀਂ ਹੋ ਸਕਦੀ। ਇਸ ਤੋਂ ਪਹਿਲਾਂ ਵਿਧਾਇਕ ਕੁਲਵੰਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ 'ਮੇਰਾ ਸ਼ਹਿਰ-ਮੇਰਾ ਮਾਣ' ਮੁਹਿੰਮ ਵਿੱਚ ਮੁਹਾਲੀ ਪ੍ਰਸ਼ਾਸਨ ਅਤੇ ਸਰਕਾਰ ਦਾ ਸਾਥ ਦੇਣ।

### ਕਲੋਨੀਆਂ ਕੱਟਣ ਲਈ ਸੀਐੱਲਯੂ ਲੈਣ ਦੀ ਪ੍ਰਕਿਰਿਆ ਹੋਵੇਗੀ ਆਨਲਾਈਨ: ਨਿੱਝਰ

**ਰੂਪਨਗਰ (ਜਗਮੋਹਨ ਸਿੰਘ):** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਇੰਦਰਬੀਰ ਸਿੰਘ ਨਿੱਝਰ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਉਹ ਅੱਜ ਇੱਥੇ ਨਹਿਰੀ ਵਿਭਾਗ ਦੇ ਰੈਸਟ ਹਾਊਸ ਵਿੱਚ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਸੁਣਨ ਲਈ ਆਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਦੇ ਇਨ੍ਹਾਂ ਯਤਨਾਂ ਤਹਿਤ ਹੀ ਪੰਜਾਬ ਵਿੱਚ ਨਵੀਆਂ ਕਲੋਨੀਆਂ ਕੱਟਣ ਲਈ ਚੇਂਜ ਆਫ ਲੈਂਡ ਯੂਜ਼ (ਸੀਐੱਲਯੂ) ਲੈਣ ਦੀ ਪ੍ਰਕਿਰਿਆ ਆਨਲਾਈਨ ਕੀਤੀ ਜਾ ਰਹੀ ਹੈ। ਉਨ੍ਹਾਂ ਸ਼ਹਿਰ ਵਾਸੀਆਂ ਦੀ ਪੀਣ ਵਾਲੇ ਪਾਣੀ ਦੀ ਸਮੱਸਿਆ ਸਬੰਧੀ ਕਿਹਾ ਕਿ ਜਿੱਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਦੇ ਹੱਲ ਲਈ ਨਹਿਰੀ ਪਾਣੀ ਦੀ ਸਪਲਾਈ ਵਿੱਚ ਵਾਧਾ ਕੀਤਾ ਜਾਵੇਗਾ, ਉੱਥੇ ਹੀ ਬਰਸਾਤੀ ਪਾਣੀ ਕਾਰਨ ਆ ਰਹੀਆਂ ਦਿੱਕਤਾਂ ਦੂਰ ਕਰਨ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਜਲਦੀ ਹੀ ਨਵਾਂ ਨਿਕਾਸੀ ਪ੍ਰਾਜੈਕਟ ਸ਼ਹਿਰ ਨੂੰ ਦਿੱਤਾ ਜਾਵੇਗਾ। ਨਾਜਾਇਜ਼ ਕਲੋਨੀਆਂ ਦੇ ਨਕਸ਼ੇ ਪਾਸ ਕਰਨ 'ਤੇ ਰੋਕ ਲਗਾਈ ਗਈ ਹੈ, ਜਦੋਂ ਕਿ ਮਨਜ਼ੂਰਸ਼ੁਦਾ ਕਲੋਨੀਆਂ ਲਈ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਹੈ।

## ਵਿਜ਼ਨ ਪੰਜਾਬ: ਨਿਵੇਸ਼ ਲਈ ਪਹਿਲੀ ਪਸੰਦ ਬਣਿਆ ਪੰਜਾਬ: ਮਾਨ

### ਮੁੱਖ ਮੰਤਰੀ ਵੱਲੋਂ ਉਦਯੋਗਪਤੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ; ਸਟੀਲ ਪਲਾਂਟ ਸਥਾਪਤ ਕਰਨ ਲਈ ਟਾਟਾ ਨਾਲ ਸਮਝੌਤਾ

**ਦਰਸ਼ਨ ਸਿੰਘ ਸੋਢੀ**
**ਐੱਸ.ਏ.ਐੱਸ. ਨਗਰ (ਮੁਹਾਲੀ), 26 ਅਗਸਤ**

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਉਦਯੋਗਪਤੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਸੁਖਾਵੇਂ ਮਾਹੌਲ ਕਾਰਨ ਸੂਬਾ ਨਿਵੇਸ਼ ਲਈ ਪਸੰਦੀਦਾ ਸਥਾਨ ਵਜੋਂ ਉੱਭਰਿਆ ਹੈ। ਉਹ ਇੱਥੇ ਇਨਵੈਸਟ ਪੰਜਾਬ ਅਤੇ ਐਸੋਚੈਮ ਵੱਲੋਂ 'ਵਿਜ਼ਨ ਪੰਜਾਬ' ਦੇ ਬੈਨਰ ਹੇਠ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ, "ਮੈਂ ਤੁਹਾਨੂੰ ਨਾ ਸਿਰਫ਼ ਨਿਵੇਸ਼ ਕਰਨ ਸਗੋਂ ਉਦਯੋਗਿਕ ਵਿਕਾਸ ਵਾਸਤੇ ਦੋਵਾਂ ਧਿਰਾਂ ਲਈ ਹਾਂ-ਪੱਖੀ ਮਾਹੌਲ ਸਿਰਜਣ ਵਾਸਤੇ ਸਰਗਰਮ ਭਾਈਵਾਲ ਬਣਨ ਦਾ ਸੱਦਾ ਦਿੰਦਾ ਹਾਂ।" ਸੂਬੇ ਵਿੱਚ ਨਿਵੇਸ਼ ਲਈ ਸਨਅਤੀ ਕਾਰੋਬਾਰੀਆਂ ਦਾ ਜ਼ੋਰਦਾਰ ਢੰਗ ਨਾਲ ਸਵਾਗਤ ਕਰਦਿਆਂ ਮੁੱਖ ਮੰਤਰੀ ਮਾਨ ਨੇ ਸੂਬੇ ਨੂੰ ਦੇਸ਼ ਦੇ ਉਦਯੋਗਿਕ ਧੁਰੇ ਵਜੋਂ ਉੱਭਰਨ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।


ਵਿਜ਼ਨ ਪੰਜਾਬ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨਾਲ ਏ.ਐੱਸ. ਮਿੱਤਲ ਤੇ ਹੋਰ ਸ਼ਖ਼ਸੀਅਤਾਂ। -ਫੋਟੋ: ਵਿੱਕੀ ਘਾਰੂ

ਸਮਰਪਿਤ ਸਿੰਗਲ ਵਿੰਡੋ ਸਿਸਟਮ ਤੇ ਸਸਤੀ ਬਿਜਲੀ ਦੇ ਰੂਪ ਵਿਚ ਕਾਰਪੋਰੇਟ ਦਿੱਗਜਾਂ ਲਈ ਅਨੁਕੂਲ ਮਾਹੌਲ ਬਣਾਉਣ ਲਈ ਵੱਖ-ਵੱਖ ਕਦਮਾਂ ਦਾ ਜ਼ਿਕਰ ਕਰਦਿਆਂ ਮਾਨ ਨੇ ਕਿਹਾ ਕਿ ਨਿਰਮਾਣ ਖੇਤਰ, ਉਦਯੋਗਿਕ ਵਿਕਾਸ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਜਾ ਰਹੇ ਨੌਜਵਾਨਾਂ ਨੂੰ ਰੋਕਣ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਮੁੱਖ ਆਧਾਰ ਹੈ। ਉਨ੍ਹਾਂ ਨੇ ਉਮੀਦ ਜ਼ਾਹਰ ਕੀਤੀ ਕਿ ਸਰਕਾਰ ਵੱਲੋਂ ਸ਼ਾਸਨ ਅਤੇ ਆਰਥਿਕ ਖੇਤਰਾਂ ਵਿਚ ਕੀਤੇ ਗਏ ਬੇਮਿਸਾਲ ਸੁਧਾਰ ਵਿਕਾਸ ਅਤੇ ਖ਼ੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਉਦਯੋਗ ਪੱਖੀ ਨੀਤੀਆਂ ਕਾਰਨ ਪੰਜਾਬ ਉਦਯੋਗਪਤੀਆਂ ਦੀ ਸਭ ਤੋਂ ਪਸੰਦੀਦਾ ਥਾਂ ਬਣ ਕੇ ਉੱਭਰਿਆ ਹੈ। ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਜਮਸ਼ੇਦਪੁਰ ਤੋਂ ਬਾਅਦ ਟਾਟਾ ਗਰੁੱਪ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਨਿਵੇਸ਼ ਪੰਜਾਬ ਵਿੱਚ ਹੋਇਆ ਹੈ ਅਤੇ ਅੱਜ ਸੂਬਾ ਸਰਕਾਰ ਨੇ ਉਨ੍ਹਾਂ ਨੂੰ ਪਹਿਲੇ ਪੜਾਅ ਵਿੱਚ ਲੁਧਿਆਣਾ ਵਿੱਚ 2600 ਕਰੋੜ ਰੁਪਏ ਦੇ ਨਿਵੇਸ਼ ਨਾਲ ਸਕਰੈਪ ਆਧਾਰਿਤ ਸਟੀਲ ਪਲਾਂਟ ਸਥਾਪਤ ਕਰਨ ਲਈ ਪੱਤਰ ਸੌਂਪਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਿਰਵਿਘਨ ਬਿਜਲੀ, ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ, ਸਹਾਇਕ ਸਰਕਾਰੀ ਮਸ਼ੀਨਰੀ, ਹੁਨਰਮੰਦ ਮਜ਼ਦੂਰ ਦਾ ਪੂਲ ਅਤੇ ਸੂਬਾ ਸਰਕਾਰ ਦੀਆਂ ਉਦਯੋਗ ਪੱਖੀ ਨੀਤੀਆਂ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਹੋਰ ਹੁਲਾਰਾ ਦੇਣਗੀਆਂ। ਭਗਵੰਤ ਮਾਨ ਨੇ ਕਿਹਾ ਕਿ ਸੂਬੇ 'ਚੋਂ ਦੇਸ਼ ਦੇ ਅੰਦਰ ਅਤੇ ਬਾਹਰ ਬਿਹਤਰ ਹਵਾਈ ਸੰਪਰਕ ਪ੍ਰਦਾਨ ਕਰਨ ਲਈ ਟਾਟਾ ਸਕਾਈ, ਵਿਸਤਾਰਾ, ਏਅਰ ਸਕਾਈ ਅਤੇ ਹੋਰ ਏਅਰਲਾਈਨਜ਼ ਨਾਲ ਵਿਚਾਰ-ਵਟਾਂਦਰਾ ਜਾਰੀ ਹੈ। ਇਸ ਤੋਂ ਪਹਿਲਾਂ ਦਰਸ਼ਕਾਂ ਨੇ ਲੁਧਿਆਣਾ 'ਚ 2600 ਕਰੋੜ ਰੁਪਏ ਦੇ ਪ੍ਰਾਜੈਕਟ ਦੀ ਸਥਾਪਨਾ ਲਈ ਟਾਟਾ ਗਰੁੱਪ ਨਾਲ ਇੱਕ ਸਮਝੌਤੇ 'ਤੇ ਦਸਤਖ਼ਤ ਕਰਨ ਸਮੇਂ ਮੁੱਖ ਮੰਤਰੀ ਲਈ ਖੜ੍ਹੇ ਹੋ ਕੇ ਪੂਰੇ ਉਤਸ਼ਾਹ ਨਾਲ ਤਾੜੀਆਂ ਮਾਰੀਆਂ। ਇਸ ਮੌਕੇ ਉਦਯੋਗਿਕ ਦਿੱਗਜਾਂ ਨੇ ਵੀ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਪੰਜਾਬੀਆਂ ਦੇ ਉੱਦਮੀ ਹੁਨਰ ਨੂੰ ਹੋਰ ਨਿਖਾਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਵਿੱਤ ਮੰਤਰੀ ਹਰਪਾਲ ਚੀਮਾ, ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਅਤੇ ਮਾਲ ਮੰਤਰੀ ਬ੍ਰਹਮ ਸੰਕਰ ਜਿੰਪਾ, ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਮੁੱਖ ਸਕੱਤਰ ਵਿਜੈ ਜੰਜੂਆ, ਸੀਈਓ ਇਨਵੈਸਟ ਪੰਜਾਬ ਕਮਲ ਕਿਸ਼ੋਰ ਯਾਦਵ ਹਾਜ਼ਰ ਸਨ।

## ਮਜ਼ਦੂਰੀ ਲਈ ਲੁਧਿਆਣਾ ਲਿਜਾਏ ਜਾ ਰਹੇ 15 ਬੱਚੇ ਛੁਡਾਏ

**ਨਿੱਜੀ ਪੱਤਰ ਪ੍ਰੇਰਕ**
**ਅੰਬਾਲਾ, 26 ਅਗਸਤ**

ਅੰਬਾਲਾ ਕੈਂਟ ਰੇਲਵੇ ਸਟੇਸ਼ਨ 'ਤੇ ਅੱਜ ਜੀਆਰਪੀ, ਆਰਪੀਐੱਫ, ਬਾਲ ਕਮਿਸ਼ਨ ਤੇ ਚਾਈਲਡ ਹੈਲਪ ਡੈਸਕ ਦੀ ਸਾਂਝੀ ਟੀਮ ਵੱਲੋਂ ਰੇਲਗੱਡੀ 'ਚ ਲੁਧਿਆਣਾ ਮਜ਼ਦੂਰੀ ਲਈ ਲਿਜਾਏ ਜਾ ਰਹੇ ਬੱਚਿਆਂ ਨੂੰ ਛੁਡਾ ਕੇ ਸ਼ੈਲਟਰ ਹੋਮ ਭੇਜ ਦਿੱਤਾ ਗਿਆ। ਟੀਮ ਨੂੰ ਸੂਚਨਾ ਮਿਲੀ ਸੀ ਕਿ ਜਲਪਾਈਗੁੜੀ ਤੋਂ ਅੰਮ੍ਰਿਤਸਰ ਜਾਣ ਵਾਲੀ ਗੱਡੀ ਨੰਬਰ 12407 ਕਰਮਭੂਮੀ ਐਕਸਪ੍ਰੈੱਸ ਵਿੱਚ ਨਾਬਾਲਗ ਬੱਚੇ ਲਿਜਾਏ ਜਾ ਰਹੇ ਹਨ। ਬਾਅਦ ਦੁਪਹਿਰ ਕਰੀਬ 2.15 ਵਜੇ ਜਿਉਂ ਹੀ ਗੱਡੀ ਅੰਬਾਲਾ ਕੈਂਟ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਨੰਬਰ-6 'ਤੇ ਪਹੁੰਚੀ ਤਾਂ ਸਾਂਝੀ ਟੀਮ ਨੇ ਗੱਡੀ ਦੇ ਡੱਬਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ। ਟੀਮ ਨੇ 15 ਬੱਚੇ ਬਰਾਮਦ ਕਰ ਲਏ ਜੋ ਲੁਧਿਆਣਾ 'ਚ ਮਜ਼ਦੂਰੀ ਕਰਵਾਉਣ ਲਈ ਲਿਆਂਦੇ ਗਏ ਸਨ।


Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਟ੍ਰਿਬਿਊਨ

ਸਤਰੰਗ

ਸ਼ਨਿਚਰਵਾਰ, 27 ਅਗਸਤ 2022

# ਕਿਸੀ ਨਜ਼ਰ ਕੋ ਤੇਰਾ ਇੰਤਜ਼ਾਰ...



**ਮਨਦੀਪ ਸਿੰਘ ਸਿੱਧੂ**

**ਭੁਪਿੰਦਰ** ਸਿੰਘ ਉਰਫ਼ ਭੁਪਿੰਦਰ ਦਾ ਜਨਮ 6 ਫਰਵਰੀ 1940 ਨੂੰ ਅੰਮ੍ਰਿਤਸਰ ਵਿਖੇ ਹੋਇਆ ਤੇ ਉੱਥੇ ਹੀ ਇਨ੍ਹਾਂ ਦਾ ਬਚਪਨ ਬੀਤਿਆ। ਪਿਤਾ ਨੱਥਾ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਸੰਗੀਤ ਦੇ ਪ੍ਰੋਫੈਸਰ ਸਨ। ਫਿਰ ਇਨ੍ਹਾਂ ਦਾ ਪਰਿਵਾਰ ਦਿੱਲੀ ਜਾ ਵੱਸਿਆ। ਇਸ ਤੋਂ ਬਾਅਦ ਪਿੱਠਵਰਤੀ ਗਾਇਕੀ, ਗ਼ਜ਼ਲ ਗਾਇਕੀ, ਸੰਗੀਤਕਾਰ, ਗਿਟਾਰਿਸਟ ਵਜੋਂ ਉਨ੍ਹਾਂ ਨੂੰ ਜੋ ਪਛਾਣ ਮਿਲੀ ਉਸ ਤੋਂ ਸਭ ਚੰਗੀ ਤਰ੍ਹਾਂ ਵਾਕਿਫ਼ ਹਨ।

1960ਵਿਆਂ ਦੇ ਦਹਾਕੇ 'ਚ ਭੁਪਿੰਦਰ ਨੇ ਆਪਣੀ ਗਾਇਕੀ ਦਾ ਆਗਾਜ਼ ਸੰਗੀਤਕਾਰ ਸਤੀਸ਼ ਭਾਟੀਆ ਦੀ ਹਿਦਾਇਤ ਵਿੱਚ ਆਲ ਇੰਡੀਆ ਰੇਡੀਓ, ਦਿੱਲੀ ਤੋਂ ਸ਼ੁਰੂ ਕੀਤਾ। ਕੁਝ ਸਮਾਂ ਉੱਥੇ ਨਗਮਾਸਾਰਾਈ ਕਰਨ ਤੋਂ ਬਾਅਦ ਉਹ ਦੂਰਦਰਸ਼ਨ ਕੇਂਦਰ, ਦਿੱਲੀ ਨਾਲ ਜੁੜ ਗਏ ਤੇ ਇੱਥੋਂ ਹੀ ਉਨ੍ਹਾਂ ਨੇ ਗਿਟਾਰ ਤੇ ਵਾਇਲਨ ਵਜਾਉਣੀ ਸਿੱਖੀ। 1968 ਵਿੱਚ ਮਾਰੂਫ਼ ਸੰਗੀਤਕਾਰ ਮਦਨ ਮੋਹਨ ਨੇ ਆਲ ਇੰਡੀਆ ਰੇਡੀਓ 'ਤੇ ਉਨ੍ਹਾਂ ਦਾ ਇੱਕ ਪ੍ਰੋਗਰਾਮ ਸੁਣਿਆ ਤੇ ਉਨ੍ਹਾਂ ਨੂੰ ਦਿੱਲੀ ਤੋਂ ਬੰਬਈ ਸੱਦ ਲਿਆ।

ਜਦੋਂ ਚੇਤਨ ਆਨੰਦ ਨੇ ਆਪਣੇ ਫਿਲਮਸਾਜ਼ ਅਦਾਰੇ ਹਿਮਾਲਿਆ ਫਿਲਮਜ਼, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿੱਚ ਹਿੰਦੀ ਫਿਲਮ 'ਹਕੀਕਤ' (1964) ਬਣਾਈ ਤਾਂ ਮੌਸੀਕਾਰ ਮਦਨ ਮੋਹਨ ਨੇ ਭੁਪਿੰਦਰ ਨੂੰ ਨਵੇਂ ਗੁਲੂਕਾਰ ਵਜੋਂ ਪੇਸ਼ ਕਰਵਾਇਆ। ਨਗਮਾਨਿਗਾਰ ਕੈਫ਼ੀ ਆਜ਼ਮੀ ਦਾ ਲਿਖਿਆ 'ਹੋ ਕੇ ਮਜਬੂਰ ਮੁਝੇ ਉਸ ਨੇ

**ਸਿਨੇ ਪੰਜਾਬੀ**
**ਯਾਦਾਂ ਤੇ ਯਾਦਗਾਰਾਂ**

ਭੁਲਾਇਆ ਹੋਗਾ' (ਭੁਪਿੰਦਰ, ਮੁਹੰਮਦ ਰਫ਼ੀ, ਤਲਤ ਮਹਿਮੂਦ, ਮੰਨਾ ਡੇਅ) ਭੁਪਿੰਦਰ ਦਾ ਗਾਇਆ ਪਹਿਲਾ ਫਿਲਮੀ ਗੀਤ ਸੀ, ਜਿਸ ਵਿੱਚ ਉਸ ਦੀਆਂ ਗਾਈਆਂ ਸਤਰਾਂ ਉਸ 'ਤੇ ਹੀ ਫਿਲਮਾਈਆਂ ਗਈਆਂ। ਇਹ ਗੀਤ ਮਸ਼ਹੂਰ ਤਾਂ ਬਹੁਤ ਹੋਇਆ, ਪਰ ਭੁਪਿੰਦਰ ਨੂੰ ਕੋਈ ਖ਼ਾਸ ਪਛਾਣ ਨਹੀਂ ਮਿਲੀ। ਫਿਰ ਦੋ ਸਾਲ ਬਾਅਦ ਜਦੋਂ ਚੇਤਨ ਆਨੰਦ ਨੇ ਆਪਣੇ ਫਿਲਮਸਾਜ਼ ਅਦਾਰੇ ਦੀ ਆਪਣੀ ਹਿਦਾਇਤਕਾਰੀ ਵਿੱਚ ਫਿਲਮ 'ਆਖ਼ਰੀ ਖ਼ਤ' (1966) ਬਣਾਈ ਤਾਂ ਮੌਸੀਕਾਰ ਖ਼ਿਆਮ ਨੇ ਪਹਿਲੀ ਵਾਰ ਉਸ ਕੋਲੋਂ ਏਕਲ ਗੀਤ ਗਵਾਇਆ 'ਰੁੱਤ ਹੈ ਜਵਾਂ ਜਵਾਂ ਰਾਤ ਮੇਹਰਬਾਂ ਛੇੜੋ ਕੋਈ ਦਾਸਤਾਨ' ਜੋ ਅਦਾਕਾਰ ਰਾਜੇਸ਼ ਖੰਨਾ 'ਤੇ ਫਿਲਮਾਇਆ ਗਿਆ।

ਇਨ੍ਹਾਂ ਫਿਲਮਾਂ ਤੋਂ ਬਾਅਦ ਮੁਕੁਲ ਪਿਕਚਰਜ਼, ਬੰਬੇ ਦੀ ਰੂਪ ਕੇ. ਸ਼ੋਰੀ ਨਿਰਦੇਸ਼ਿਤ ਫਿਲਮ 'ਅਕਲਮੰਦ' (1966) 'ਚ ਉਸ ਨੇ ਓ. ਪੀ. ਨਈਅਰ ਦੇ ਸੰਗੀਤ 'ਚ ਅਜ਼ੀਜ਼ ਕਸ਼ਮੀਰੀ ਦਾ ਲਿਖਿਆ ਕੱਵਾਲੀ ਗੀਤ 'ਓ ਬੇਖ਼ਬਰ ਤੁਝਕੋ ਕਯਾ ਪਤਾ' (ਨਾਲ ਮਹਿੰਦਰ ਕਪੂਰ, ਜੀ. ਐੱਮ. ਦੁੱਰਾਨੀ) ਗਾਇਆ ਜੋ ਆਈ. ਐੱਸ. ਜੌਹਰ, ਵੀ. ਗੋਪਾਲ ਤੇ ਸਾਥੀਆਂ 'ਤੇ ਫਿਲਮਾਇਆ ਗਿਆ ਸੀ। ਸੁਪਰ ਪਿਕਚਰਜ਼, ਬੰਬੇ ਦੀ ਅਸਪੀ ਨਿਰਦੇਸ਼ਿਤ ਫਿਲਮ 'ਬਾਦਲ' (1966) 'ਚ ਭੁਪਿੰਦਰ ਨੇ ਮੌਸੀਕਾਰਾ ਊਸ਼ਾ ਖੰਨਾ ਦੇ ਸੰਗੀਤ 'ਚ ਅਸਦ ਭੋਪਾਲੀ ਦਾ ਲਿਖਿਆ ਸਿਰਫ਼ ਇੱਕੋ ਦੋਗਾਣਾ 'ਆਪਕੋ ਜੋ ਦੇਖੇਗਾ ਪਿਆਰ ਹੀ ਸੇ ਦੇਖੇਗਾ' (ਨਾਲ ਆਸ਼ਾ) ਗਾਇਆ ਜੋ ਸੰਜੀਵ ਕੁਮਾਰ ਤੇ ਨ੍ਰਿਤ ਅਦਾਕਾਰਾ ਹੈਲਨ 'ਤੇ ਫਿਲਮਾਇਆ ਗਿਆ ਸੀ। ਫਿਲਮ 'ਦੁਲਹਨ ਏਕ ਰਾਤ ਕੀ' (1966) 'ਚ ਉਸ ਨੇ ਨੀਰਜ ਦਾ ਲਿਖਿਆ ਤੇ ਮਦਨ ਮੋਹਨ ਦਾ ਸੰਗੀਤਬੱਧ ਗੀਤ 'ਜ਼ਿੰਦਗੀ ਦੁਲਹਨ ਹੈ ਏਕ ਰਾਤ ਕੀ' ਗਾਇਆ ਜੋ ਧਰਮਿੰਦਰ ਤੇ ਨੂਤਨ 'ਤੇ ਫਿਲਮਾਇਆ ਗਿਆ ਟਾਈਟਲ ਗੀਤ ਸੀ। ਫਿਲਮ 'ਬਾਦਲ' (1966) 'ਚ ਊਸ਼ਾ ਖੰਨਾ ਦੇ ਸੰਗੀਤ 'ਚ ਜਾਵੇਦ ਅਨਵਰ ਦਾ ਲਿਖਿਆ ਦੋਗਾਣਾ 'ਆਪਕੋ ਜੋ ਦੇਖੇਗਾ ਪਿਆਰ ਸੇ ਦੇਖੇਗਾ' (ਭੁਪਿੰਦਰ, ਆਸ਼ਾ ਭੌਸਲੇ) ਜੋ ਅਦਾਕਾਰ ਸੰਜੀਵ ਕੁਮਾਰ ਤੇ ਹੈਲਨ 'ਤੇ ਫਿਲਮਾਇਆ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੇ 'ਖ਼ੂਨ ਕਾ ਖ਼ੂਨ' (ਇੱਕ ਗੀਤ) ਤੇ 'ਜਿੰਬੋ ਫਾਈਂਡਸ ਏ ਸਨ' (1966/ਇੱਕ ਗੀਤ), 'ਦੋ ਦੁਸ਼ਮਨ' (ਇੱਕ ਗੀਤ) ਤੇ 'ਰਾਤ ਔਰ ਦਿਨ' (1967/ਇੱਕ ਗੀਤ), 'ਅਭਿਲਾਸ਼ਾ' (ਇੱਕ ਗੀਤ) ਤੇ 'ਫ਼ਰੇਬ' (1968/ਇੱਕ ਗੀਤ), 'ਜੀਨੇ ਕੀ ਰਾਹ' (1969/ਇੱਕ ਗੀਤ) ਲਈ ਗਾਇਆ।

ਫਿਲਮ 'ਪ੍ਰੇਮ ਪੁਜਾਰੀ' (1970) 'ਚ ਸਚਿਨ ਦੇਵ ਬਰਮਨ ਦੇ ਸੰਗੀਤ 'ਚ ਇੱਕ ਗੀਤ 'ਗ਼ਮ ਪੇ ਧੂਲ ਡਾਲੋ...ਯਾਰੋ ਨਿਲਾਮ ਕਰੋ ਸੁਸਤੀ' (ਨਾਲ ਕਿਸ਼ੋਰ ਕੁਮਾਰ) ਜੋ ਅਨੂਪ ਕੁਮਾਰ ਤੇ ਦੇਵ ਆਨੰਦ 'ਤੇ ਫਿਲਮਾਇਆ ਗਿਆ ਸੀ।

ਜਦੋਂ ਵੀ. ਕੇ. ਸੋਬਤੀ ਨੇ ਫਿਲਮਸਾਜ਼ ਅਦਾਰੇ ਤਿਰੂਪਤੀ ਪਿਕਚਰਜ਼, ਬੰਬੇ ਦੇ ਬੈਨਰ ਹੇਠ ਗੁਲਜ਼ਾਰ ਦੀ ਹਿਦਾਇਤਕਾਰੀ ਵਿੱਚ ਫਿਲਮ 'ਪਰਿਚਯ' (1972) ਬਣਾਈ ਤਾਂ ਸੰਗੀਤਕਾਰ ਆਰ. ਡੀ. ਬਰਮਨ ਨੇ ਗੁਲਜ਼ਾਰ ਦੇ ਲਿਖੇ ਦੋ ਗੀਤ ਭੁਪਿੰਦਰ ਕੋਲੋਂ ਗਵਾਏ 'ਮਿੱਤਵਾ ਬੋਲੇ ਮੀਠੇ ਬੈਨ' ਤੋਂ ਇਲਾਵਾ ਲਤਾ ਮੰਗੇਸ਼ਕਰ ਨਾਲ ਗਾਏ ਦੋਗਾਣੇ 'ਬੀਤੀ ਨਾ ਬਿਤਾਈ ਰੈਣਾ ਬਿਰਹਾ ਕੀ ਜਾਈ ਰੈਣਾ' ਜੋ ਜਯਾ ਭਾਦੁੜੀ ਤੇ ਸੰਜੀਵ ਕੁਮਾਰ 'ਤੇ ਫਿਲਮਾਇਆ ਗਿਆ ਸੀ। ਇਸ ਗੀਤ ਨਾਲ ਹਿੰਦੀ ਫਿਲਮ ਸਨਅਤ ਵਿੱਚ ਉਨ੍ਹਾਂ ਨੂੰ ਪੁਖ਼ਤਾ ਪਛਾਣ ਮਿਲੀ। ਸੁਨੰਦਿਨੀ ਪਿਕਚਰਜ਼, ਮਦਰਾਸ ਦੀ ਗੁਲਜ਼ਾਰ ਨਿਰਦੇਸ਼ਿਤ ਫਿਲਮ 'ਮੌਸਮ' (1975) 'ਚ ਮਦਨ ਮੋਹਨ ਦੇ ਸੰਗੀਤ 'ਚ ਗੁਲਜ਼ਾਰ ਦਾ ਲਿਖਿਆ 'ਦਿਲ ਢੂੰਡਤਾ ਹੈ ਫਿਰ ਵਹੀ ਫ਼ੁਰਸਤ ਕੇ ਰਾਤ ਦਿਨ' ਗੀਤ ਭੁਪਿੰਦਰ (ਨਾਲ ਲਤਾ ਮੰਗੇਸ਼ਕਰ) ਦਾ ਸ਼ਾਹਕਾਰ ਗੀਤ ਸਾਬਤ ਹੋਇਆ। ਸੰਜੀਵ ਕੁਮਾਰ ਤੇ ਸ਼ਰਮੀਲਾ ਟੈਗੋਰ 'ਤੇ ਫਿਲਮਾਏ ਇਸ ਗੀਤ ਨਾਲ ਉਨ੍ਹਾਂ ਨੂੰ ਬੇਪਨਾਹ ਪ੍ਰਸਿੱਧੀ ਮਿਲੀ। ਕਲਾਂਈਬ ਫਿਲਮਜ਼, ਬੰਬੇ ਦੀ ਭੀਮਸੈਨ ਨਿਰਦੇਸ਼ਿਤ ਫਿਲਮ 'ਘਰੌਂਦਾ' (1977) 'ਚ ਸੰਗੀਤਕਾਰ ਜੈਦੇਵ ਨੇ ਗੁਲਜ਼ਾਰ ਦੇ ਲਿਖੇ ਦੋ ਗੀਤ ਭੁਪਿੰਦਰ ਕੋਲੋਂ ਗਵਾਏ। ਪਹਿਲਾ ਰੂਨਾ ਲੈਲਾ ਨਾਲ 'ਦੋ ਦੀਵਾਨੇ ਸ਼ਹਿਰ ਮੇਂ' ਤੇ ਦੂਜਾ ਏਕਲ ਗੀਤ 'ਏਕ ਅਕੇਲਾ ਇਸ ਸ਼ਹਿਰ ਮੇਂ, ਰਾਤ ਔਰ ਦੁਪਹਿਰ ਮੇਂ' ਜੋ ਅਮੋਲ ਪਾਲੇਕਰ ਤੇ ਜ਼ਰੀਨਾ ਵਹਾਬ 'ਤੇ ਫਿਲਮਾਏ ਬੇਹੱਦ ਮਸ਼ਹੂਰ ਗੀਤ ਸਨ। ਫਿਲਮ 'ਬਾਜ਼ਾਰ' (1982) 'ਚ ਖ਼ਿਆਮ ਦੇ ਸੰਗੀਤ 'ਚ ਬਸ਼ਰ ਨਵਾਜ਼ ਦੀ ਲਿਖੀ ਤੇ ਭੁਪਿੰਦਰ ਦੀ ਗਾਈ ਗ਼ਜ਼ਲ 'ਕਰੋਗੇ ਯਾਦ ਤੋ ਹਰ ਬਾਤ ਯਾਦ ਆਏਗੀ' ਬੜੀ ਪਸੰਦ ਕੀਤੀ ਗਈ। ਪੰਜਾਬੀ ਫਿਲਮ ਅਦਾਕਾਰ ਰੋਮੇਸ਼ ਸ਼ਰਮਾ ਦੇ ਫਿਲਮਸਾਜ਼ ਅਦਾਰੇ ਰੋਮੇਸ਼ ਫਿਲਮਜ਼, ਬੰਬੇ ਦੀ ਮੁਕੁਲ ਆਨੰਦ ਨਿਰਦੇਸ਼ਿਤ ਫਿਲਮ 'ਏਤਬਾਰ' (1985) 'ਚ ਬੱਪੀ ਲਹਿਰੀ ਦੇ ਸੰਗੀਤ 'ਚ ਹਸਨ ਕਮਲ ਦੀ ਲਿਖੀ ਗ਼ਜ਼ਲ 'ਕਿਸੀ ਨਜ਼ਰ ਕੋ ਤੇਰਾ ਇੰਤਜ਼ਾਰ ਆਜ ਭੀ ਹੈ' (ਭੁਪਿੰਦਰ ਸਿੰਘ, ਆਸ਼ਾ ਭੌਸਲੇ) ਹੱਦ ਦਰਜਾ ਪਸੰਦ ਕੀਤੀ ਗਈ ਜੋ ਫਿਲਮ 'ਚ ਸੁਰੇਸ਼ ਉਬਰਾਏ ਤੇ ਡਿੰਪਲ ਕਪਾਡੀਆ 'ਤੇ ਫਿਲਮਾਈ ਗਈ। ਬਾਕੀ ਉਨ੍ਹਾਂ ਦੇ ਗਾਏ ਦਿਲਕਸ਼ ਫਿਲਮੀ ਗੀਤ ਤੇ ਗ਼ਜ਼ਲਾਂ ਦੀ ਫ਼ਹਿਰਿਸਤ ਬਹੁਤ ਲੰਬੀ ਹੈ।



ਭੁਪਿੰਦਰ ਸਿੰਘ ਨੇ ਆਪਣਾ ਆਖਰੀ ਨਗ਼ਮਾ ਹਿੰਦੀ ਫਿਲਮ 'ਮਾਧੋਲਾਲ ਕੀਪ ਵਾਕਿੰਗ' (2009) ਲਈ ਗਾਇਆ। ਨਾਯਾਬ ਤੇ ਰਾਜਾ ਦੇ ਸੰਗੀਤ 'ਚ ਅਸਲਮ ਸਾਹਨੀ ਦੇ ਲਿਖੇ ਇਸ ਦਿਲਕਸ਼ ਗੀਤ ਦੇ ਬੋਲ ਹਨ 'ਨੈਨਾ ਲਾਗੇ ਲਾਗੇ ਰੇ ਤੋਸੇ ਨੈਨਾ ਲਾਗੇ ਰੇ' ਜੋ ਅਦਾਕਾਰ ਸੁਬਰਤ ਦੱਤਾ 'ਤੇ ਫਿਲਮਾਇਆ ਗਿਆ ਸੀ।

ਹਿੰਦੀ ਦੇ ਨਾਲ-ਨਾਲ ਉਨ੍ਹਾਂ ਪੰਜਾਬੀ ਫਿਲਮਾਂ ਵਿੱਚ ਵੀ ਖ਼ੂਬਸੂਰਤ ਗੀਤ ਗਾਏ। ਭੁਪਿੰਦਰ ਸਿੰਘ ਨੂੰ ਪੰਜਾਬੀ ਫਿਲਮਾਂ ਵਿਚ ਗੁਲੂਕਾਰੀ ਦਾ ਮੌਕਾ ਦਿੱਤਾ ਮਾਰੂਫ਼ ਸੰਗੀਤਕਾਰ ਹੰਸ ਰਾਜ ਬਹਿਲ ਨੇ। ਜਦੋਂ ਜਸਵੰਤ ਸਿੰਘ ਨਾਰੰਗ ਨੇ ਆਪਣੇ ਫਿਲਮਸਾਜ਼ ਅਦਾਰੇ ਹੇਠ ਸੁਭਾਸ਼ ਭਾਖੜੀ ਦੀ ਹਿਦਾਇਤਕਾਰੀ 'ਚ ਪੰਜਾਬੀ ਫਿਲਮ 'ਸ਼ੇਰ ਪੁੱਤਰ' (1977) ਬਣਾਈ ਤਾਂ ਹੰਸਰਾਜ ਬਹਿਲ ਨੇ ਰਜੇਸ਼ ਸ਼ਰਮਾ ਦਾ ਲਿਖਿਆ ਰੁਮਾਨੀ ਗੀਤ ਭੁਪਿੰਦਰ ਕੋਲੋਂ ਗਵਾਇਆ 'ਵੇ ਤੇਰੇ ਕੋਲ ਆਣ, ਜੀ ਨਈਓ ਕਰਦਾ ਜਾਣ ਤੇ' (ਨਾਲ ਮੀਨੂੰ ਪ੍ਰਸ਼ੋਤਮ) ਪਦਮਾ ਖੰਨਾ ਤੇ ਧੀਰਜ ਕੁਮਾਰ 'ਤੇ ਫਿਲਮਾਇਆ ਗਿਆ ਜੋ ਬੜਾ ਹਿੱਟ ਹੋਇਆ। ਟੀ. ਐੱਸ. ਬਵੇਜਾ ਦੇ ਫਿਲਮਸਾਜ਼ ਅਦਾਰੇ ਉਪਕਾਰ ਇੰਟਰਟੇਨਮੈਂਟਸ ਲਿਮਟਿਡ., ਚੰਡੀਗੜ੍ਹ ਦੀ ਬ੍ਰਿਜ ਮੋਹਨ ਨਿਰਦੇਸ਼ਿਤ ਫਿਲਮ 'ਸ਼ਹੀਦ ਊਧਮ ਸਿੰਘ' (1977) 'ਚ ਸਰਦੂਲ ਕਵਾਤੜਾ ਨੇ ਆਪਣੇ ਸੰਗੀਤ 'ਚ ਭੁਪਿੰਦਰ ਕੋਲੋਂ ਵਾਰਿਸ ਸ਼ਾਹ ਦੀ ਹੀਰ ਗਵਾਈ 'ਕੋਈ ਹੀਰ ਦੀ ਕਰੇ ਤਾਰੀਫ਼ ਸ਼ਾਇਰ' ਜੋ ਖ਼ੂਬ ਪਸੰਦ ਕੀਤੀ ਗਈ। ਡਾ. ਮਨੋਹਰ ਕੌਰ ਅਰਪਨ ਦੇ ਫਿਲਮਸਾਜ਼ ਅਦਾਰੇ ਪੰਜਾਬ ਨਾਟਕ ਅਕੈਡਮੀ, ਪਟਿਆਲਾ ਦੀ ਡਾ. ਸੁਰਜੀਤ ਸਿੰਘ ਸੇਠੀ ਨਿਰਦੇਸ਼ਿਤ ਫਿਲਮ 'ਮੁਗ਼ਲਾਨੀ ਬੇਗਮ' (1979) 'ਚ ਐੱਸ. ਮੋਹਿੰਦਰ ਨੇ ਭੁਪਿੰਦਰ ਕੋਲੋਂ ਇੱਕੋ ਗੀਤ ਗਵਾਇਆ। 'ਮੈਂ ਭਟਕਦਾ ਹੀ ਰਿਹਾ' ਜੋ ਵਿਨੋਦ ਸੂਦ 'ਤੇ ਫ਼ਿਲਮਾਇਆ ਗਿਆ ਸੀ। ਕਮਲਜੀਤ ਸਿੰਘ ਕਵਾਤੜਾ ਦੇ ਜ਼ਾਤੀ ਬੈਨਰ ਦੀ ਚਮਨ ਨੀਲੈ ਨਿਰਦੇਸ਼ਿਤ ਫਿਲਮ 'ਦੋ ਪੋਸਤੀ' (1981) 'ਚ ਸਰਦੂਲ ਕਵਾਤੜਾ ਨੇ ਭੁਪਿੰਦਰ ਤੇ ਮੁਹੰਮਦ ਰਫ਼ੀ ਕੋਲੋਂ ਇੱਕ ਮਜ਼ਾਹੀਆ ਗੀਤ ਗਵਾਇਆ 'ਪਿੰਡ ਛੱਡ ਛੱਲੇ ਦੋ ਪੋਸਤੀ' ਜੋ ਰਜਿੰਦਰ ਨਾਥ ਤੇ ਆਈ. ਐੱਸ. ਜੌਹਰ 'ਤੇ ਫਿਲਮਾਇਆ ਗਿਆ ਸੀ। ਵਿਨੋਦ ਤਲਵਾਰ ਦੇ ਫਿਲਮਸਾਜ਼ ਅਦਾਰੇ ਤਲਵਾਰ ਪ੍ਰੋਡਕਸ਼ਨਜ਼, ਬੰਬੇ ਦੀ ਵਿਨੋਦ ਤਲਵਾਰ ਨਿਰਦੇਸ਼ਿਤ ਪੰਜਾਬੀ ਫਿਲਮ 'ਇਸ਼ਕ ਨਿਮਾਣਾ' (1984) 'ਚ ਸੁਰਿੰਦਰ ਕੋਹਲੀ ਦੇ ਸੰਗੀਤ ਵਿੱਚ ਬਲਬੀਰ ਨਿਰਦੋਸ਼ ਦਾ ਲਿਖਿਆ ਭੰਗੜਾ ਗੀਤ 'ਪੈਰ ਰੱਖ ਕੇ...ਅਸੀਂ ਗੱਭਰੂ ਦੇਸ਼ ਪੰਜਾਬ ਦੇ' (ਮਹਿੰਦਰ ਕਪੂਰ, ਭੁਪਿੰਦਰ, ਸਵਿਤਾ ਸਾਥੀ) ਸਤੀਸ਼ ਕੌਲ, ਮਿਹਰ ਮਿੱਤਲ ਤੇ ਸੁਧਾ ਚੋਪੜਾ 'ਤੇ ਫਿਲਮਾਇਆ ਗਿਆ। ਮਧੂ ਅਗਰਵਾਲ ਦੇ ਫਿਲਮਸਾਜ਼ ਅਦਾਰੇ ਸਰਵ ਕਲਾ ਮੰਦਰ, ਜਲੰਧਰ ਦੀ ਸਤੀਸ਼ ਭਾਖੜੀ ਨਿਰਦੇਸ਼ਿਤ ਫਿਲਮ 'ਬਾਬੁਲ ਦਾ ਵਿਹੜਾ' (1985) 'ਚ ਰਵੀ-ਦੀਪਕ ਦੇ ਸੰਗੀਤ 'ਚ ਡੀ. ਸੀ. ਮਿੱਤਲ ਦਾ ਲਿਖਿਆ ਇੱਕ ਗੀਤ ਭੁਪਿੰਦਰ ਕੋਲੋਂ ਗਵਾਇਆ 'ਚੜ੍ਹਦੀ ਜਵਾਨੀ ਰੁੱਤ ਹੈ ਬਹਾਰ ਦੀ' ਜੋ ਦਾਰਾ ਸਿੰਘ ਤੇ ਭਗਤਾਂ 'ਤੇ ਫਿਲਮਾਇਆ ਗਿਆ ਸੀ।

ਬੀ. ਏ. ਜੀ. ਫਿਲਮਜ਼, ਮੁੰਬਈ ਦੀ ਗੁਰਬੀਰ ਸਿੰਘ ਗਰੇਵਾਲ ਨਿਰਦੇਸ਼ਿਤ ਪੰਜਾਬੀ ਫਿਲਮ 'ਮੰਨਤ' (2006) 'ਚ ਮੌਸੀਕਾਰ ਜੈਦੇਵ ਦੇ ਸੰਗੀਤ 'ਚ ਉਸ ਨੇ ਭੰਗੜਾ ਗੀਤ 'ਨੱਚ ਮਿੱਤਰਾ ਗਾ ਮਿੱਤਰਾ ਜ਼ਰਾ ਢੋਲੀਆ ਤੂੰ ਢੋਲ ਵਜਾ ਮਿੱਤਰਾ' (ਨਾਲ ਅਰਵਿੰਦਰ ਸਿੰਘ, ਰਾਣੀ ਰਣਦੀਪ, ਸਿਮਰਜੀਤ ਕੁਮਾਰ) ਜੋ ਰਮਿਤ ਵਾਲੀਆ, ਕੰਵਲਜੀਤ ਸਿੰਘ, ਕੁਲਰਾਜ ਰੰਧਾਵਾ, ਜਿੰਮੀ ਸ਼ੇਰਗਿੱਲ ਤੇ ਸਾਥੀਆਂ 'ਤੇ ਫਿਲਮਾਇਆ ਗਿਆ ਸੀ। ਇਹ ਕਾਮਯਾਬ ਫਿਲਮ 6 ਅਕਤੂਬਰ 2006 ਨੂੰ ਨੁਮਾਇਸ਼ ਹੋਈ। ਹਰਬਖ਼ਸ਼ ਲਾਟਾ ਦੇ ਫਿਲਮਸਾਜ਼ ਅਦਾਰੇ ਲਾਟਾ ਪ੍ਰੋਡਕਸ਼ਨਜ਼ ਦੀ ਪੰਜਾਬੀ ਫਿਲਮ 'ਬਾਬੁਲ ਦਾ ਵਿਹੜਾ' (2007) 'ਚ ਐੱਚ. ਐੱਮ. ਦੇ ਸੰਗੀਤ 'ਚ ਨਕਸ਼ ਲਾਇਲਪੁਰੀ ਦੀ ਲਿਖੀ ਗ਼ਜ਼ਲ 'ਡੁੱਬ ਗਿਆ ਆਸਾਂ ਦਾ ਸੂਰਜ ਰਾਤ ਗ਼ਮਾਂ ਦੀ' (ਭੁਪਿੰਦਰ ਸਿੰਘ) ਜੋ ਅਦਾਕਾਰ ਜੀਓਰਡਨ ਰਾਣੇ ਉੱਤੇ ਫ਼ਿਲਮਾਈ ਗਈ ਸੀ।

ਭੁਪਿੰਦਰ ਸਿੰਘ ਦਾ ਵਿਆਹ 1983 ਵਿੱਚ ਬੰਗਲਾਦੇਸ਼ ਦੀ ਹਿੰਦੂ ਗੁਲੂਕਾਰਾ ਮਿਤਾਲੀ ਮੁਖਰਜੀ ਨਾਲ ਹੋਇਆ ਜੋ ਬਾਅਦ ਵਿੱਚ ਮਿਤਾਲੀ ਸਿੰਘ ਕਹਾਈ। ਇਸ ਤੋਂ ਬਾਅਦ ਇਸ ਜੋੜੀ ਨੇ ਮੌਸੀਕੀ ਦੀ ਦੁਨੀਆ ਵਿੱਚ ਆਪਣੀ ਉਮਦਾ ਗਾਇਕੀ ਜ਼ਰੀਏ ਇਕੱਠਿਆਂ ਕਈ ਸੰਗੀਤਕ ਸ਼ੋਅ ਪੇਸ਼ ਕਰ ਕੇ ਭਰਪੂਰ ਸ਼ੋਹਰਤ ਖੱਟੀ। ਫਿਲਮੀ ਗੀਤਾਂ ਤੋਂ ਇਲਾਵਾ ਭੁਪਿੰਦਰ ਸਿੰਘ ਦੇ ਗਾਏ ਗੀਤਾਂ, ਗ਼ਜ਼ਲਾਂ, ਭੇਟਾਂ-ਭਜਨਾਂ ਦੇ ਕਈ ਗ਼ੈਰ-ਫਿਲਮੀ ਗ੍ਰਾਮੋਫੋਨ ਰਿਕਾਰਡ (ਐੱਲ. ਪੀ./ਈ. ਪੀ./ਐੱਚ. ਐੱਮ.ਵੀ) ਆ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਗਾਏ ਗੀਤਾਂ ਗ਼ਜ਼ਲਾਂ ਦੀਆਂ ਅਨੇਕਾਂ ਆਡੀਓ ਕੈਸੇਟਾਂ ਤੇ ਆਡੀਓ ਸੀਡੀਜ਼ ਵੀ ਜਾਰੀ ਹੋਈਆਂ, ਜਿਨ੍ਹਾਂ ਨੂੰ ਸੰਗੀਤ-ਮੱਦਾਹਾਂ ਨੇ ਬੜਾ ਪਸੰਦ ਕੀਤਾ। ਪੰਜਾਬੀ ਕੈਸੇਟਾਂ ਵਿੱਚ 'ਮਟਕੇ ਤੇ ਮਟਕਾ' (1990/ਨਾਲ ਮਿਤਾਲੀ ਸਿੰਘ), ਸ਼ਿਵ ਕੁਮਾਰ ਬਟਾਲਵੀ ਦੀ ਸ਼ਾਹਕਾਰ ਰਚਨਾ 'ਲੂਣਾ' (2005), 'ਸੁਰੀਲਾ ਮੇਰਾ ਪੰਜਾਬ' (2005) ਤੋਂ ਇਲਾਵਾ ਹਿੰਦੀ ਕੈਸੇਟਾਂ ਵਿੱਚ 'ਐਵਰਗ੍ਰੀਨ ਲਵ ਸੌਂਗਸ' (1983), 'ਹਿੱਟਸ ਆਫ਼ ਭੁਪਿੰਦਰ' (1988), 'ਸ਼ਰਮਾਤੇ ਸ਼ਰਮਾਤੇ' (1992/ਨਾਲ ਮਿਤਾਲੀ ਸਿੰਘ), 'ਸਾਕੀ' (1994), 'ਗੁਲਮੋਹਰ' (1994/ਨਾਲ ਮਿਤਾਲੀ ਸਿੰਘ), 'ਤੂ ਸਾਥ ਚੱਲ' (1999/ਨਾਲ ਮਿਤਾਲੀ ਸਿੰਘ), 'ਏਕ ਆਰਜ਼ੂ' (2004/ਨਾਲ ਮਿਤਾਲੀ ਸਿੰਘ) ਆਦਿ। ਇਨ੍ਹਾਂ 'ਚੋਂ ਬਹੁਤੀਆਂ ਐਲਬਮਾਂ ਦਾ ਸੰਗੀਤ ਉਨ੍ਹਾਂ ਨੇ ਖ਼ੁਦ ਤਾਮੀਰ ਕੀਤਾ ਸੀ।

ਆਪਣੀ ਆਵਾਜ਼ ਦੀ ਵੱਖਰੀ ਪਛਾਣ ਵਾਲੇ ਅਜ਼ੀਮ ਪੰਜਾਬੀ ਗੁਲੂਕਾਰ ਭੁਪਿੰਦਰ ਸਿੰਘ 18 ਜੁਲਾਈ 2022 ਨੂੰ 82 ਸਾਲਾਂ ਦੀ ਉਮਰ 'ਚ ਮੁੰਬਈ ਵਿਖੇ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦਾ ਇੱਕ ਪੁੱਤਰ ਨਿਹਾਲ ਸਿੰਘ ਸੰਗੀਤਕਾਰ ਹੈ ਜੋ ਆਪਣੇ ਪਿਤਾ ਦੀ ਸੰਗੀਤ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ।

**ਸੰਪਰਕ**: 97805-09545



ਭੁਪਿੰਦਰ ਸਿੰਘ ਪਤਨੀ ਮਿਤਾਲੀ ਸਿੰਘ ਨਾਲ

# ਯਾਤਰਾ ਆਪਣੀ ਆਪਣੀ



**ਕਰਨੈਲ ਸਿੰਘ ਸੋਮਲ**

**ਕੁਝ** ਨਵਾਂ ਸਿੱਖਣਾ ਹੋਵੇ ਤਾਂ ਸ਼ੁਰੂ ਸ਼ੁਰੂ ਵਿੱਚ ਬੜੀ ਔਖ ਮਹਿਸੂਸ ਹੁੰਦੀ ਹੈ। ਮਨ ਹਮੇਸ਼ਾਂ ਸੌਖ ਵੱਲ ਨੂੰ ਦੌੜਦਾ ਹੈ, ਪਰ ਪ੍ਰਾਪਤੀਆਂ ਕਠਿਨਾਈਆਂ ਝੱਲ ਕੇ ਹੀ ਹੁੰਦੀਆਂ ਹਨ। ਇਨ੍ਹਾਂ ਤੋਂ ਬੜਾ ਕੁਝ ਸਿੱਖਣ ਨੂੰ ਮਿਲਦਾ ਹੈ। ਸਾਣ ਉੱਤੇ ਲਾਇਆਂ ਹੀ ਹਥਿਆਰ ਦੀ ਧਾਰ ਸੋਹਣੀ ਬਣਦੀ ਹੈ। ਪਰੇਸ਼ਾਨੀਆਂ ਕੀਹਨੂੰ ਨਹੀਂ ਆਉਂਦੀਆਂ। ਕਿੱਲਤਾਂ ਤੇ ਤੰਗੀਆਂ ਨਾਲ ਮਨੁੱਖ ਦਾ ਵਾਹ ਮੁੱਢੋਂ ਰਿਹਾ ਹੈ। ਉਹ ਇਨ੍ਹਾਂ ਚੁਣੌਤੀਆਂ ਨੂੰ ਕਬੂਲ ਕਰਦਾ ਰਿਹਾ ਹੈ। ਪ੍ਰਤੱਖ ਹੈ ਕਿ ਇੰਜ ਮਨੁੱਖ ਦਾ ਆਤਮ-ਵਿਸ਼ਵਾਸ ਵਧਦਾ ਹੈ। ਉਸ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਤੇ ਉਤਸ਼ਾਹ ਵੀ ਮਿਲਦੇ ਹਨ।

ਤਾਅ ਦਿੱਤੀ ਧਾਤ ਕਿਸੇ ਵੀ ਪਾਸੇ ਢਾਲੀ ਜਾ ਸਕਦੀ ਹੈ। ਇਵੇਂ ਹੀ ਸਖ਼ਤ ਮਿਹਨਤ ਕਰਦਿਆਂ ਮਨੁੱਖ ਦੇ ਅੰਦਰਲੀ ਸ਼ਕਤੀ ਉਸ ਦੇ ਕਹਿਣੇ ਲੱਗਣ ਲਈ ਤਤਪਰ ਹੋ ਜਾਂਦੀ ਹੈ। ਬਿਨਾਂ ਘਾਲ ਕੁਝ ਵੀ ਨਹੀਂ ਮਿਲਦਾ। ਧਰਤੀ ਵਿੱਚ ਧਰਿਆ ਇੱਕ ਨਿੱਕਾ ਬੀਜ ਵੀ ਆਪਣਾ ਪੂਰਾ ਤਾਣ ਲਾ ਕੇ ਜੰਮਦਾ ਹੈ। ਇਹੋ ਹਠ, ਸਿਦਕ ਤੇ ਦ੍ਰਿੜਤਾ ਹੈ। ਬਸ ਲੱਗੇ ਰਹਿਣਾ ਤੇ ਲੱਗੇ ਰਹਿਣਾ। ਇਸੇ ਲਗਨ ਤੇ ਧੁਨ ਸਦਕਾ ਬੰਦੇ ਦੇ ਅੰਦਰ ਅੱਗੇ ਤੋਂ ਅੱਗੇ ਤੁਰਨ ਲਈ ਧੂਹ ਪੈਂਦੀ ਹੈ।

ਇੱਕ ਕਹਾਣੀ ਵਿੱਚ ਕੋਈ ਚੂਚੇ ਨੂੰ ਪੁੱਛਦੈ ਕਿ ਉਹ ਆਂਡੇ ਦੀ ਬੰਦ ਕੋਠੜੀ ਤੋਂ ਬਾਹਰ ਕਿਵੇਂ ਆਇਆ। ਚੂਚਾ ਕਹਿੰਦਾ ਜਦੋਂ ਮੇਰੀ ਕਾਇਆ ਪੂਰੀ ਬਣ ਗਈ ਤਾਂ ਮੈਨੂੰ ਅੰਦਰ ਰਹਿਣ ਵਿੱਚ ਔਖ ਹੋਣ ਲੱਗੀ। ਉਂਜ ਵੀ ਲੰਮੀ ਦੇਰ ਸੌਂਤੇ ਵਿੱਚ ਰਿਹਾ ਸੀ। ਫਿਰ ਮੇਰਾ ਅੰਗ ਅੰਗ ਹਰਕਤ ਵਿੱਚ ਆਉਣ ਲਈ ਤਿਆਰ ਹੋਇਆ। ਤਦ ਫੁਰਨਾ ਫੁਰਿਆ ਕਿ ਬਾਹਰ ਨਿਕਲਣ ਲਈ ਰਾਹ ਅੰਦਰੋਂ ਆਪੇ ਬਣਾਇਆ ਜਾਵੇ। ਜੁਗਤ ਸੁੱਝੀ ਕਿ ਆਪਣੀ ਚੁੰਜ ਨਾਲ ਠੁਕ-ਠੁਕ ਕਰਨਾ ਸ਼ੁਰੂ ਕਰਾਂ। ਬਸ ਫਿਰ, ਲੱਗਿਆ ਰਿਹਾ। ਆਖਰ ਨੂੰ ਆਂਡੇ ਦਾ ਫੋਲਕ ਪਹਿਲਾਂ ਤਿੜਕ ਗਿਆ ਤੇ ਫਿਰ ਪਲਾਂ ਵਿੱਚ ਹੀ ਦੁਫਾੜ ਹੋ ਗਿਆ। ਵਾਹ! ਬਾਹਰ ਦਾ ਚਾਨਣ ਕਿਹਾ ਅਨੋਖਾ ਸੀ। ਹਾਂ ਜੀ, ਬਹੁਤੇ ਰਾਹ ਅੰਦਰੋਂ ਆਪਣੇ ਉੱਦਮੀਂ ਹੀ ਖੁੱਲ੍ਹਦੇ ਹਨ। ਕਾਹਲ ਤੇ ਤਤਕਾਲ ਨਤੀਜੇ ਦੀ ਚਾਹ ਕੁਝ ਨਹੀਂ ਸੰਵਾਰਦੀ।

ਉਂਜ, ਚੂਚੇ ਦੀ ਕੀ, ਹਰੇਕ ਦੀ ਆਪਣੀ ਯਾਤਰਾ ਹੁੰਦੀ ਹੈ। ਨਦੀ ਦੀ ਯਾਤਰਾ ਆਪਣੀ, ਕਿਸ਼ਤੀ ਦੀ ਆਪਣੀ ਤੇ ਉਸ ਰਾਹੀਂ ਪਾਰ ਲੰਘਦੇ ਯਾਤਰੂਆਂ ਦੀ ਆਪਣੀ। ਯਾਤਰਾ ਅਕਸਰ ਨ੍ਹੇਰਿਆਂ ਤੋਂ ਸ਼ੁਰੂ ਹੁੰਦੀ ਹੈ, ਨ੍ਹੇਰੀਆਂ ਤੇ ਝੱਖੜਾਂ-ਝਾਂਜਿਆਂ ਨੂੰ ਝੱਲਦੀ ਚਾਨਣ ਵੱਲ ਤੁਰਦੀ ਹੈ। ਯਾਤਰੂ ਬਹੁਤੀ ਵਾਰ ਸੋਚਦੈ- 'ਮੇਰੀ ਮਰਜ਼ੀ', ਉਂਜ ਜਿਹੜੇ ਰਾਹਾਂ ਉੱਤੇ ਤੁਰੀਦੈ ਉਨ੍ਹਾਂ ਦੀ ਮਰਜ਼ੀ ਵੀ ਹੁੰਦੀ ਹੈ, ਮੌਸਮਾਂ ਤੇ ਰੁੱਤਾਂ ਦੀ ਵੀ, ਭੁੱਖਾਂ-ਪਿਆਸਾਂ, ਥਕੇਵਿਆਂ ਤੇ ਉਨੀਂਦਰਿਆਂ ਦੀ ਵੀ ਮਰਜ਼ੀ।

ਕਿਸੇ ਇੱਕ ਦੀ ਜੀਵਨ ਯਾਤਰਾ ਹੋਰ ਕਿਸੇ ਦੀ ਜੀਵਨ ਯਾਤਰਾ ਨਾਲ ਪੂਰੀ ਮੇਲ ਨਹੀਂ ਖਾਂਦੀ। ਪਿਤਾ ਦੀ ਆਪਣੀ ਯਾਤਰਾ, ਔਲਾਦ ਦੀ ਆਪਣੀ , ਹਰੇਕ ਦੀ ਅਲੱਗ, ਅਲੱਗ। ਅਨੁਭਵ ਵੀ ਆਪਣੇ ਆਪਣੇ। ਖ਼ੈਰ! ਯਾਤਰਾ ਮੇਲ ਖਾਵੇ ਜਾਂ ਨਾ ਖਾਵੇ, ਜਾਂ ਉਲਟ ਦਿਸ਼ਾ ਵੱਲ ਜਾਵੇ, ਆਸ਼ਾ-ਨਿਰਾਸ਼ਾ, ਦੁੱਖ-ਸੁੱਖ ਇਸੇ ਤੋਂ ਉਪਜਣ। ਕੁਝ ਨਿਸ਼ਚੇ ਹੋ ਵੀ ਸਕਦਾ ਹੈ ਅਤੇ ਅਨਿਸ਼ਚਿਤ ਵੀ ਰਹਿ ਸਕਦਾ ਹੈ। ਵਿਆਕਰਨ ਵਿੱਚ 'ਨਿਸ਼ਚੇ ਅਤੇ ਅਨਿਸ਼ਚੇ' ਦੀ ਬੁਝਾਰਤ 'ਕਾਲ' ਦੇ ਪ੍ਰਸੰਗ ਵਿੱਚ ਪੈਂਦੀ ਹੈ। ਹੋਰ ਅੱਗੇ ਕੀ, ਉਸ ਤੋਂ ਵੀ ਅਗਾਂਹ ਕੀ, ਜਗਿਆਸਾ ਤੇ ਇੱਛਾਵਾਂ ਦੀ ਧੱਕ ਬਹੁਤ, ਕਿਸੇ ਇੱਕ ਕੰਨੀਂ ਹੱਥ ਆਈ, ਕਿਸੇ ਨੇ ਜ਼ਰਾ ਜਿੰਨੀ ਲਿਸ਼ਕੋਰ ਹੀ ਪਰਤੀਤ ਕੀਤੀ।

'ਮੈਨੂੰ ਪਤੈ', 'ਮੈਂ ਜਾਣਨਾਂ', 'ਮੈਂ ਸਾਰਾ ਕੁਝ ਜਾਣਨੈਂ', ਬੜੇ ਭਰਮ ਪਾਲੇ ਜਾਂਦੇ ਹਨ, ਭਰਮ ਟੁੱਟਦੇ ਹਨ, ਵਿਸ਼ਵਾਸ ਖੁੱਟਦੇ ਵੀ ਹਨ, ਇਹ ਸਿਲਸਿਲਾ ਇਵੇਂ ਚੱਲਦਾ ਰਿਹੈ। ਥਾਹ ਪਾਉਂਦਿਆਂ ਹਰੇਕ ਦਾ ਆਪਣਾ ਨਿਚੋੜ...। ਜੀਵਨ ਯਾਤਰਾ ਤਦੇ ਹੀ ਦਿਲਚਸਪ ਤੇ ਅਨੋਖੀ, 'ਕੱਲ੍ਹ ਕੀ ਹੋਊ' ਦੀ ਜਗਿਆਸਾ ਨਾਲ ਭਰਪੂਰ। ਇਸ ਪ੍ਰਸੰਗ ਵਿੱਚ ਦੋ ਯਾਤਰਾਵਾਂ ਦਾ ਖ਼ਿਆਲ ਆਉਂਦਾ ਹੈ, ਇੱਕ ਮਹਾਭਾਰਤ ਵਿੱਚ ਆਉਂਦੇ ਪਾਂਡੋਆਂ ਦੀ ਦੂਜੀ ਸੰਤਾਲੀ ਵਿੱਚ ਉਜਾੜੇ ਦਾ ਸੰਤਾਪ ਝੱਲਦੇ ਲੋਕਾਂ ਦੀ। ਜੁਗੋ-ਜੁਗ ਸਬਕ ਦਿੰਦੀਆਂ ਰਹਿਣੀਆਂ ਹਨ ਇਹ ਯਾਤਰਾਵਾਂ। ਹੋਰ ਅਨੇਕਾਂ ਮਿਸਾਲਾਂ ਹਨ।

ਜੀਵਨ ਵਿੱਚ ਕਈ ਤਰ੍ਹਾਂ ਦੇ ਹਨੇਰਿਆਂ ਦੇ ਸਨਮੁਖ ਹੋਈਦਾ ਹੈ। ਇੱਕ ਉਹ ਹਨੇਰਾ ਜਿਹੜਾ ਦੀਵੇ ਦੀ ਲੋਅ ਦੇ ਦਾਇਰੇ ਤੋਂ ਬਾਹਰ ਹੁੰਦਾ ਹੈ ਤੇ ਤੇ ਦੂਜਾ ਜਿਹੜਾ ਦੀਵੇ ਦੇ ਹੇਠਾਂ ਹੁੰਦਾ ਹੈ। ਅਗਿਆਨ ਤੇ ਅੰਧ-ਵਿਸ਼ਵਾਸੀ ਦੇ ਹਨੇਰੇ ਵੀ ਹੁੰਦੇ ਹਨ। ਹਰੇਕ ਨੂੰ ਆਪਣਾ ਦੀਵਾ ਜਗਾਉਣ ਤੇ ਬਲਦਾ ਰੱਖਣ ਦੀ ਲੋੜ ਪੈਂਦੀ ਹੈ। ਦੀਵੇ ਕਈ ਵਾਰੀ ਬੁਝਣ-ਬੁਝਣ ਨੂੰ ਕਰਦੇ ਹਨ, ਕਈ ਵਾਰੀ ਬੁਝ ਵੀ ਜਾਂਦੇ ਹਨ, ਤੇਲ-ਬੱਤੀ ਪੂਰੀ ਹੁੰਦਿਆਂ ਵੀ, ਪਰ ਉਮਰ ਭਰ ਉੱਦਮ ਕਰਨਾ ਹੁੰਦੈ। ਦੀਵੇ ਮੁੜ ਜਗ ਜਾਂਦੇ ਹਨ। ਸਾਡੀ ਚਾਨਣ ਦੀ ਚਾਹਤ ਬੜੀ ਵੱਡੀ ਹੈ।

ਦਹਿਲੀਜ਼ ਜਾਂ ਖਿੱਚੀ ਗਈ ਲਛਮਣ ਰੇਖਾ ਤੋਂ ਬਾਹਰ ਪੈਰ ਧਰਦਿਆਂ ਹੀ ਰੋਕਾਂ ਤੇ ਮਨਾਹੀਆਂ ਦਾ ਸਿਲਸਿਲਾ ਆਦਿ ਕਾਲ ਤੋਂ ਹੀ ਰਿਹਾ। ਇਹ ਕਿਸੇ ਬਾਹਰੀ ਸ਼ਕਤੀ ਵੱਲੋਂ ਨਹੀਂ, ਆਪਣੇ ਅਤੇ ਆਪਣਿਆਂ ਦੇ ਡਰ ਤੋਂ ਹੀ। ਇਨ੍ਹਾਂ ਨੂੰ ਤੋੜਦਾ ਵੀ ਮਨੁੱਖ ਹੀ ਹੈ। ਬਹੁਤੇ ਲੋਕ ਇਨ੍ਹਾਂ ਕਰਕੇ ਸਾਰੀ ਉਮਰ ਸੁੰਗੜਦੇ ਰਹਿੰਦੇ ਹਨ। ਮਨੁੱਖ ਦਾ ਆਪਣਾ ਅਨੁਸ਼ਾਸਨ ਹੋਵੇ ਤਾਂ ਉਸ ਦੀ ਸੁਤੰਤਰਤਾ ਕਾਇਮ ਰਹਿੰਦੀ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਰਾਤ ਨੂੰ ਘਰ ਦੇ ਬੂਹੇ ਬੰਦ ਕਰਕੇ ਅੰਦਰੋਂ ਜਿੰਦਰੇ ਲਾ ਲਏ ਜਾਣ। ਚਾਬੀ ਆਪਣੇ ਹੱਥ ਵਿੱਚ ਹੋਣ ਕਰਕੇ ਸੁਰੱਖਿਆ ਤੇ ਆਜ਼ਾਦੀ ਦਾ ਅਹਿਸਾਸ ਹੁੰਦਾ ਹੈ।

ਅਜਿਹੀਆਂ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਸਜੱਗ ਨਾ ਹੋਈਏ, ਤਾਂ ਵੀ ਗੁਜ਼ਾਰਾ ਹੋ ਜਾਂਦਾ ਹੈ, ਪਰ ਜੱਗ 'ਤੇ ਆਏ ਹੋਣ ਦਾ ਅਨੋਖਾ ਅਨੁਭਵ ਖੁੰਝ ਜਾਂਦਾ ਹੈ। ਸਫ਼ਰ ਉੱਤੇ ਤੁਰਿਆ ਜਿਹੜਾ ਆਦਮੀ ਆਲਾ-ਦੁਆਲਾ ਨਿਹਾਰਦਾ ਜਾਂਦਾ ਹੈ। ਮੁੜ ਦੱਸਣ ਲਈ ਉਸ ਕੋਲ ਢੇਰ ਸਾਰੀਆਂ ਗੱਲਾਂ ਹੁੰਦੀਆਂ ਹਨ।

**ਸੰਪਰਕ:** 98141-57137

# ਲਾਸ਼ 'ਤੇ ਪਈ ਬਰਛੀ



**ਵੰਡ ਦੇ ਦੁੱਖੜੇ**



**ਸਾਂਵਲ ਧਾਮੀ**

**ਸੰਤਾਲੀ** ਚੜ੍ਹਿਆ ਤਾਂ ਗੁੰਡਿਆਂ ਨੇ ਟੋਲੇ ਬਣਾ ਲਏ। ਉਨ੍ਹਾਂ ਨੂੰ ਰਿਆਸਤਾਂ ਦੀ ਸਰਪ੍ਰਸਤੀ ਵੀ ਹਾਸਲ ਹੋ ਗਈ। ਉਹ ਨਿਰਦੋਸ਼ ਲੋਕਾਂ ਨੂੰ ਲੁੱਟਣ ਤੇ ਮਾਰਨ ਲੱਗੇ। ਲੁਧਿਆਣਾ, ਪਟਿਆਲਾ ਤੇ ਸੰਗਰੂਰ ਦੇ ਮੁਸਲਮਾਨ ਜਾਨ ਬਚਾਉਣ ਲਈ ਮਾਲੇਰਕੋਟਲੇ ਵੱਲ ਦੌੜਨ ਲੱਗੇ। ਜਿਹੜਾ ਮਾਲੇਰਕੋਟਲਾ ਰਿਆਸਤ ਦੀ ਹੱਦ ਵਿੱਚ ਪੈਰ ਪਾ ਲੈਂਦਾ, ਉਹ ਬਚ ਜਾਂਦਾ। ਕਾਤਲਾਂ ਦੇ ਪੈਰ ਹੱਦ ਤੋਂ ਇੱਕ ਕਦਮ ਵੀ ਅਗਾਂਹ ਨਾ ਜਾਂਦੇ। ਮਾਲੇਰਕੋਟਲੇ ਦੀ ਹੱਦ 'ਚ ਆਉਣ ਲਈ ਉਨ੍ਹਾਂ ਨੂੰ ਮਾਹੋਰਾਣੇ ਤੇ ਜਰਖੜੀ ਜਿਹੇ ਪੁਲਾਂ ਤੋਂ ਦੀ ਹੋ ਕੇ ਲੰਘਣਾ ਪੈਂਦਾ ਸੀ। ਕਾਤਲ ਇਨ੍ਹਾਂ ਪੁਲਾਂ ਦੇ ਨੇੜੇ-ਤੇੜੇ ਬੈਠ ਜਾਂਦੇ। ਇਨ੍ਹਾਂ ਪੁਲਾਂ ਉੱਤੇ ਵੀ ਬਹੁਤ ਕਤਲੋਗਾਰਤ ਹੋਈ।

ਇਸ ਇਲਾਕੇ ਦੇ ਬਜ਼ੁਰਗਾਂ ਤੋਂ ਸੰਤਾਲੀ ਦੇ ਆਰ-ਪਾਰ ਦੀਆਂ ਦਰਦ-ਕਹਾਣੀਆਂ ਸੁਣਦਾ ਮੈਂ ਦੌਲਤਪੁਰ ਪਿੰਡ 'ਚ ਪਹੁੰਚ ਗਿਆ। ਇਹ ਪਿੰਡ ਮਾਲੇਰਕੋਟਲੇ ਦੀ ਹੱਦ ਉੱਤੇ ਪੈਂਦਾ ਹੈ। ਇਹਦਾ ਜ਼ਿਲ੍ਹਾ ਲੁਧਿਆਣਾ ਹੈ।

ਉੱਥੇ ਮੈਨੂੰ ਬਾਬਾ ਮੁਖਤਿਆਰ ਸਿੰਘ ਬਾਜਵਾ ਮਿਲਿਆ। ਅਸੀਂ ਪਿੰਡੋਂ ਦੂਰ ਬਾਬੇ ਮੁਖਤਿਆਰ ਦੀ ਮੋਟਰ ਉੱਤੇ ਬੈਠ ਗਏ ਤੇ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

"ਪਹਿਲਾਂ ਅਸੀਂ ਖੰਨੇ ਰਹਿੰਦੇ ਸੀ। ਏਸ ਪਿੰਡ ਦਾ ਕੋਈ ਵਡਾਰੂ ਹੁੰਦਾ ਸੀ। ਉਹਦੇ ਕੋਲ ਚਾਰ ਸੌ ਕਿੱਲਾ ਜ਼ਮੀਨ ਸੀ। ਉਹਨੇ ਸੌ ਕਿੱਲਾ ਸਾਨੂੰ ਦੇ ਦਿੱਤੀ ਸੀ। ਅਸੀਂ ਬਾਜਵੇ ਆਂ ਤੇ ਬਾਕੀ ਸੂਮਲ ਨੇ। ਹੱਲਿਆਂ ਵੇਲੇ ਮੈਂ ਪੱਚੀ ਵਰ੍ਹਿਆਂ ਦਾ ਸੀ। ਸਾਡੇ ਪਿੰਡ 'ਚ ਗੁੱਜਰ ਤੇ ਸ਼ੇਖ਼ ਮੁਸਲਮਾਨ ਰਹਿੰਦੇ ਸਨ। ਉਨ੍ਹਾਂ ਕੋਲ ਜ਼ਮੀਨ ਨਹੀਂ ਸੀ। ਉਨ੍ਹਾਂ 'ਚ ਇੱਕ ਮੌਲਾ ਹੁੰਦਾ ਸੀ। ਈਸਰ ਸ਼ੇਖ਼ ਤੇ ਬੰਤਾ ਸ਼ੇਖ਼ ਬੜੇ ਸਿਆਣੇ ਬੰਦੇ ਸਨ।

ਮੇਰੇ ਹਾਣੀਆਂ 'ਚ ਰੁੱਕੂ ਤੇ ਰਹਿਮੀ ਹੁੰਦੇ ਸਨ। ਮੌਲਾ ਉਨ੍ਹਾਂ ਦਾ ਬਾਪ ਸੀ। ਅਸੀਂ ਟੋਲੀਆਂ ਬਣਾ ਕੇ ਜਰਗ ਤੇ ਛਪਾਰ ਦਾ ਮੇਲਾ ਦੇਖਣ ਜਾਂਦੇ। ਜੰਗਲ ਦੇ ਇਲਾਕੇ ਤੋਂ ਮੁੰਡੇ ਆਉਂਦੇ ਤੇ ਸਾਜ਼ਾਂ ਨਾਲ ਗੌਣ ਗਾਉਂਦੇ। ਗਾਇਕਾਂ 'ਚੋਂ ਪਾਇਲ ਦਾ ਭਗਵਾਨ, ਖੇੜੀ ਦਾ ਕਰਤਾਰ ਸਿਉਂ ਤੇ ਛਪਾਰ ਦਾ ਡੋਗਰ ਗੁੱਜਰ ਬੜੇ ਮਸ਼ਹੂਰ ਸਨ। ਸਾਡੇ ਪਿੰਡਾਂ ਦੇ ਗੱਜਣ ਤੇ ਜੀਤ ਵੀ ਕਲੀਆਂ ਲਾਉਂਦੇ ਹੁੰਦੇ ਸਨ।

ਸਾਡਾ ਟੋਲਾ ਖਾਸਾ ਵੱਡਾ ਸੀ। ਜਗਨੇ ਤੇ ਚਰਨੇ ਜਿਹੇ ਮੇਰੇ ਕਈ ਯਾਰ ਹੁੰਦੇ ਸਨ। ਸਾਡੇ ਪਿੰਡ ਤਿੰਨ-ਚਾਰ 'ਖਾੜੇ ਹੁੰਦੇ ਸਨ। ਮੁੰਡੇ ਆਥਣੇ ਜ਼ੋਰ ਕਰਦੇ। ਪਹਿਲਾਂ ਉਨ੍ਹਾਂ 'ਖਾੜਾ ਗੁੱਡਣਾ ਤੇ ਫਿਰ ਘੁਲਣਾ। ਗੁੱਜਰਾਂ ਦਾ



ਰੁੱਕੂ ਤੇ ਸਾਡਾ ਕਰਤਾਰਾ ਤਾਂ ਦੂਰ-ਦੂਰ ਤੱਕ ਘੁਲਣ ਜਾਂਦੇ ਹੁੰਦੇ ਸਨ। ਸਾਡੇ ਪਿੰਡ ਵਾਲੇ ਮੁਸਲਮਾਨਾਂ ਦਾ ਨਵੇਂ ਪਿੰਡੀਏ ਜਥੇਦਾਰ ਨਾਲ ਵੀ ਵਾਹ ਸੀ। ਜਥੇਦਾਰ ਨੇ ਉਨ੍ਹਾਂ ਨੂੰ ਕਹਿ ਦਿੱਤਾ ਤੀ ਕਿ ਤੁਸੀਂ ਕੋਟਲੇ ਚਲੇ ਜਾਓ। ਅਸੀਂ ਉਨ੍ਹਾਂ ਨੂੰ ਆਪ ਕੋਟਲੇ ਛੱਡ ਕੇ ਆਏ ਸੀ। ਰੁੱਕੂ ਨੂੰ ਕਰਤਾਰੇ ਨੇ ਤਾਂ ਬਥੇਰਾ ਰੋਕਿਆ, ਪਰ ਉਹ ਪਾਕਿਸਤਾਨ ਚਲਾ ਗਿਆ।

ਨਵਾਂ ਪਿੰਡੀਆ ਜਥੇਦਾਰ ਵੀ ਆਪਣੇ ਵੇਲੇ ਘੁਲਦਾ ਹੁੰਦਾ ਸੀ। ਸੰਤਾਲੀ ਵਿੱਚ ਉਹਨੇ ਤਾਂ ਘੱਟ ਮਾਰੇ, ਪਰ ਜਿਹੜਾ ਬਾਹਰੋਂ ਆਇਆ, ਉਹਨੇ ਬੜੇ ਮਾਰੇ ਸਨ। ਉਹਨੇ ਕਿਸੇ ਨੂੰ ਨਾ ਤਾਂ ਆਪਣਾ ਅਸਲ ਨਾਂ ਦੱਸਿਆ, ਨਾ ਆਪਣਾ ਪਿੰਡ। ਉਹ ਗੌਲਿਆਂ ਵਿੱਚ ਹੀ ਆਇਆ ਸੀ। ਉਹ ਗੋਲੀ ਦਾ ਬੜਾ ਮਾਹਰ ਸੀ। ਸਾਰੇ ਉਹਨੂੰ ਮਾਸਟਰ-ਮਾਸਟਰ ਕਹਿੰਦੇ ਸਨ। ਬਾਅਦ 'ਚ ਉਹਦੇ ਨਾਲਦਿਆਂ ਨੇ ਮਾਇਆ ਪਿੱਛੇ ਉਹਨੂੰ ਨਿੱਕਾ-ਨਿੱਕਾ ਕੁਤਰ ਕੇ ਨਹਿਰ 'ਚ ਰੋੜ੍ਹ ਦਿੱਤਾ।

ਪਾਇਲ 'ਚ 'ਕੱਠੇ ਹੋਏ ਮੁਸਲਮਾਨ ਮਿਲਟਰੀ ਨੇ ਕੱਢੇ ਸਨ। ਉਨ੍ਹਾਂ ਸੋਚਿਆ ਸੀ ਕਿ ਐਵੇਂ ਪਿੰਡਾਂ ਨੂੰ ਖਰਾਬ ਕਰਨਗੇ। ਪਹਿਲਾਂ ਉਨ੍ਹਾਂ ਨੂੰ ਭਰੋਸਾ ਦੇ ਕੇ ਤੋਰ ਲਿਆ, ਪਰ ਜਦ ਪੁਲ ਲੰਘ ਗਏ ਤਾਂ ਸਾਨੂੰ ਹਮਲਾ ਕਰਨ ਲਈ ਕਹਿ ਦਿੱਤਾ। ਸਿਓੜ ਦੀ ਜੂਹ ਤੋਂ ਪਹਿਲਾਂ-ਪਹਿਲਾਂ ਲਾਸ਼ਾਂ ਹੀ ਲਾਸ਼ਾਂ ਵਿਛ ਗਈਆਂ ਸਨ।

ਸਾਡੇ ਪਿੰਡ ਦੇ ਸੱਜਣ ਦਾ ਲੀਗ ਵਿੱਚ ਨਾਂ ਸੀ। ਉਹ ਬਾਰ 'ਚੋਂ ਭੱਜ ਕੇ ਆਇਆ ਸੀ ਕਿ ਸਿੱਖਾਂ ਦੀ ਜ਼ਮੀਨ ਸਾਭਾਂਗੇ। ਉਹਨੂੰ ਇਹ ਵਹਿਮ ਸੀ ਕਿ ਹੱਲਾ ਸਿੱਖਾਂ 'ਤੇ ਪੈਣਾ। ਫਿਰ ਜਦੋਂ ਰੱਬੋਂ ਪਿੰਡ 'ਚ ਅੱਗ ਲੱਗੀ ਤਾਂ ਸੱਜਣ ਵੀ ਸਾਡੇ ਨਾਲ ਪਿੱਪਲ ਹੇਠ ਬੈਠਾ ਸੀ। ਕੋਈ ਬਾਹਰੋਂ ਆ ਕੇ ਕਹਿੰਦਾ ਕਿ ਮੁਸਲਮਾਨਾਂ ਨੂੰ ਫੂਕਦੇ ਪਏ ਨੇ। ਉਹ ਸਾਡੇ ਕੋਲੋਂ ਚੁੱਪ ਚਾਪ ਉੱਠਿਆਂ ਤੇ ਲੱਤਾਂ ਘੜੀਸਦਾ ਆਪਣੇ ਘਰ ਵੱਲ ਨੂੰ ਤੁਰ ਗਿਆ।

ਨਵੇਂ ਪਿੰਡੀਏ ਜਥੇਦਾਰ ਦੇ ਪਿੱਛੇ ਲੱਗ ਕੇ ਅਸੀਂ ਦਿਨ-ਰਾਤ ਤੁਰੇ ਫਿਰਦੇ। ਸਾਨੂੰ ਅੰਨ-ਪਾਣੀ ਖੁੱਲ੍ਹਾ ਮਿਲਦਾ। ਕਦੇ-ਕਦੇ ਗਹਿਣਾ-ਗੱਟਾ ਵੀ ਚੁੱਕ ਲੈਂਦੇ ਸੀ। ਸਾਡੇ ਟੋਲੇ 'ਚ ਕਈ ਬੰਦੇ ਸਨ। ਸਾਡੇ ਕੋਲ ਗੰਡਾਸੇ ਤੇ ਬਰਛੇ ਹੁੰਦੇ ਸਨ। ਅਸੀਂ ਹਮਲੇ ਵੇਲੇ ਸ਼ਰਾਬ ਪੀਤੀ ਹੁੰਦੀ ਸੀ। ਇੱਕ-ਦੋ ਬੋਤਲਾਂ ਤਾਂ ਅਸੀਂ ਹਰ ਵੇਲੇ ਕੋਲ ਰੱਖਦੇ ਹੁੰਦੇ ਸੀ।

ਬੇਰ ਖੁਰਦ ਵਾਲਿਆਂ ਨੂੰ ਚੋਮੋਂ ਦੇ ਵਸੀਵੇਂ ਉੱਤੇ ਮਾਰਨ ਵਾਲਿਆਂ ਵਿੱਚ ਮੈਂ ਵੀ ਸ਼ਾਮਲ ਸੀ। ਉਹ ਵਿਚਾਰੇ ਕਿਹੜਾ ਮੂਹਰਿਓਂ ਹੱਥ ਚੁੱਕਦੇ ਸਨ। ਬਸ ਬੁੱਤ ਜਿਹੇ ਬਣ ਕੇ ਖੜ੍ਹੇ ਰਹਿੰਦੇ। ਐਂ ਕਹਿੰਦੇ ਸੀ ਕਿ ਬਾਈ ਤੜਫ਼ਾਈ ਨਾ। ਇੱਕੋ ਟੱਕ ਨਾਲ ਮੇਰੀ ਗਰਦਨ ਵੱਢ ਦੇ। ਦੂਜਾ ਟੱਕ ਨਾ ਮਾਰੀਂ।

ਸਭ ਨਾਲੋਂ ਜ਼ਿਆਦਾ ਕਤਲੋ ਗਾਰਤ ਨਾਭੇ ਨੇੜੇ ਸ਼ਾਲੂਆਣੇ ਪਿੰਡ 'ਚ ਹੋਈ ਸੀ। ਉੱਥੇ ਕੈਂਪ ਲੱਗਿਆ ਹੋਇਆ ਸੀ। ਮੁਸਲਮਾਨਾਂ ਨੇ ਕੈਂਪ ਦੇ ਆਲੇ-ਦੁਆਲੇ ਗਊਆਂ ਬੰਨ੍ਹ ਲਈਆਂ ਸੀ ਕਿ ਜੱਟ ਉਨ੍ਹਾਂ ਨੂੰ ਮਾਰਨ ਨਾ।

ਉਸ ਕੈਂਪ ਨੂੰ ਉਜਾੜ ਕੇ ਫਿਰ ਅਸੀਂ ਮਾਂਗੇਵਾਲ ਚਲੇ ਗਏ। ਉੱਥੇ ਸਾਨੂੰ ਪਿੰਡ ਦੇ ਮੁੰਡੇ ਕਹਿੰਦੇ-ਉਸ ਇੱਖ 'ਚ ਜਨਾਨੀਆਂ ਬੈਠੀਆਂ ਨੇ। ਅਸੀਂ ਗਏ ਤਾਂ ਉੱਥੇ ਇੱਕ ਮੁਟਿਆਰ ਤੇ ਦੋ ਬੁੜੀਆਂ ਲੁਕੀਆਂ ਹੋਈਆਂ ਸਨ। ਮੁਟਿਆਰ ਬਹੁਤ ਸੁਨੱਖੀ ਸੀ! ਬੁੜੀਆਂ ਤਾਂ ਅਸੀਂ ਉੱਥੇ ਛੱਡ ਦਿੱਤੀਆਂ ਤੇ ਜਵਾਨ ਜਨਾਨੀ ਨੂੰ ਇਹ ਆਖ ਨਾਲ ਤੋਰ ਲਿਆ ਕਿ ਅਸੀਂ ਉਹਨੂੰ ਕੋਟਲੇ ਛੱਡ ਕੇ ਆਵਾਂਗੇ। ਉਹ ਸਾਡੇ ਨਾਲ ਤੁਰ ਪਈ। ਮਾਂਗੇਵਾਲ ਦੇ ਟੋਭੇ ਕੋਲੋਂ ਲੰਘਦਿਆਂ ਇੱਕ ਮੁੰਡੇ ਨੇ ਉਸ ਦੇ ਮੋਢੇ 'ਤੇ ਹੱਥ ਧਰ ਦਿੱਤਾ। ਉਹ ਬਸ ਉੱਥੇ ਈ ਰੁਕ ਗਈ। ਕਹਿਣ ਲੱਗੀ- ਮੈਂ ਕੋਈ ਕਦਮ ਨਹੀਂ ਪੁੱਟਣਾ। ਇਹਨੇ ਮੈਨੂੰ ਹੱਥ ਕਿਉਂ ਲਾਇਆ? ਤੁਸੀਂ ਮੈਨੂੰ ਭੁਲੇਖੇ ਨਾਲ ਲੈ ਕੇ ਆਏ ਓ। ਮੈਨੂੰ ਇੱਥੇ ਈ ਮਾਰ ਦਿਓ। ਅਸੀਂ ਬੜਾ ਜ਼ੋਰ ਲਾਇਆ। ਉਹ ਨਾ ਤੁਰੀ। ਉਹ ਫਿਰ ਅਸੀਂ ਉੱਥੇ ਹੀ..!" ਉਹ ਆਪਣੇ ਵੱਲੋਂ ਗੱਲ ਮੁਕਾ ਕੇ ਚੁੱਪ ਹੋ ਗਿਆ।

"ਜੋ ਤੁਸੀਂ ਸੰਤਾਲੀ 'ਚ ਕੀਤਾ, ਉਹਦਾ ਕੋਈ ਪਛਤਾਵਾ ਹੈ?" ਮੈਂ ਆਖ਼ਰੀ ਸਵਾਲ ਪੁੱਛਿਆ।

"ਉਦੋਂ ਸਾਥੋਂ ਇੱਕ ਕੰਮ ਮਾੜਾ ਵੀ ਹੋ ਗਿਆ ਸੀ। ਸਾਡੇ ਤਾਏ ਦਾ ਮੁੰਡਾ ਕਰਤਾਰਾ ਘੁਲਦਾ ਹੁੰਦਾ ਸੀ। ਮਲਿਕਪੁਰੀਆ ਦਸੌਂਧੀ ਭਲਵਾਨ ਇਹਦਾ ਖ਼ਾਸ ਯਾਰ ਸੀ। ਜਦੋਂ ਅਸੀਂ ਸਿਓੜੇ ਘੇਰਾ ਪਾ ਕੇ ਵੱਢ-ਟੁੱਕ ਸ਼ੁਰੂ ਕੀਤੀ ਤਾਂ ਉਹਨੇ ਦੌੜ ਕੇ ਕਰਤਾਰੇ ਨੂੰ ਜੱਫੀ ਪਾ ਲਈ। ਉਹ ਇਹਨੂੰ ਕਹਿੰਦਾ ਸੀ-ਕਰਤਾਰਿਆ, ਮੈਨੂੰ ਰੱਖ ਲੈ! ਕਰਤਾਰਿਆ, ਮੈਨੂੰ ਬਚਾ ਲੈ!! ਚੀਕ-ਚਿਹਾੜੇ 'ਚ ਸਾਨੂੰ ਕੁਝ ਨਹੀਂ ਸੁਣਿਆ। ਆਹ ਗੱਲਾਂ ਤਾਂ ਸਾਨੂੰ ਕਰਤਾਰੇ ਨੇ ਬਾਅਦ 'ਚ ਦੱਸੀਆਂ। ਉਸ ਵੇਲੇ ਅਸੀਂ ਐਂ ਤੱਕ ਲਿਆ ਬਈ ਕਿਸੇ ਮੁਸਲਮਾਨ ਨੇ ਕਰਤਾਰੇ ਨੂੰ ਫੜ ਲਿਆ ਏ। ਕਰਤਾਰੇ ਨੇ ਸਾਨੂੰ ਰੋਕਿਆ ਵੀ, ਪਰ ਅਸੀਂ ਤਾਂ ਉਦੋਂ ਅੰਨ੍ਹੇ-ਬੋਲੇ ਹੋਏ ਪਏ ਸੀ। ਅਸੀਂ ਦਸੌਂਧੀ ਨੂੰ ਕਰਤਾਰੇ ਨਾਲੋਂ ਖਿੱਚ ਕੇ ਲਾਹਿਆ ਤੇ ਉੱਥੇ ਈ...! ਇਹ ਸਭ ਦੇਖਦਿਆਂ ਕਰਤਾਰੇ ਹੱਥੋਂ ਬਰਛੀ ਡਿੱਗ ਪਈ। ਉਹ ਮਰ ਰਹੇ ਦਸੌਂਧੀ ਦਾ ਕਲਾਵਾ ਭਰ ਕੇ ਰੋਣ ਲੱਗ ਪਿਆ। ਹੱਥ ਜੋੜ ਕੇ ਮੁਆਫ਼ੀਆਂ ਮੰਗਣ ਲੱਗ ਪਿਆ। ਉਹਨੂੰ ਉੱਥੋਂ ਖਿੱਚ ਕੇ ਲਿਆਉਣਾ ਪਿਆ ਸੀ। ਅਗਲੇ ਦਿਨ ਅਸੀਂ ਬੜਾ ਜ਼ੋਰ ਲਾਇਆ। ਮਾਸਟਰ ਵੀ ਮਨਾਉਂਦਾ ਰਿਹਾ। ਨਵੇਂ ਪਿੰਡੀਆ ਜਥੇਦਾਰ ਵੀ ਉਹਨੂੰ ਲੈਣ ਲਈ ਆਇਆ। ਉਹ ਮੁੜ ਕਿਸੇ ਪਾਸੇ ਨਾ ਗਿਆ। ਸਭ ਨੂੰ ਇੱਕੋ ਗੱਲ ਕਹਿੰਦਾ ਸੀ...।" ਬਾਬਾ ਛਿਣ ਕੁ ਲਈ ਚੁੱਪ ਹੋ ਗਿਆ।

"...ਮੈਂ ਹੁਣ ਕਿਤੇ ਨਹੀਂ ਜਾਣਾ! ਮੈਂ ਆਪਣੀ ਬਰਛੀ ਦਸੌਂਧੀ ਦੀ ਲਾਸ਼ 'ਤੇ ਰੱਖ ਆਇਆਂ।" ਗੱਲ ਮੁਕਾਉਂਦਿਆਂ ਮੁਖਤਿਆਰ ਸਿੰਘ ਹੁਰਾਂ ਦਾ ਚਿਹਰਾ ਮੁਰਝਾ ਗਿਆ।

**ਸੰਪਰਕ**: 97818-43444

epaper.punjabitribuneonline.com

Sri Satguru Jagjit Singh Ji eLibrary NamdhariElibrary@gmail.com

# ਸੁਰਮਾ ਪੂਛਾਂ ਵਾਲਾ ਪਾਵੇ ...



ਜੱਗਾ ਸਿੰਘ ਆਦਮਕੇ

**ਵੱਖ** ਵੱਖ ਖਿੱਤਿਆਂ, ਸੱਭਿਆਚਾਰਾਂ ਦੇ ਲੋਕਾਂ ਦੇ ਆਪਣੇ ਆਪਣੇ ਪਹਿਰਾਵੇ, ਹਾਰ ਸ਼ਿੰਗਾਰ ਦੇ ਤਰੀਕੇ ਅਤੇ ਸਾਧਨ ਹੁੰਦੇ ਹਨ। ਅਜਿਹਾ ਹੀ ਕੁਝ ਪੰਜਾਬੀਆਂ 'ਤੇ ਵੀ ਲਾਗੂ ਹੁੰਦਾ ਹੈ। ਪੰਜਾਬੀਆਂ, ਖਾਸ ਕਰਕੇ ਔਰਤਾਂ ਦੇ ਸ਼ਿੰਗਾਰ ਦਾ ਇੱਕ ਹਿੱਸਾ ਸੁਰਮਾ ਪਾਉਣਾ ਵੀ ਹੈ। ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਸੁਰਮੇ ਦਾ ਉਪਯੋਗ ਹੁੰਦਾ ਹੈ। ਭਾਰਤ ਦੇ ਉੱਤਰੀ ਖਿੱਤੇ ਵਿੱਚ ਵੀ ਸੁਰਮੇ ਦੀ ਵਰਤੋਂ ਬਹੁਤ ਪੁਰਾਤਨ ਸਮੇਂ ਤੋਂ ਹੁੰਦੀ ਆ ਰਹੀ ਹੈ। ਇਸ ਦਾ ਪ੍ਰਮਾਣ ਪੁਰਾਤਨ ਮੂਰਤੀਆਂ ਦੀਆਂ ਅੱਖਾਂ ਵਿੱਚ ਸੁਰਮਾ ਪਾਏ ਹੋਣ ਦੇ ਲੱਛਣ ਅਤੇ ਸਿੰਧ ਘਾਟੀ ਦੀ ਸੱਭਿਅਤਾ ਨਾਲ ਸਬੰਧਤ ਖੁਦਾਈ ਸਮੇਂ ਸੁਰਮੇਦਾਨੀਆਂ ਦਾ ਮਿਲਣਾ ਹੈ। ਵੱਖ ਵੱਖ ਸੱਭਿਆਚਾਰਾਂ ਵਿੱਚ ਸੁਰਮੇ ਦੀ ਵਰਤੋਂ ਹੁੰਦੀ ਹੈ। ਇਸ ਨੂੰ ਸੁਰਮਾ, ਕਜਲਾ, ਅੰਜਨ, ਕਾਜਲ ਆਦਿ ਵੱਖ ਵੱਖ ਨਾਵਾਂ ਨਾਲ ਬੁਲਾਇਆ ਜਾਂਦਾ ਹੈ। ਗੁਰਬਾਣੀ ਵਿੱਚ ਸੁਰਮੇ ਨੂੰ ਵੱਖ ਵੱਖ ਅਰਥਾਂ ਵਿੱਚ ਪ੍ਰਤੀਕਾਂ ਦੇ ਰੂਪ ਵਿੱਚ ਬਹੁਤ ਸਾਰੇ ਥਾਵਾਂ 'ਤੇ ਵਰਤਿਆ ਮਿਲਦਾ ਹੈ:

**ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ।।**
**ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ।।**

ਕੁਝ ਇਸੇ ਤਰ੍ਹਾਂ ਅਗਿਆਨਤਾ ਅਤੇ ਦੂਸਰੇ ਵਰਤਾਰਿਆਂ ਸਬੰਧੀ ਵੀ ਸੁਰਮੇ (ਅੰਜਨ) ਦੀ ਵਰਤੋਂ ਗੁਰਬਾਣੀ ਵਿੱਚ ਕੀਤੀ ਕੁਝ ਇਸ ਤਰ੍ਹਾਂ ਮਿਲਦੀ ਹੈ:

**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।।**

ਭਾਵੇਂ ਪੰਜਾਬੀਆਂ ਵਿੱਚ ਮੁੱਖ ਰੂਪ ਵਿੱਚ ਔਰਤਾਂ ਦੁਆਰਾ ਸੁਰਮੇ ਦਾ ਉਪਯੋਗ ਕੀਤਾ ਜਾਂਦਾ ਹੈ, ਪਰ ਕੁਝ ਕੁ ਪੰਜਾਬੀ ਪੁਰਸ਼ਾਂ ਵੱਲੋਂ ਸ਼ੌਕੀਆ ਜਾਂ ਵਿਸ਼ੇਸ਼ ਮੌਕਿਆਂ ਸਮੇਂ ਸੁਰਮੇ ਦੀ ਵਰਤੋਂ ਕੀਤੀ ਜਾਂਦੀ ਹੈ। ਜਿੱਥੇ ਸ਼ਿੰਗਾਰ ਦੇ ਦੂਸਰੇ ਪੱਖ ਨਿਰੋਲ ਸੁੰਦਰਤਾ ਨੂੰ ਨਿਖਾਰਨ ਦੇ ਲਈ ਹਨ, ਉੱਥੇ ਸੁਰਮਾ ਪਾਉਣ ਦੀ ਧਾਰਨਾ ਦੇ ਪਿੱਛੇ ਅੱਖਾਂ ਦੀ ਤੰਦਰੁਸਤੀ ਬਰਕਰਾਰ ਰੱਖਣਾ ਅਤੇ ਇਨ੍ਹਾਂ ਨੂੰ ਹੋਰ ਆਕਰਸ਼ਕ ਬਣਾਉਣਾ ਹੈ। ਇਸੇ ਤਰ੍ਹਾਂ ਸੁਰਮੇ ਨੂੰ ਨਜ਼ਰ ਲੱਗਣ ਤੋਂ ਬਚਾਉਣ ਵਾਲਾ ਸਰੋਤ ਵੀ ਮੰਨਿਆ ਜਾਂਦਾ ਹੈ। ਅਜਿਹਾ ਹੋਣ ਕਾਰਨ ਜਿੱਥੇ ਨੈਣੀਂ ਪਾਏ ਸੁਰਮੇ ਨੂੰ ਨਜ਼ਰ ਲੱਗਣ ਤੋਂ ਸੁਰੱਖਿਆ ਕਰਨ ਵਾਲਾ ਮੰਨਿਆ ਜਾਂਦਾ ਹੈ, ਉੱਥੇ ਨਜ਼ਰ ਤੋਂ ਬਚਾਉਣ ਲਈ ਬੱਚਿਆਂ ਅਤੇ ਔਰਤਾਂ ਦੇ ਚਿਹਰੇ 'ਤੇ ਸੁਰਮੇ ਨਾਲ ਟਿੱਕਾ ਲਗਾਇਆ ਜਾਂਦਾ ਹੈ। ਸੁਰਮੇ ਦੀ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਪਹਿਚਾਣ ਅਤੇ ਮਹੱਤਵ ਹੈ। ਅਜਿਹਾ ਹੋਣ ਕਾਰਨ ਪੰਜਾਬੀ ਲੋਕ ਗੀਤਾਂ ਵਿੱਚ ਇਸ ਦਾ ਵੱਡੇ ਪੱਧਰ 'ਤੇ ਜ਼ਿਕਰ ਮਿਲਦਾ ਹੈ:

**ਵਗਦੀ ਸੀ ਰਾਵੀ ਵਿੱਚ ਸੁਰਮਾ ਕਿਸ ਨੇ ਡੋਲ੍ਹਿਆ।**
**ਰੱਖੋਂ ਮੂੰਹ ਵੇ ਫਲਾਈ, ਕਦੇ ਹੱਸ ਕੇ ਨਾ ਬੋਲਿਆ।**



ਹੋਰ ਹਾਰ ਸ਼ਿੰਗਾਰ ਦੇ ਸਾਧਨਾਂ ਦੇ ਨਾਲ ਨਾਲ ਪੰਜਾਬੀ ਮੁਟਿਆਰਾਂ ਵੱਲੋਂ ਬੜੇ ਚਾਅ ਨਾਲ ਅੱਖਾਂ ਨੂੰ ਸੁਰਮੇ ਨਾਲ ਸ਼ਿੰਗਾਰਿਆ ਜਾਂਦਾ ਹੈ। ਜੇਕਰ ਅੱਖਾਂ ਵਿੱਚ ਪਾਇਆ ਇਹ ਸੁਰਮਾ ਪੂਛਾਂ ਵਾਲਾ ਹੋਵੇ ਤਾਂ ਇਹ ਹੋਰ ਵੀ ਵਧੀਆ ਸਾਬਤ ਹੁੰਦਾ ਹੈ:

**ਓਏ ਜੁਗਨੀ ਜਦੋਂ ਸ਼ਹਿਰ ਨੂੰ ਜਾਵੇ**
**ਨੱਕ ਵਿੱਚ ਕੋਕੇ ਨੂੰ ਮਟਕਾਵੇ**
**ਸੁਰਮਾ ਪੂਛਾਂ ਵਾਲਾ ਪਾਵੇ**
**ਓ ਵੀਰ ਮੇਰਿਆ ਵੇ ਜੁਗਨੀ ਕਹਿੰਦੀ ਐ**
**ਜਿਹੜੀ ਨਾਮ ਸਾਈਂ ਦਾ ਲੈਂਦੀ ਐ।**

ਵਿਆਹ ਲਈ ਜਾਂਦਾ ਮੇਲ ਤੇ ਉਹ ਵੀ ਜੇਕਰ ਨਾਨਕਾ ਮੇਲ ਹੋਵੇ, ਤਾਂ ਪੂਰਾ ਪਹਿਨ ਪੱਚਰ ਕੇ ਵਿਆਹ ਨੂੰ ਜਾਂਦਾ ਹੈ। ਗਹਿਣੇ ਗੱਟੇ ਪਾਉਣ ਦੇ ਨਾਲ ਮੇਲ ਦੀਆਂ ਔਰਤਾਂ ਵੱਲੋਂ ਸੁਰਮੇ ਨਾਲ ਅੱਖਾਂ ਨੂੰ ਸ਼ਿੰਗਾਰਿਆ ਜਾਂਦਾ ਹੈ। ਲੋਕ ਬੋਲੀਆਂ ਵਿੱਚ ਮੇਲਣਾਂ ਦੇ ਇਸ ਪੱਖ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

**ਕੱਲ੍ਹ ਦਾ ਆਇਆ ਮੇਲ ਸੁਣੀਂਦਾ**
**ਸੁਰਮਾ ਸਭ ਨੇ ਨੈਣੀਂ ਪਾਇਆ।**
**ਗਹਿਣੇ ਗੱਟੇ ਸਭ ਨੂੰ ਸੋਂਹਦੇ**
**ਸਭ ਦਾ ਰੂਪ ਸਵਾਇਆ।**

ਸੁਰਮਾ ਕੇਵਲ ਅੱਖਾਂ ਵਿੱਚ ਪਾਉਣ ਤੱਕ ਸੀਮਤ ਨਹੀਂ, ਸਗੋਂ ਇਹ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਅਜਿਹਾ ਹੋਣ ਕਾਰਨ ਸੁਰਮੇ ਦੇ ਅਜਿਹੇ ਪੱਖਾਂ ਸਬੰਧੀ ਲੋਕ ਗੀਤਾਂ ਵਿੱਚ ਵਰਨਣ ਵੱਖ ਵੱਖ ਤਰੀਕਿਆਂ ਨਾਲ ਕੁਝ ਇਸ ਤਰ੍ਹਾਂ ਮਿਲਦਾ ਹੈ :

**ਸੁਰਮਾ ਰੇਲ ਗੱਡੀ ਚੜ੍ਹ ਆਇਆ**
**ਇੱਕ ਲੱਪ ਸੁਰਮੇ ਦੀ**
**ਸੁਰਮਾ ਕਿਹੜੀ ਕੁੜੀ ਨੇ ਮੰਗਵਾਇਆ**
**ਇੱਕ ਲੱਪ ਸੁਰਮੇ ਦੀ**
**ਸੁਰਮਾ ਲਾੜੇ ਦੀ ਭੈਣ ਮੰਗਵਾਇਆ**
**ਇੱਕ ਲੱਪ ਸੁਰਮੇ ਦੀ**
**ਸੁਰਮਾ ਪਾਵੇ ਯਾਰ ਹੰਢਾਵੇ**
**ਇੱਕ ਲੱਪ ਸੁਰਮੇ ਦੀ।**

ਸੁਰਮਾ ਕਿਸੇ ਮੁਟਿਆਰ ਦੇ ਰੂਪ ਨੂੰ ਹੋਰ ਨਿਖਾਰਨ ਦਾ ਕੰਮ ਕਰਦਾ ਹੈ। ਅਜਿਹਾ ਹੋਣ ਕਾਰਨ ਸੁਹਾਗ ਪਟਾਰੀ ਵਿੱਚ ਸੁਰਮੇਦਾਨੀ ਨੂੰ ਵਿਸ਼ੇਸ਼ ਰੂਪ ਵਿੱਚ ਥਾਂ ਦਿੱਤੀ ਜਾਂਦੀ ਹੈ। ਸੁਰਮੇ ਦੀ ਅਜਿਹੀ ਵਿਸ਼ੇਸ਼ਤਾ ਕਾਰਨ ਹੀ ਵਿਆਹ ਦੇ ਗੀਤਾਂ ਵਿੱਚ ਵਿਆਹੁਤਾ ਦੇ ਪਾਏ ਸੁਰਮੇ ਦੀ ਪ੍ਰਸੰਸਾ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ:

**ਅੱਖਾਂ ਵੀ ਤੇਰੀਆਂ ਮੋਟੀਆਂ ਭੈਣੇ**
**ਕੋਈ ਜਿਉਂ ਮਿਰਗਾਂ ਦੀ ਡਾਰ**
**ਸੁਰਮਾ ਧਾਰੀ ਬੰਨ੍ਹਮਾ**
**ਕੋਈ ਮਿਲੇ ਰੂਪ ਦੇ**
**ਨੀਂ, ਖੰਡ ਤੋਂ ਮਿੱਠੀਏ ਨੀਂ-ਨਾਲ**

> **ਭਾਵੇਂ ਪੰਜਾਬੀਆਂ ਵਿੱਚ ਮੁੱਖ ਰੂਪ ਵਿੱਚ ਔਰਤਾਂ ਦੁਆਰਾ ਸੁਰਮੇ ਦਾ ਉਪਯੋਗ ਕੀਤਾ ਜਾਂਦਾ ਹੈ, ਪਰ ਕੁਝ ਕੁ ਪੰਜਾਬੀ ਪੁਰਸ਼ਾਂ ਵੱਲੋਂ ਸ਼ੌਕੀਆ ਜਾਂ ਵਿਸ਼ੇਸ਼ ਮੌਕਿਆਂ ਸਮੇਂ ਸੁਰਮੇ ਦੀ ਵਰਤੋਂ ਕੀਤੀ ਜਾਂਦੀ ਹੈ। ਸੁਰਮਾ ਪਾਉਣ ਦੀ ਧਾਰਨਾ ਦੇ ਪਿੱਛੇ ਅੱਖਾਂ ਦੀ ਤੰਦਰੁਸਤੀ ਬਰਕਰਾਰ ਰੱਖਣਾ ਅਤੇ ਆਕਰਸ਼ਕ ਬਣਾਉਣਾ ਹੈ।**

ਕਿਸੇ ਦੀਆਂ ਅੱਖਾਂ ਵਿੱਚ ਪਾਇਆ ਸੁਰਮਾ ਸਬੰਧਤ ਦੇ ਰੂਪ ਨੂੰ ਨਿਖਾਰਨ ਦਾ ਕੰਮ ਕਰਦਾ ਹੈ। ਸੁਰਮੇ, ਕਜਲੇ ਦੇ ਅਜਿਹੇ ਪੱਖ ਕਾਰਨ ਇਸ ਦਾ ਵਰਨਣ ਵਿਆਹ ਸਮੇਂ ਗਿੱਧੇ ਦੀਆਂ ਬੋਲੀਆਂ ਤੇ ਗੀਤਾਂ ਵਿੱਚ ਇਸ ਤਰ੍ਹਾਂ ਮਿਲਦਾ ਹੈ :

**ਜੰਗੀਰ ਕੁਰ ਕੁੜੀ ਦੀਆਂ ਬਾਲੀਆਂ ਨੀਂ**
**ਲੋਹੜੇ ਮਾਰੀਆਂ ਨੀਂ**
**ਦੂਜਾ ਬਾਜੂਬੰਦ ਨੀਂ**
**ਤੀਜਾ ਮੱਥੇ ਦੀ ਬਿੰਦੀ ਤੇਰੀ**
**ਖੂਨ ਗੁਜ਼ਾਰਦੀ ਨੀਂ**
**ਚੌਥਾ ਅੱਖਾਂ ਦਾ ਕਜਲਾ**
**ਸੈਨਤਾਂ ਮਾਰਦਾ**

ਸੁਰਮਾ ਹਾਰ ਸ਼ਿੰਗਾਰ ਦਾ ਸਾਧਨ ਹੋਣ ਦੇ ਨਾਲ ਨਾਲ ਕਿਸੇ ਲਈ ਸੰਦੇਸ਼ ਵਾਹਕ ਦਾ ਕੰਮ ਕਰਨ ਵਾਲਾ ਤੇ ਕਿਸੇ ਲਈ ਖ਼ਤ ਲਿਖਣ ਸਮੇਂ ਸਿਆਹੀ ਬਣਨ ਦਾ ਕੰਮ ਵੀ ਕਰਦਾ ਹੈ। ਕੁਝ ਇਸ ਤਰ੍ਹਾਂ ਕਰਨ ਦੀ ਕਲਪਨਾ ਪੰਜਾਬੀ ਬੋਲੀਆਂ ਤੇ ਲੋਕ ਗੀਤਾਂ ਵਿੱਚ ਕੁਝ ਇਸ ਤਰ੍ਹਾਂ ਮਿਲਦੀ ਹੈ:

**ਲਿਖਣ ਬੈਠੀ ਕਿੰਝ ਲਿਖਾਂ ਮੈਂ**
**ਕੋਲ ਨਾ ਮੇਰੇ ਸਿਆਹੀ**
**ਨੈਣਾਂ ਦਾ ਕੱਜਲ ਮੈਂ ਸਿਆਹੀ ਬਣਾਵਾਂ**
**ਹੰਝੂਆਂ ਦਾ ਪਾਇਆ ਪਾਣੀ**

ਵਿਆਹ ਸਮੇਂ ਬਹੁਤ ਸਾਰੀਆਂ ਅਰਥ ਭਰਪੂਰ ਰਸਮਾਂ ਨੂੰ ਨਿਭਾਇਆ ਜਾਂਦਾ ਹੈ। ਇਨ੍ਹਾਂ ਨਾਲ ਜਿੱਥੇ ਵਿਆਹ ਵਰਗਾ ਮੌਕਾ ਹੋਰ ਰੰਗੀਨ ਹੁੰਦਾ ਹੈ, ਉੱਥੇ ਬਹੁਤ ਸਾਰੇ ਦੂਸਰੇ ਪੱਖਾਂ ਸਬੰਧੀ ਵੀ ਇਨ੍ਹਾਂ ਦਾ ਮਹੱਤਵ ਹੁੰਦਾ ਹੈ। ਮੁੰਡੇ ਦੇ ਵਿਆਹ ਸਮੇਂ ਨਿਭਾਈਆ ਜਾਂਦੀਆਂ ਰਸਮਾਂ ਵਿੱਚੋਂ ਇੱਕ ਹੈ 'ਸੁਰਮਾ ਪਾਉਣਾ।' ਜੰਨ ਚੜ੍ਹਣ ਲਈ ਤਿਆਰ ਹੋਣ 'ਤੇ ਵਿਆਹ ਵਾਲੇ ਮੁੰਡੇ ਦੇ ਸੁਰਮਾ ਪਾਉਣਾ, ਉਸ ਦੇ ਰੂਪ ਨੂੰ ਹੋਰ ਸ਼ਿੰਗਾਰਨ ਅਤੇ ਇੱਕ ਵਿਸ਼ਵਾਸ ਅਨੁਸਾਰ ਪਰਾਈਆਂ ਰੂਹਾਂ ਤੋਂ ਸੁਰੱਖਿਆ ਲਈ ਪਾਇਆ ਜਾਂਦਾ ਹੈ। ਇਹ ਰਸਮ ਵਿਆਹ ਵਾਲੇ ਮੁੰਡੇ ਦੀ ਭਰਜਾਈ ਜਾਂ ਭਰਜਾਈ ਦੀ ਥਾਂ ਲੱਗਦੀ ਔਰਤ ਵੱਲੋਂ ਨਿਭਾਈ ਜਾਂਦੀ ਹੈ। ਇਸ ਸਮੇਂ ਵਿਆਹ ਵਾਲੇ ਮੁੰਡੇ ਵੱਲੋਂ ਸੁਰਮਾ ਪਾਉਣ ਵਾਲੀ ਆਪਣੀ ਭਰਜਾਈ ਨੂੰ ਕੁਝ ਰਾਸ਼ੀ ਜਾਂ ਉਪਹਾਰ ਵੀ ਦਿੱਤਾ ਜਾਂਦਾ ਹੈ। ਸੁਰਮਾ ਪਾਉਣ ਦੀ ਇਸ ਰਸਮ ਨੂੰ ਨਿਭਾਉਣ ਸਮੇਂ ਦੋਹੇ ਗਾਏ ਜਾਂਦੇ ਹਨ :

**ਪਹਿਲੀ ਸਲਾਈ ਰਸ ਭਰੀ ਦਿਉਰਾ**
**ਦੂਜੀ ਤਿੱਲੇ ਦੀ ਤਾਰ**
**ਤੀਜੀ ਸਲਾਈ ਤਾਂ ਪਾਵਾਂ ਜੇ ਮੋਹਰਾਂ ਦੇਵੇ**
**ਜਿਉਣ ਜੋਗਿਆ ਵੇ-ਚਾਰ**

ਇਸ ਤਰ੍ਹਾਂ ਸੁਰਮਾ ਪਾਉਣ ਦਾ ਉਦੇਸ਼ ਹੁੰਦਾ ਹੈ ਕਿ ਸੁਰਮਾ ਪਾਉਣ ਵਾਲਾ ਵੇਖਣ ਵਾਲਿਆਂ ਨੂੰ ਸੋਹਣਾ ਲੱਗੇ। ਇਸ ਤਰ੍ਹਾਂ ਕਿਸੇ ਦੇ ਪਾਏ ਸੁਰਮੇ ਤੋਂ ਸੁਰਮਾ ਪਾਉਣ ਵਾਲੇ ਦੀ ਕਲਾਕਾਰੀ ਵੀ ਝਲਕਦੀ ਹੈ। ਕਿਸੇ ਦੀ ਸੁੰਦਰਤਾ ਨੂੰ ਨਿਖਾਰਨ ਲਈ ਸੁਰਮਾ ਪਾਉਣ ਤੇ ਪਵਾਉਣ ਵਾਲੇ ਦੇ ਪੱਖ ਸਪੱਸ਼ਟ ਹੁੰਦੇ ਹਨ। ਵਿਆਹ ਵਿੱਚ ਗਾਈਆਂ ਜਾਂਦੀਆਂ ਸਿੱਠਣੀਆਂ ਵਿੱਚ ਅਜਿਹੇ ਪੱਖ ਨੂੰ ਆਧਾਰ ਬਣਾ ਕੇ ਵਿਆਹ ਵਾਲੇ ਮੁੰਡੇ ਨੂੰ ਕੁਝ ਇਸ ਤਰ੍ਹਾਂ ਕਿਹਾ ਜਾਂਦਾ ਹੈ :

**ਲਾੜ੍ਹਿਆ ਸਾਫਾ ਬੰਨ੍ਹਿਆ ਰੰਗਦਾਰ**
**ਅੱਖੀਂ ਮਣ ਮਣ ਸੁਰਮਾ**
**ਅੱਖਾਂ ਟੀਰਮ ਟੀਰੀਆਂ**
**ਕੀ ਝਾਕੇਂ ਵੇ ਟੇਢਾ।**

ਭਾਵੇਂ ਸੁਰਮਾ ਵਿਆਹੀਆਂ ਔਰਤਾਂ ਦੇ ਹਾਰ ਸ਼ਿੰਗਾਰ ਦਾ ਹਿੱਸਾ ਹੈ, ਪਰ ਅਣਵਿਆਹੀਆਂ, ਪਤੀ ਤੋਂ ਦੂਰ ਰਹਿੰਦੀਆਂ ਪਤਨੀਆਂ ਆਦਿ ਨੂੰ ਇਸ ਦੀ ਵਰਤੋਂ ਨੂੰ ਵਰਜਿਤ ਮੰਨਿਆ ਜਾਂਦਾ ਹੈ। ਇਸ ਸਬੰਧੀ ਬਹੁਤ ਸਾਰੀਆਂ ਪੰਜਾਬੀ ਲੋਕ ਬੋਲੀਆਂ ਤੇ ਗੀਤਾਂ ਵਿੱਚ ਸੁਰਮਾ ਪਾਉਣ ਤੋਂ ਕਿਸੇ ਕਾਰਨ ਵਾਂਝੇ ਰਹਿ ਕੇ ਅਧੂਰੀਆਂ ਸੱਧਰਾਂ ਨੂੰ ਵੱਖ ਵੱਖ ਰੂਪਾਂ ਵਿੱਚ ਬਿਆਨ ਕਰਿਆ ਮਿਲਦਾ ਹੈ :

**ਦੂਰ ਵਸੇਂਦਿਆਂ ਮਾਹੀਆ**
**ਦੱਸ ਕਿਵੇਂ ਦਿਲ ਪ੍ਰਚਾਵਾਂ।**
**ਦੁਨੀਆ ਭੈੜੀ ਮਾਰੇ ਤਾਅਨੇ**
**ਸੁਰਮਾ ਕਿਸ ਬਹਾਨੇ ਪਾਵਾਂ।**

ਭਾਵੇਂ ਕੋਈ ਕਿੰਨਾ ਵੀ ਸੁੰਦਰ ਕਿਉਂ ਨਾ ਹੋਵੇ, ਪਰ ਅੱਖੀਂ ਪਾਏ ਸੁਰਮੇ ਦਾ ਆਪਣਾ ਮਹੱਤਵ ਹੈ। ਸੁੰਦਰਤਾ ਦੇ ਬਾਵਜੂਦ ਅੱਖੀਂ ਪਾਇਆ ਸੁਰਮਾ ਆਪਣੀ ਹੋਂਦ ਵਿਖਾਉਂਦਾ ਹੈ:

**ਗੋਰਾ ਰੰਗ ਸ਼ਰਬਤੀ ਅੱਖੀਆਂ**
**ਵਿੱਚ ਸੁਰਮੇ ਦੀ ਧਾਰੀ।**

ਸੁਰਮਾ ਅੱਖਾਂ ਦੀ ਸੁੰਦਰਤਾ ਨੂੰ ਵਧਾਉਣ ਦੇ ਉਦੇਸ਼ ਨਾਲ ਵਰਤਿਆ ਜਾਂਦਾ ਹੈ, ਪਰ ਕਿਸੇ ਦੀਆਂ ਅੱਖਾਂ ਦੇ ਪਹਿਲਾਂ ਹੀ ਸੁੰਦਰ ਅਤੇ ਆਕਰਸ਼ਿਤ ਹੋਣ ਕਾਰਨ ਸੁਰਮਾ ਪਾਉਣ ਦੀ ਜ਼ਰੂਰਤ ਨਾ ਹੋਣ ਸਬੰਧੀ ਵੀ ਸਲਾਹ ਲੋਕ ਗੀਤਾਂ ਵਿੱਚ ਕੁਝ ਇਸ ਤਰ੍ਹਾਂ ਦਿੱਤੀ ਮਿਲਦੀ ਹੈ:

**ਤੇਰੀ ਅੱਖ ਨੀਂ ਕਬੂਤਰ ਵਰਗੀ**
**ਲੋੜ ਕੀ ਤੈਨੂੰ ਸੁਰਮੇ ਦੀ।**

ਹੀਰ ਵਾਰਿਸ ਸ਼ਾਹ ਵਿੱਚ ਹੀਰ ਅਤੇ ਰਾਂਝੇ ਦੇ ਪਾਏ ਸੁਰਮੇ ਕਾਰਨ ਉੱਘੜਦੇ ਪੱਖਾਂ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

**ਸੁਰਮਾ ਨੈਣਾਂ ਦੀ ਧਾਰ ਵਿੱਚ ਫਬ ਰਿਹਾ**
**ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ ਜੀ।**
**ਕੱਢੇ ਵੰਝਲੀ ਕੰਨਾਂ ਦੇ ਵਿੱਚ ਵਾਲੇ**
**ਜ਼ੁਲਫ ਮੁੱਖੜੇ ਤੇ ਪ੍ਰੇਸ਼ਾਨ ਹੋਈ।**
**ਭਿੰਨੇ ਵਾਲ ਚੁਣੇ ਮੱਥੇ ਚੰਦ ਰਾਂਝਾ**
**ਨੈਣੀਂ ਕੱਜਲੇ ਦੀ ਘਮਸਾਨ ਹੋਈ।**

ਇਸੇ ਤਰ੍ਹਾਂ ਸੁਰਮੇ ਦੀ ਥਾਂ ਅੱਖਾਂ ਲਈ ਲੋ ਵਧੇਰੇ ਸਿਹਤਮੰਦ ਮੰਨੀ ਜਾਂਦੀ ਹੈ। ਇਸ ਕਾਰਨ ਸੁੰਦਰ ਤੇ ਸਿਹਤਮੰਦ ਅੱਖ ਦੀ ਤੁਲਨਾ ਲੋ ਨਾਲ ਕਰਦਿਆਂ ਸੁਰਮਾ ਪਾਉਣ ਦੀ ਜ਼ਰੂਰਤ ਨਾ ਹੋਣ ਸਬੰਧੀ ਕਿਹਾ ਕੁਝ ਇਸ ਤਰ੍ਹਾਂ ਮਿਲਦਾ ਹੈ:

**ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ**
**ਗਾਉਣ ਵਾਲੇ ਦਾ ਗਾਉਣਾ**
**ਨੀਂ ਅੱਖ ਤੇਰੀ ਲੋ ਵਰਗੀ**
**ਕੀ ਸੁਰਮੇ ਦਾ ਪਾਉਣਾ**
**ਨੀਂ ਅੱਖ ਤੇਰੀ ਲੋ ਵਰਗੀ।**

ਇਸ ਤਰ੍ਹਾਂ ਸੁਰਮਾ ਵੱਖ ਵੱਖ ਸੱਭਿਆਚਾਰਾਂ ਦੇ ਨਾਲ ਨਾਲ ਪੰਜਾਬੀ ਸੱਭਿਅਚਾਰ ਵਿੱਚ ਵੀ ਮਹੱਤਵ ਰੱਖਦਾ ਹੈ। ਅਜਿਹਾ ਹੋਣ ਦਾ ਪ੍ਰਮਾਣ ਲੋਕ ਗੀਤਾਂ, ਬੋਲੀਆਂ, ਬੁਝਾਰਤਾਂ ਵਿੱਚ ਸੁਰਮੇ ਦਾ ਜ਼ਿਕਰ ਮਿਲਣਾ ਹੈ। ਪੰਜਾਬੀਆਂ ਵੱਲੋਂ ਵੱਖ ਵੱਖ ਰਸਮਾਂ ਸਮੇਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਸਿਹਤਮੰਦ ਅੱਖਾਂ ਲਈ ਉਪਯੋਗੀ ਹੋਣ ਦੇ ਨਾਲ ਨਾਲ ਇਹ ਵੱਖ ਵੱਖ ਪੱਖਾਂ ਨੂੰ ਉਜਾਗਰ ਕਰਨ ਦਾ ਕੰਮ ਕਰਦਾ ਹੈ। ਕੁਝ ਲੋਕਾਂ ਲਈ ਇਹ ਸਿੱਧੇ ਅਸਿੱਧੇ ਤਰੀਕੇ ਨਾਲ ਰੁਜ਼ਗਾਰ ਦਾ ਸਾਧਨ ਵੀ ਸਾਬਤ ਹੁੰਦਾ ਹੈ।

**ਸੰਪਰਕ:** 81469-24800

# ਮੱਛੀਆਂ ਖਾਣ ਦਾ ਸ਼ੌਕੀਨ ਬੋਦਲ ਮਛੇਰਾ





ਗੁਰਮੀਤ ਸਿੰਘ*

**ਬੋਦਲ** ਮਛੇਰੇ ਅਕਸਰ ਚਿੱਟੇ ਤੇ ਕਾਲੇ ਪਰਾਂ ਵਾਲੇ ਮਛੇਰੇ ਪੰਛੀ ਵਜੋਂ ਜਾਣੇ ਜਾਂਦੇ ਹਨ। ਇਸ ਕਿਸਮ ਦੇ ਮਛੇਰੇ ਪੰਛੀ ਦੇ ਸਿਰ 'ਤੇ ਇੱਕ ਬੋਦੀ ਦਿਖਾਈ ਦਿੰਦੀ ਹੈ। ਇਸ ਲਈ ਇਸ ਨੂੰ 'ਬੋਦਲ ਮਛੇਰਾ ਜਾਂ ਕਿਲਕਿਲਾ' ਕਿਹਾ ਜਾਂਦਾ ਹੈ। ਹਿੰਦੀ ਵਿੱਚ ਇਸ ਨੂੰ ਬੋਦਲ ਕਿਲਕਿਲਾ ਅਤੇ ਅੰਗਰੇਜ਼ੀ ਵਿੱਚ ਕਰੈਸਟਡ ਕਿੰਗਫਿਸ਼ਰ (Crested kingfisher) ਕਹਿੰਦੇ ਹਨ। ਇਹ ਪ੍ਰਜਾਤੀ ਭਾਰਤ, ਅਫ਼ਗਾਨਿਸਤਾਨ, ਪਾਕਿਸਤਾਨ, ਨੇਪਾਲ, ਭੂਟਾਨ, ਬੰਗਲਾਦੇਸ਼, ਮਿਆਂਮਾਰ, ਥਾਈਲੈਂਡ, ਲਾਓਸ, ਵੀਅਤਨਾਮ, ਚੀਨ, ਜਪਾਨ ਅਤੇ ਉੱਤਰੀ ਕੋਰੀਆ ਵਿੱਚ ਮਿਲਦੀ ਹੈ।

ਇਸ ਦੇ ਸਰੀਰ ਦਾ ਉੱਪਰਲਾ ਹਿੱਸਾ ਕਾਲੇ ਅਤੇ ਚਿੱਟੇ ਰੰਗ ਦਾ ਹੁੰਦਾ ਹੈ ਅਤੇ ਇੱਕ ਚਿੱਟਾ ਕਾਲਰ ਹੁੰਦਾ ਹੈ। ਇਨ੍ਹਾਂ ਦੇ ਵੱਡੇ ਕਾਲੇ ਅਤੇ ਚਿੱਟੇ ਖੰਭ ਹੁੰਦੇ ਹਨ, ਧੱਬੇਦਾਰ ਛਾਤੀ ਹੁੰਦੀ ਹੈ। ਵਿਲੱਖਣ ਵੱਡੇ ਕਿੰਗਫਿਸ਼ਰ ਦਾ ਸਿਰ ਲੰਬਾ ਹੁੰਦਾ ਹੈ। ਇਸ ਦਾ ਔਸਤ ਆਕਾਰ 41-43 ਅਤੇ ਭਾਰ 230 ਤੋਂ 280 ਗ੍ਰਾਮ ਹੁੰਦਾ ਹੈ। ਇਨ੍ਹਾਂ ਦੀ ਚੁੰਝ ਦੀ ਗੂੜ੍ਹੀ ਸਲੇਟੀ ਨੋਕ ਉੱਤੇ ਚਿੱਟਾ ਨਿਸ਼ਾਨ ਅਤੇ ਲੱਤਾਂ ਫਿੱਕੇ ਸਲੇਟੀ ਰੰਗੀਆਂ ਹੁੰਦੀਆਂ ਹਨ। ਇਹ ਉੱਚੀ-ਉੱਚੀ 'ਕੇਟ ਕੇਟ' ਦੀਆਂ ਆਵਾਜ਼ਾਂ ਕੱਢਦਾ ਰਹਿੰਦਾ ਹੈ। ਇਹ ਪੰਛੀ ਪੰਜਾਬ ਅਤੇ ਨਾਲ ਲੱਗਦੇ ਰਾਜਾਂ ਵਿੱਚ ਪਾਇਆ ਜਾਂਦਾ ਹੈ।

ਬੋਦਲ ਮਛੇਰਿਆਂ ਦੇ ਵਾਸ ਵਿੱਚ ਕੁਦਰਤੀ ਵਾਤਾਵਰਨ ਪ੍ਰਣਾਲੀਆਂ ਵਿੱਚ ਗਰਮ ਖੰਡੀ ਅਤੇ ਉਪਖੰਡੀ ਨਮੀ ਵਾਲੇ ਨੀਵੇਂ ਭੂਮੀ ਦੇ ਜੰਗਲ, ਗਰਮ ਖੰਡੀ ਅਤੇ ਉਪ-ਉਪਖੰਡੀ ਨਮੀ ਵਾਲੇ ਪਹਾੜੀ ਜੰਗਲ, ਨਦੀਆਂ, ਛੱਪੜ ਆਦਿ ਸ਼ਾਮਲ ਹਨ। ਇਨ੍ਹਾਂ ਦੀ ਖੁਰਾਕ ਜ਼ਿਆਦਾਤਰ ਮੱਛੀਆਂ ਹਨ। ਮੱਛੀ, ਕੇਕੜੇ, ਝੀਂਗੇ, ਡੱਡੂ ਅਤੇ ਟੋਡ ਇਨ੍ਹਾਂ ਦਾ ਮੁੱਖ ਭੋਜਨ ਹੈ। ਉਹ ਅਕਸਰ ਖੁੱਲ੍ਹੇ ਦਰੱਖਤ ਦੀਆਂ ਟਾਹਣੀਆਂ ਜਾਂ ਪਾਣੀ ਦੇ ਨੇੜੇ ਹੋਰ ਢੁੱਕਵੀਆਂ ਥਾਵਾਂ 'ਤੇ ਬੈਠੇ ਦਿਖਾਈ ਦਿੰਦੇ ਹਨ।

ਇਨ੍ਹਾਂ ਦਾ ਪ੍ਰਜਣਨ ਦਾ ਸਮਾਂ ਮਾਰਚ ਤੋਂ ਜੂਨ ਤੱਕ ਹੁੰਦਾ ਹੈ। ਇਨ੍ਹਾਂ ਦੇ ਆਲ੍ਹਣੇ ਬਣਾਉਣ ਵਾਲੀਆਂ ਥਾਵਾਂ ਨਹਿਰਾਂ, ਦਰਿਆਵਾਂ, ਝੀਲਾਂ ਦੇ ਕੰਢਿਆਂ ਅਤੇ ਰੇਤ ਦੇ ਕਿਨਾਰਿਆਂ 'ਤੇ ਹੁੰਦੀਆਂ ਹਨ। ਬੋਦਲ ਮਛੇਰੇ ਦਾ ਜੋੜਾ ਆਲ੍ਹਣੇ ਲਈ ਖਿਤਿਜੀ ਸੁਰੰਗ ਦੀ ਖੁਦਾਈ ਕਰਦਾ ਹੈ, ਜੋ ਕਿ ਇੱਕ ਇਨਕਿਊਬੇਟਿੰਗ ਚੈਂਬਰ ਵਿੱਚ ਖਤਮ ਹੁੰਦੀ ਹੈ। ਇਸ ਵਿੱਚ ਮਾਦਾ 3 ਤੋਂ 5 ਤੱਕ ਆਂਡੇ ਦਿੰਦੀ ਹੈ। ਦੋਵੇਂ ਨਰ ਅਤੇ ਮਾਦਾ ਆਂਡਿਆਂ ਦੀ ਦੇਖਭਾਲ ਕਰਦੇ ਹਨ। ਨਰ ਦਿਨ ਵੇਲੇ ਅਤੇ ਮਾਦਾ ਰਾਤ ਨੂੰ ਆਂਡਿਆਂ 'ਤੇ ਬੈਠਦੀ ਹੈ। ਦੋਵੇਂ ਨਰ ਤੇ ਮਾਦਾ ਚੂਚਿਆਂ ਦਾ ਮਿਲ ਕੇ ਪਾਲਣ-ਪੋਸ਼ਣ ਕਰਦੇ ਹਨ।

ਆਈ.ਯੂ.ਸੀ.ਐੱਨ. (ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰ) ਨੇ ਬੋਦਲ ਮਛੇਰਿਆਂ ਨੂੰ ਸ਼੍ਰੇਣੀਬੱਧ ਅਤੇ ਮੁਲਾਂਕਣ ਕੀਤਾ ਹੈ ਅਤੇ ਇਸ ਨੂੰ 'ਘੱਟ ਤੋਂ ਘੱਟ ਚਿੰਤਾ ਦੀ' ਵਜੋਂ ਸੂਚੀਬੱਧ ਕੀਤਾ ਹੈ।

***ਪ੍ਰਧਾਨ, ਨੇਚਰ ਕੰਜ਼ਰਵੇਸ਼ਨ ਸੁਸਾਇਟੀ, ਪੰਜਾਬ**

**ਸੰਪਰਕ:** 98884-56910

# ਕਲਾਤਮਕ ਰੁਚੀਆਂ ਦਾ ਮਾਲਕ ਇੰਦਰ ਬੈਣੀਵਾਲ



ਕੁਲਦੀਪ ਸਿੰਘ ਲੋਹਟ

**ਇੰਦਰ** ਬੈਣੀਵਾਲ ਸੰਗੀਤਕ ਖੇਤਰ ਦੀ ਨਵੀਂ ਪਰਵਾਜ਼ ਹੈ। ਉਸ ਨੇ ਨਵੇਂ ਦੌਰ ਦੀ ਗਾਇਨ ਸ਼ੈਲੀ ਤੇ ਨਵੀਨ ਰਚਨਾਤਮਕ ਵਿਧਾ ਰਾਹੀਂ ਨਵੀਂ ਪੀੜ੍ਹੀ ਨੂੰ ਆਪਣੇ ਵੱਲ ਖਿੱਚਿਆ ਹੈ। ਉਸ ਦਾ ਜਨਮ ਪਿਤਾ ਜਸਵੰਤ ਸਿੰਘ ਅਤੇ ਮਾਤਾ ਅਮਰਜੀਤ ਕੌਰ ਦੇ ਘਰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਝੋਰੜਾਂ ਵਿੱਚ ਸਾਧਾਰਨ ਕਿਸਾਨ ਪਰਿਵਾਰ ਵਿੱਚ ਹੋਇਆ। ਉਹ ਬਚਪਨ ਤੋਂ ਹੀ ਕਲਾਤਮਕ ਰੁਚੀਆਂ ਦਾ ਮਾਲਕ ਸੀ। ਪਿਤਾ ਜਸਵੰਤ ਸਿੰਘ ਦਾ ਸੁਪਨਾ ਸੀ ਕਿ ਉਸ ਦਾ ਪੁੱਤ ਪੜ੍ਹ ਲਿਖ ਕੇ ਅਫ਼ਸਰ ਬਣੇ, ਪਰ ਇੰਦਰ ਦੇ ਮਨ ਵਿੱਚ ਤਾਂ ਗਾਇਕ ਬਣਨ ਦੇ ਚਾਅ ਨੱਚਦੇ ਸਨ। ਉਸ ਦੀ ਸੋਹਣੀ ਜਿਹੀ ਸੂਰਤ ਤੇ ਮਾਸੂਮੀਅਤ ਦੇਖ ਕੇ ਕਿਸੇ ਅਧਿਆਪਕ ਗੁਰੂ ਨੇ ਉਸ ਨੂੰ ਫਿਲਮਾਂ ਵੱਲ ਆਉਣ ਲਈ ਪ੍ਰੇਰਿਤ ਕੀਤਾ। ਬਾਲ ਸਭਾਵਾਂ ਤੇ ਖੇਤਰੀ ਮੁਕਾਬਲਿਆਂ ਵਿੱਚ ਬਤੌਰ ਗਾਇਕ ਇੰਦਰ ਬੈਣੀਵਾਲ ਦੀ ਗਾਇਕੀ ਦੀ ਚਰਚਾ ਹੁੰਦੀ ਰਹੀ। ਗਾਉਣ ਦਾ ਝੱਸ ਕਾਲਜਾਂ ਦੇ ਯੁਵਕ ਮੇਲਿਆਂ ਵਿੱਚ ਚਣੌਤੀ ਬਣ ਗਿਆ, ਜਿੱਥੋਂ ਮੁਕਾਬਲੇਬਾਜ਼ੀ ਨੇ ਉਸ ਨੂੰ ਲੰਬੀ ਰੇਸ ਦਾ ਘੋੜਾ ਬਣਾ ਦਿੱਤਾ। ਇਸ ਤੋਂ ਬਾਅਦ ਪੇਸ਼ੇਵਰ ਗਾਇਕ ਬਣਨ ਦੀ ਸ਼ੁਰੂਆਤ ਹੋਈ।

ਉਸ ਨੇ ਮੀਰ ਆਲਮ ਘਰਾਣੇ ਦੇ ਮੰਝੇ ਹੋਏ ਫ਼ਨਕਾਰ ਲਾਲੀ ਖਾਨ ਨੂੰ ਆਪਣਾ ਉਸਤਾਦ ਧਾਰਨ ਕੀਤਾ ਤੇ ਸੁਰ ਸਾਧਨਾਂ ਦੀਆਂ ਬਾਰੀਕੀਆਂ ਸਿਖਣੀਆਂ ਸ਼ੁਰੂ ਕਰ ਦਿੱਤੀਆਂ। ਉਸਤਾਦ ਦੀ ਪ੍ਰੇਰਨਾ ਸਦਕਾ ਉਹ ਪਲੇਠੀ ਐਲਬਮ 'ਯਾਰੀ ਦਾ ਜਨੂੰਨ' ਰਾਹੀਂ ਸਰੋਤਿਆਂ ਦੀ ਕਚਹਿਰੀ ਵਿੱਚ ਹਾਜ਼ਰ ਹੋਇਆ। ਇਸ ਐਲਬਮ ਨੂੰ ਜ਼ਿਆਦਾ ਪ੍ਰਸਿੱਧੀ ਤਾਂ ਨਹੀਂ ਮਿਲੀ, ਪਰ ਉਹ ਰਿਕਾਰਡ ਆਵਾਜ਼ਾਂ ਦੀ ਕਤਾਰ ਵਿੱਚ ਆਣ ਖਲੋ ਗਿਆ। ਇਸ ਤੋਂ ਮਗਰੋਂ 'ਵਾਸਤਾ ਅਤੇ ਖ਼ਿਆਲ' ਨੇ ਇੰਦਰ ਬੈਣੀਵਾਲ ਵਜੋਂ ਪਛਾਣ ਬਣਾ ਕੇ ਗਾਇਕ ਕਹਾਉਣ ਦੇ ਯੋਗ ਕਲਾਕਾਰ ਵਜੋਂ ਸਥਾਪਿਤ ਕਰ ਦਿੱਤਾ। ਉਸ ਦੀ ਖੂਬਸੂਰਤ ਪੇਸ਼ਕਾਰੀ ਤੇ ਸੁਰੀਲੀ ਆਵਾਜ਼ ਦੇ ਜਾਦੂ ਨੇ ਪੌਲੀਵੁੱਡ ਨੂੰ ਵੀ ਟੁੰਬਣ ਵਿੱਚ ਸਫਲਤਾ ਹਾਸਲ ਕੀਤੀ। ਇੱਥੋਂ ਸ਼ੁਰੂ ਹੋਇਆ ਸਿਲਵਰ ਸਕਰੀਨ 'ਤੇ ਪੇਸ਼ਕਾਰੀ ਕਰਨ ਦਾ ਰਸਮੀ ਆਗਾਜ਼। ਪੰਜਾਬੀ ਫਿਲਮ 'ਗਾਂਧੀ ਫੇਰ ਆ ਗਿਆ' ਦੇ ਗੀਤ 'ਪਰਚੇ' ਰਾਹੀਂ ਬੌਲੀਵੁੱਡ ਸਟਾਰ ਆਰੀਆ ਬੱਬਰ ਨਾਲ ਕੰਮ ਕਰਨ ਤੋਂ ਬਾਅਦ ਇੰਦਰ ਚਰਚਿਤ ਗਾਇਕਾਂ ਦੀ ਕਤਾਰ ਵਿੱਚ ਆਣ ਖੜ੍ਹਾ ਹੋ ਗਿਆ। ਇਸ ਤੋਂ ਬਾਅਦ 'ਡੈਸ਼ਬੋਰਡ ਤੇ ਭਾਈਜਾਨ' ਗੀਤਾਂ ਦੀ ਲੋਕਪ੍ਰਿਯਤਾ ਨੇ ਉਸ ਦੇ ਸੰਗੀਤਕ ਸਫ਼ਰ ਨੂੰ ਕਾਮਯਾਬੀ ਵੱਲ ਤੋਰਿਆ। ਹਾਲ ਹੀ ਵਿੱਚ ਉਸ ਦਾ ਗਾਇਕਾ ਗੁਰਲੇਜ਼ ਅਖ਼ਤਰ ਨਾਲ ਰਿਲੀਜ਼ ਹੋਇਆ ਦੋਗਾਣਾ 'ਦੋਨਾਲੀ 'ਚ ਗੁਲਾਬ' ਬੇਹੱਦ ਸਰਾਹਿਆ ਗਿਆ। ਇਸ ਪ੍ਰਸਿੱਧੀ ਸਕਦਾ ਉਹ ਯੂਕੇ ਤੱਕ ਦੀਆਂ ਸਟੇਜਾਂ 'ਤੇ ਵੀ ਆਪਣੀ ਕਲਾ ਦੇ ਜੌਹਰ ਦਿਖਾ ਚੁੱਕਾ ਹੈ। ਇੰਦਰ ਬੈਣੀਵਾਲ ਦੱਸਦਾ ਹੈ ਕਿ ਸੰਗੀਤ ਉਸ ਦੀ ਰਗ-ਰਗ ਵਿੱਚ ਸਮਾ ਗਿਆ ਹੈ। ਉਸ ਦੇ ਵਿਆਹਾਂ ਅਤੇ ਮੇਲਿਆਂ ਦੇ ਸ਼ੋਅ'ਜ਼ ਵੀ ਚੱਲਦੇ ਰਹਿੰਦੇ ਹਨ। ਉਸ ਨੇ ਆਪਣੀ ਮੈਡੀਕਲ ਦੀ ਪੜ੍ਹਾਈ ਨੂੰ ਨਾਲੋ-ਨਾਲ ਜਾਰੀ ਰੱਖਿਆ ਹੋਇਆ ਹੈ। ਉਸ ਦਾ ਸੁਪਨਾ ਚੰਗਾ ਗਵੱਈਆ ਤੇ ਫਿਲਮ ਅਦਾਕਾਰ ਬਣਨਾ ਹੈ। ਉਹ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਲਗਾਤਾਰ ਸੰਘਰਸ਼ ਕਰ ਰਿਹਾ ਹੈ।

**ਸੰਪਰਕ:** 98764-92410

## ਸਤਰੰਗ

**'ਸਤਰੰਗ'** ਦੇ ਇੰਟਰਨੈੱਟ ਐਡੀਸ਼ਨ ਵਿੱਚ ਪੜ੍ਹੋ:

- ਪੰਜਾਬੀ ਸੰਗੀਤ ਦੀ ਤੋਰ... ਡਾ. ਰਣਜੀਤ ਸਿੰਘ
- ਕੁਝ ਨਹੀਂ ਰੱਖਿਆ ਵਹਿਮਾਂ-ਭਰਮਾਂ ਵਿੱਚ- ਹਰਮੀਤ ਸਿਵੀਆਂ
- ਸਮਝੋ ਰਿਸ਼ਤਿਆਂ ਦੀ ਅਹਿਮੀਅਤ- ਸੁਰਿੰਦਰ ਕੌਰ ਮਾਨਸਾ
- ਸੰਤੁਸ਼ਟੀ ਦਾ ਰਾਹ ਅਪਣਾਓ- ਗੋਪਾਲ ਸ਼ਰਮਾ
- ਹੋਰ ਵੀ ਬਹੁਤ ਸਾਰੀਆਂ ਰਚਨਾਵਾਂ

**'ਸਤਰੰਗ' ਦੇ ਅੰਕ** www. facebook. com/ punjabitribunechd ਤੇ punjabitribuneonline.com ਅਤੇ epaper.punjabitribuneonline.com 'ਤੇ ਪੜ੍ਹੋ।

# ਕੁਦਰਤਿ ਹੈ ਕੀਮਤਿ ਨਹੀ ਪਾਇ।।



**ਜ਼ਰ** ਗੁਲ, ਗੁਲ ਅਸ਼ਰਫੀ, ਪੌਟ ਮੈਰੀਗੋਲਡ, ਇੰਗਲਿਸ਼ ਮੈਰੀ ਗੋਲਡ, ਕੈਲੰਡੂਲਾ ਆਦਿ ਨਾਵਾਂ ਨਾਲ ਜਾਣੇ ਜਾਂਦੇ ਗੇਂਦੇ ਵਰਗੇ ਫੁੱਲ ਦਾ ਵਿਗਿਆਨਕ ਨਾਂ Calendula officinalis ਹੈ। ਫਾਰਸੀ ਭਾਸ਼ਾ ਦੇ ਸ਼ਬਦ 'ਜ਼ਰ' ਦਾ ਮਤਲਬ 'ਸੋਨਾ' ਹੁੰਦਾ ਹੈ ਅਤੇ ਗੁਲ ਤੋਂ ਭਾਵ ਫੁੱਲ ਯਾਨੀ ਸੋਨੇ ਰੰਗਾ ਫੁੱਲ। ਅਸ਼ਰਫੀ ਵੀ ਸੋਨੇ ਦੀ ਮੁਹਰ (ਸਿੱਕੇ) ਨੂੰ ਕਿਹਾ ਜਾਂਦਾ ਹੈ। ਦਰਅਸਲ, ਇਸ ਖੂਬਸੂਰਤ ਫੁੱਲ ਦਾ ਰੰਗ ਹਲਕੇ ਪੀਲੇ ਤੋਂ ਗੂੜ੍ਹੇ ਸੰਤਰੀ ਵਰਗਾ ਹੁੰਦਾ ਹੈ। ਕੁਦਰਤ ਦੀ ਕਲਾਕਾਰੀ ਵਿੱਚ ਉਪਜਿਆ ਗੁੰਦਵਾ (ਡਬਲ) ਫੁੱਲ ਜਦੋਂ ਪੂਰਾ ਖਿੜਿਆ ਹੁੰਦਾ ਹੈ ਤਾਂ ਸੱਚੀਂ ਕਿਸੇ ਸੋਨੇ ਦੇ ਸਿੱਕੇ ਤੋਂ ਘੱਟ ਨਹੀਂ ਜਾਪਦਾ।

ਜ਼ਰ ਗੁਲ ਸਰਦ ਰੁੱਤ ਦੇ ਮੌਸਮੀ ਫੁੱਲਾਂ ਵਿੱਚੋਂ ਇੱਕ ਹੈ ਜਿਸ ਨੂੰ ਸਤੰਬਰ-ਅਕਤੂਬਰ ਮਹੀਨੇ ਦੌਰਾਨ ਪਨੀਰੀਆਂ ਰਾਹੀਂ ਤਿਆਰ ਕਰਕੇ ਢੁਕਵੇਂ ਸਥਾਨਾਂ 'ਤੇ ਲਾਇਆ ਜਾਂਦਾ ਹੈ। ਬੀਜ ਦਾ ਆਕਾਰ ਬਹੁਤ ਛੋਟਾ ਨਾ ਹੋਣ ਕਰਕੇ ਲੋਕ ਸਿੱਧਾ ਬੀਜ ਕਿਆਰੀਆਂ ਜਾਂ ਗਮਲਿਆਂ ਵਿੱਚ ਵੀ ਲਾ ਦਿੰਦੇ ਹਨ। ਜ਼ਰ ਗੁਲ ਦੇ ਫੁੱਲ ਕਿਆਰੀਆਂ, ਗਮਲਿਆਂ, ਵਿੰਡੋਬਾਕਸ ਜਾਂ ਕਈ ਤਰ੍ਹਾਂ ਦੇ ਬਰਤਨਾਂ ਵਿੱਚ ਲਾਏ ਜਾਂਦੇ ਹਨ। ਕੁਝ ਲੋਕ ਇਨ੍ਹਾਂ ਫੁੱਲਾਂ ਦੀ ਵਰਤੋਂ ਗੁਲਦਸਤਿਆਂ ਜਾਂ ਫੁੱਲਦਾਨ ਸਜਾਉਣ ਲਈ ਵੀ ਕਰਦੇ ਹਨ।

ਬੇਸ਼ੱਕ ਜ਼ਰ ਗੁਲ ਇੱਕ ਖੂਬਸੂਰਤ ਫੁੱਲ ਹੈ, ਪਰ ਇਹ ਇੱਕ ਕੀਮਤੀ ਔਸ਼ਧੀ ਵੀ ਹੈ। ਯੂਨਾਨੀ, ਆਯੁਰਵੈਦਿਕ ਤੇ ਖਾਸ ਕਰਕੇ ਹੋਮਿਓਪੈਥੀ ਪ੍ਰਣਾਲੀ ਵਿੱਚ ਜ਼ਰ ਗੁਲ ਦਾ ਵਿਸ਼ੇਸ਼ ਸਥਾਨ ਹੈ। ਪੁਰਾਤਨ ਵੇਲਿਆਂ ਤੋਂ ਇਸ ਨੂੰ ਵੈਦਿਕ ਨੁਸਖਿਆਂ ਵਿੱਚ ਵਰਤਿਆ ਜਾਂਦਾ ਰਿਹਾ ਹੈ।

ਹੋਮਿਓਪੈਥੀ ਦੀ ਬੇਹੱਦ ਮਸ਼ਹੂਰ ਦਵਾਈ ਇਸ ਦੇ ਵਿਗਿਆਨਕ ਨਾਂ ਨਾਲ ਹੀ ਬਾਜ਼ਾਰ ਵਿੱਚ ਮਿਲਦੀ ਹੈ। ਪੁਰਾਣੇ ਵੇਲਿਆਂ ਤੋਂ ਇਸ ਨੂੰ ਸ਼ਕਤੀ ਵਰਧਕ, ਪੁਰਾਣੇ ਜ਼ਖ਼ਮ-ਨਾਸੂਰ, ਗਲੂੱਪ, ਕਬਜ਼, ਮੋਚ, ਕੀੜਿਆਂ ਦੇ ਡੰਗ, ਅੱਖਾਂ ਧੋਣ ਆਦਿ ਲਈ ਵਰਤਿਆ ਜਾਂਦਾ ਰਿਹਾ ਹੈ। ਜ਼ਰ ਗੁਲ ਦੇ ਫੁੱਲ ਤੇ ਪੱਤੇ ਸਿੱਧੇ ਤੌਰ 'ਤੇ ਵੀ ਲੋਕ ਖਾ ਲੈਂਦੇ ਹਨ, ਪਰ ਅੱਜਕੱਲ੍ਹ ਬਾਜ਼ਾਰ ਵਿੱਚ ਇਹ ਪਾਊਡਰ, ਕਰੀਮ, ਤੇਲ, ਟਿੰਚਰ ਅਤੇ ਜੈੱਲ ਆਦਿ ਦੇ ਰੂਪ ਵਿੱਚ ਉਪਲੱਬਧ ਹੈ। ਚਮੜੀ ਰੋਗਾਂ ਲਈ ਇਸ ਨੂੰ ਰਾਮਬਾਣ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਜ਼ਰ ਗੁਲ ਤੋਂ ਬਣੀਆਂ ਹੋਮਿਓਪੈਥੀ ਦਵਾਈਆਂ ਉੱਲੀ ਰੋਗਾਂ, ਪੇਟ ਦੀਆਂ ਬਿਮਾਰੀਆਂ, ਔਰਤਾਂ ਦੇ ਰੋਗਾਂ, ਸੜੀ ਹੋਈ ਚਮੜੀ, ਝਰੀਟਾਂ, ਬੱਚਿਆਂ ਦੇ ਡਾਈਪਰ ਨਾਲ ਛਿੱਲੀ ਚਮੜੀ, ਅੱਖਾਂ ਅਤੇ ਕੰਨਾਂ ਆਦਿ ਰੋਗਾਂ ਦੇ ਇਲਾਜ ਵਿੱਚ ਵਰਤੀਆਂ ਜਾਂਦੀਆਂ ਹਨ।

ਕੁਝ ਲੋਕ ਇਸ ਦੇ ਫੁੱਲਾਂ ਤੋਂ ਰੰਗ ਪ੍ਰਾਪਤ ਕਰਦੇ ਹਨ। ਕੁਝ ਤਾਂ ਚਾਹ ਵੀ ਬਣਾ ਲੈਂਦੇ ਹਨ। ਔਰਤਾਂ ਸਜਣ-ਸੰਵਰਨ ਵਿੱਚ ਵਰਤੋਂ ਕਰਦੀਆਂ ਹਨ। ਕੁਲ ਮਿਲਾ ਕੇ ਇਹ ਫੁੱਲ ਖੂਬਸੂਰਤੀ ਦੇ ਨਾਲ ਨਾਲ ਬਿਹਤਰੀਨ ਔਸ਼ਧੀ ਵੀ ਹੈ।

**ਪੇਸ਼ਕਸ਼: ਡਾ. ਬਲਵਿੰਦਰ ਸਿੰਘ ਲੱਖੇਵਾਲੀ**

**ਸੰਪਰਕ:** 98142-39041


Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਗੀਤ-ਸੰਗੀਤ ਦੀ ਤੋਰ ਬਦਲਣ ਦਾ ਵੇਲਾ



**ਡਾ. ਰਣਜੀਤ ਸਿੰਘ**



**ਪੰਜਾਬੀ** ਗੀਤ ਸੰਗੀਤ ਵਿੱਚ ਲੱਚਰਪੁਣੇ, ਸ਼ਰਾਬ, ਫੁੱਕਰੇਪਣ ਨੂੰ ਘਟਾਉਣ ਲਈ ਸਰਕਾਰਾਂ ਵੱਲੋਂ ਸੰਜੀਦਾ ਯਤਨ ਨਹੀਂ ਕੀਤੇ ਗਏ। ਪੰਜਾਬ ਗੁਰੂਆਂ, ਪੀਰਾਂ ਤੇ ਫਕੀਰਾਂ ਦੀ ਧਰਤੀ ਹੈ। ਪੰਜਾਬ ਅਤੇ ਪੰਜਾਬੀਅਤ ਦਾ ਆਧਾਰ ਗੁਰੂਆਂ, ਸੰਤਾਂ, ਭਗਤਾਂ ਤੇ ਫ਼ਕੀਰਾਂ ਦੀ ਬਾਣੀ ਹੈ। ਇੱਥੋਂ ਦੇ ਗੀਤ, ਸੰਗੀਤ ਤੇ ਨਾਚ ਸੁੱਚੀਆਂ ਕਦਰਾਂ ਕੀਮਤਾਂ ਤੇ ਸਮਾਜਿਕ ਸੱਚਾਈਆਂ ਦਾ ਪ੍ਰਗਟਾਵਾ ਕਰਦੇ ਹਨ। ਆਵਾਜਾਈ ਦੇ ਸਾਧਨਾਂ ਦਾ ਸੁਧਾਰ, ਸੰਚਾਰ ਸਾਧਨਾਂ ਦਾ ਵਿਕਾਸ ਅਤੇ ਆਧੁਨਿਕਤਾ ਦੇ ਪ੍ਰਭਾਵ ਨੇ ਇੱਕ ਨਵੀਂ ਸਮਾਜਿਕ ਤਬਦੀਲੀ ਨੂੰ ਜਨਮ ਦਿੱਤਾ ਹੈ।

ਪੰਜਾਬੀ ਆਪਣੀਆਂ ਰਵਾਇਤਾਂ, ਕਦਰਾਂ ਕੀਮਤਾਂ, ਸਮਾਜਿਕ ਰਿਸ਼ਤੇ ਅਤੇ ਸੱਭਿਆਚਾਰ ਤੋਂ ਟੁੱਟ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਕਾਸ ਲਈ ਤਬਦੀਲੀ ਦੀ ਲੋੜ ਪੈਂਦੀ ਹੈ, ਪਰ ਵਿਕਾਸ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਇਹ ਤਬਦੀਲੀ ਵਿਨਾਸ਼ਕਾਰੀ ਹੋਣ ਦੀ ਥਾਂ ਵਿਕਾਸਮੁਖੀ ਹੋਵੇ। ਹੁਣ ਵਿਆਹ ਅਤੇ ਹੋਰ ਸਮਾਜਿਕ ਸਮਾਗਮਾਂ ਸਮੇਂ ਸ਼ਰਾਬ ਦੀ ਵਰਤੋਂ ਇੱਕ ਅਹਿਮ ਹਿੱਸਾ ਬਣ ਰਹੀ ਹੈ। ਹੁਣ ਤਾਂ ਸ਼ਰਾਬ ਅਤੇ ਪੰਜਾਬੀ ਇਕਮਿਕ ਹੀ ਹੋ ਗਏ ਜਾਪਦੇ ਹਨ। ਸਮਾਗਮਾਂ ਵਿੱਚ ਨਸ਼ੇ ਦੀ ਲੋਰ, ਸੰਗੀਤ ਦਾ ਸ਼ੋਰ ਅਤੇ ਲੱਚਰ ਗਾਣਿਆਂ ਦੇ ਬੋਲਾਂ 'ਤੇ ਅਸੀਂ ਭੰਗੜੇ ਅਤੇ ਗਿੱਧੇ ਦੇ ਨਾਮ 'ਤੇ ਪੁੱਠੇ ਸਿੱਧੇ ਹੱਥ ਪੈਰ ਮਾਰਦੇ ਹਾਂ। ਲੱਚਰ ਗੀਤ ਲਿਖਣ ਵਾਲੇ, ਗਾਉਣ ਵਾਲੇ ਤੇ ਸੰਗੀਤ ਦੇਣ ਵਾਲੇ ਪੰਜਾਬੀ ਬੋਲੀ, ਸੰਗੀਤ ਜਾਂ ਸੱਭਿਆਚਾਰ ਦੀ ਸੇਵਾ ਨਹੀਂ ਕਰ ਰਹੇ, ਸਗੋਂ ਉਸ ਨਾਲ ਧੋਖਾ ਕਮਾ ਰਹੇ ਹਨ। ਅਸੀਂ ਆਪਣੇ ਗੀਤ, ਸੰਗੀਤ ਤੇ ਨਾਚਾਂ ਦੀਆਂ ਜੜ੍ਹਾਂ ਵੱਢ ਰਹੇ ਹਾਂ। ਲੱਚਰ ਗੀਤ ਸੰਗੀਤ ਸਦੀਵੀਂ ਨਹੀਂ ਹੁੰਦੇ। ਇਹ ਕੇਵਲ ਆਪਣੀ ਮੌਤ ਹੀ ਨਹੀਂ ਸਹੇੜਦੇ ਸਗੋਂ ਸੱਭਿਆਚਾਰ ਦਾ ਵੀ ਨਾਸ਼ ਕਰਦੇ ਹਨ। ਸਮਾਜਿਕ ਕਦਰਾਂ ਕੀਮਤਾਂ ਟੁੱਟਦੀਆਂ ਹਨ, ਜਿਸ ਕਰਕੇ ਸਮਾਜ ਵਿੱਚੋਂ ਗੁਣਵੱਤਾ ਅਤੇ ਅਨੁਸ਼ਾਸਨ ਅਲੋਪ ਹੋ ਜਾਂਦਾ ਹੈ।

ਇਸ ਰੁਝਾਨ ਲਈ ਸਾਡੇ ਕੁਝ ਗੀਤਕਾਰ, ਗਾਇਕ ਅਤੇ ਸੰਗੀਤਕਾਰ ਜ਼ਿੰਮੇਵਾਰ ਹਨ। ਉਹ ਪੰਜਾਬੀ ਸੱਭਿਆਚਾਰ ਦੀ ਸੇਵਾ ਨਹੀਂ ਸਗੋਂ ਥੋੜ੍ਹੇ ਜਿਹੇ ਛਿੱਲੜਾਂ ਲਈ ਆਪਣੇ ਸੱਭਿਆਚਾਰ ਦਾ ਕਤਲ ਕਰ ਰਹੇ ਹਨ ਅਤੇ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ। ਲੱਚਰ ਗੀਤ ਸਮੇਂ ਦੀ ਧੂੜ ਵਿੱਚ ਰੁਲ ਜਾਂਦੇ ਹਨ।

ਸਾਡੇ ਗੀਤਕਾਰ ਲਾਲਾ ਧਨੀ ਰਾਮ ਚਾਤ੍ਰਿਕ, ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਇੰਦਰਜੀਤ ਹਸਨਪੁਰੀ, ਦੇਵ ਥਰੀਕਿਆਂ ਵਾਲਾ, ਗੁਰਦੇਵ ਸਿੰਘ ਮਾਨ, ਸਤਿੰਦਰ ਸਰਤਾਜ, ਗੁਰਦਾਸ ਮਾਨ ਆਦਿ ਨੇ ਸਾਫ਼ ਸੁਥਰੇ ਗੀਤਾਂ ਦੀ ਰਚਨਾ ਕੀਤੀ। ਉਨ੍ਹਾਂ ਦੇ ਗੀਤ ਅਮਰ ਹੋ ਗਏ ਹਨ। ਲੋਕੀਂ ਉਨ੍ਹਾਂ ਦੀ ਇੱਜ਼ਤ, ਮਾਣ ਤੇ ਸਤਿਕਾਰ ਕਰਦੇ ਹਨ। ਇਸੇ ਤਰ੍ਹਾਂ ਸਾਫ਼ ਸੁਥਰੀ ਗਾਇਕੀ ਵਾਲੇ ਗਾਇਕਾਂ ਦਾ ਕੇਵਲ ਇੱਜ਼ਤ ਮਾਣ ਹੀ ਨਹੀਂ ਹੁੰਦਾ ਸਗੋਂ ਉਹ ਕਮਾਈ ਵੀ ਸਭ ਤੋਂ ਵੱਧ ਕਰਦੇ ਹਨ। ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਹਰਭਜਨ ਮਾਨ, ਗੁਰਦਾਸ ਮਾਨ, ਹੰਸ ਰਾਜ, ਪੰਮੀ ਬਾਈ, ਸਤਿੰਦਰ ਸਰਤਾਜ ਵਰਗੇ ਗਾਇਕਾਂ ਨੂੰ ਹਮੇਸ਼ਾਂ ਲੋਕੀਂ ਪਿਆਰ ਨਾਲ ਸੁਣਨਾ ਪਸੰਦ ਕਰਦੇ ਹਨ।

ਸ਼ੋਰ ਸੰਗੀਤ ਨਹੀਂ ਹੁੰਦਾ। ਸੰਗੀਤ ਉਹ ਹੁੰਦਾ ਜਿਹੜਾ ਹਿਰਦੇ ਦੀਆਂ ਤਾਰਾਂ ਨੂੰ ਛੇੜੇ, ਵਿਸਮਾਦ ਉਪਜਾਵੇ ਤੇ ਆਨੰਦ ਦੀ ਪ੍ਰਾਪਤੀ ਕਰਵਾਏ। ਪੰਜਾਬੀ ਗੀਤ ਸੰਗੀਤ ਵਿੱਚ ਆਏ ਨਿਘਾਰ ਨੇ ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਸਬਰ, ਸੰਤੋਖ, ਮਿੱਠ ਬੋਲੜਾ ਸੁਭਾਅ, ਕਿਰਤ ਕਰਨੀ, ਵੰਡ ਛਕਣਾ ਅਤੇ ਸਾਦਗੀ ਖਤਮ ਹੋ ਰਹੇ ਹਨ। ਇਨ੍ਹਾਂ ਦੀ ਥਾਂ ਨਸ਼ਿਆਂ ਦੀ ਵਰਤੋਂ, ਫੁੱਕਰਾਪਣ, ਵਿਖਾਵਾ, ਅੱਖੜਪੁਣਾ ਆਦਿ ਪੰਜਾਬੀਆਂ ਦਾ ਹਿੱਸਾ ਬਣ ਰਹੇ ਹਨ।

ਅਜੋਕੇ ਗੀਤਕਾਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੀਤ ਰਚੇ ਜਾਂਦੇ ਹਨ, ਘੜੇ ਨਹੀਂ ਜਾਂਦੇ। ਉਲਟੇ ਸਿੱਧੇ ਅਤੇ ਦੋਹਰੇ ਅਰਥਾਂ ਵਾਲੇ ਸ਼ਬਦਾਂ ਨੂੰ ਜੋੜ ਕੀਤੀ ਤੁਕਬੰਦੀ ਗੀਤ ਨਹੀਂ ਹੁੰਦੀ। ਗੀਤ ਤਾਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਰੁਸ਼ਨਾਈ ਰੂਹ ਹੀ ਸਿਰਜਦੀ ਹੈ। ਕਦਰ ਗਿਣਤੀ ਦੀ ਨਹੀਂ ਸਗੋਂ ਰਚਨਾ ਦੀ ਹੁੰਦੀ ਹੈ। ਕਈ ਵਾਰ ਇੱਕ ਗੀਤ ਹੀ ਕਵੀ ਨੂੰ ਅਮਰ ਕਰ ਦਿੰਦਾ ਹੈ। ਜੇ ਤੁਸੀਂ ਸਰੋਤਿਆਂ ਦਾ ਪਿਆਰ ਤੇ ਸਤਿਕਾਰ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਤੁਕਬੰਦੀ ਬੰਦ ਕਰੋ, ਲੱਚਰਤਾ ਦੂਰ ਕਰੋ। ਅਜਿਹੀ ਰਚਨਾ ਕਰੋ ਜਿਸ ਨੂੰ ਤੁਸੀਂ ਆਪਣੇ ਪਰਿਵਾਰ ਵਿੱਚ ਬੈਠ ਕੇ ਸੁਣ ਸਕੋ ਅਤੇ ਉਸ ਦਾ ਆਨੰਦ ਮਾਣ ਸਕੋ। ਕਮਾਈ ਸਦੀਵੀ ਰਹਿਣ ਵਾਲੇ ਗੀਤਾਂ ਵਿੱਚੋਂ ਹੁੰਦੀ ਹੈ। ਜੇਕਰ ਤੁਸੀਂ ਪੁੰਨ ਤੇ ਫ਼ਲੀਆਂ ਦੋਵੇਂ ਖੱਟਣਾ ਚਾਹੁੰਦੇ ਹੋ ਤਾਂ ਸਾਫ਼ ਤੇ ਉੱਚ ਪਾਏ ਦੀ ਗੀਤਕਾਰੀ ਕਰੋ। ਲੋਕਾਂ ਦੇ ਤ੍ਰਿਸਕਾਰ ਦੀ ਥਾਂ ਪਿਆਰ ਅਤੇ ਸਤਿਕਾਰ ਪ੍ਰਾਪਤ ਕਰਨ ਦਾ ਯਤਨ ਕਰੋ। ਮਾਂ ਬੋਲੀ ਦਾ ਨੁਕਸਾਨ ਨਾ ਕਰੋ।

ਗਾਇਕਾਂ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਸੁਰੀਲੀ ਆਵਾਜ਼ ਰੱਬ ਦੀ ਦੇਣ ਹੈ। ਇਸ ਸੌਗਾਤ ਦੀ ਵਰਤੋਂ ਤਾਂ ਲੋਕ ਸੇਵਾ ਲਈ ਹੀ ਕਰਨੀ ਚਾਹੀਦੀ ਹੈ। ਗਾਇਕੀ ਜਿੱਥੇ ਰੂਹ ਦੀ ਖੁਰਾਕ ਬਣਦੀ ਹੈ, ਉੱਥੇ ਸਮਾਜ ਨੂੰ ਇੱਕ ਨਵੀਂ ਸੇਧ ਬਖ਼ਸ਼ਦੀ ਹੈ। ਸ਼ਬਦਾਂ ਦੀ ਤਾਕਤ ਸੰਗੀਤ ਨਾਲ ਰਲ ਕੇ ਦੁੱਗਣੀ ਹੋ ਜਾਂਦੀ ਹੈ। ਸੰਗੀਤ ਦੁਖੀਆਂ ਨੂੰ ਸਕੂਨ ਅਤੇ ਹੁਲਾਰਾ ਦਿੰਦਾ ਹੈ। ਤਣਾਅ ਮੁਕਤੀ ਦਾ ਇਹ ਵਧੀਆ ਖ਼ਜ਼ਾਨਾ ਹੈ। ਆਵਾਜ਼ ਦੀ ਸਹੀ ਵਰਤੋਂ ਲਈ ਸਿਖਲਾਈ ਦੀ ਲੋੜ ਹੈ। ਕਿਸੇ ਸੁਲਝੇ ਸੰਗੀਤਕਾਰ ਨੂੰ ਆਪਣਾ ਗੁਰੂ ਧਾਰਨ ਕਰੋ ਤਾਂ ਜੋ ਤੁਹਾਨੂੰ ਸੁਰਾਂ ਦੀ ਸੂਝ ਹੋ ਸਕੇ। ਸਟੇਜ ਉਤੇ ਸ਼ੋਰ ਮਚਾਉਂਦੇ ਸੰਗੀਤ ਵਿੱਚ ਉੱਚੀ ਬੋਲਾਂ ਨਾਲ ਸਰੋਤੇ ਹੀ ਉਤੇਜਿਤ ਨਹੀਂ ਹੁੰਦੇ ਸਗੋਂ ਸ਼ੋਰ ਪ੍ਰਦੂਸ਼ਣ ਵੀ ਹੁੰਦਾ ਹੈ। ਕਦੇ ਵੀ ਅਜਿਹੇ ਗੀਤ ਨਾ ਗਾਵੋ ਜਿਹੜੇ ਅਸ਼ਲੀਲ ਹੋਣ ਅਤੇ ਜਿਨ੍ਹਾਂ ਨੂੰ ਤੁਸੀਂ ਆਪਣੇ ਬੱਚਿਆਂ ਵਿੱਚ ਬੈਠ ਕੇ ਨਾ ਸੁਣ ਸਕੋ। ਗਾਇਕਾਂ ਵੱਲੋਂ ਕੀਤੇ ਭੜਕੀਲੇ ਇਸ਼ਾਰੇ ਅਤੇ ਅਦਾਵਾਂ ਗੀਤ ਰੰਗਲਾ ਬਣਾਉਣ ਦੀ ਥਾਂ ਉਸ ਨੂੰ ਗੰਦਾ ਬਣਾਉਂਦੇ ਹਨ। ਵਿਆਹ ਸਮੇਂ ਨਸ਼ੇ ਵਿੱਚ ਧੁੱਤ ਬਰਾਤੀ ਜਦੋਂ ਗੰਦੇ ਗੀਤ ਸੁਣਦੇ ਹਨ ਤਾਂ ਉਹ ਆਪੇ ਤੋਂ ਬਾਹਰ ਹੋ ਜਾਂਦੇ ਹਨ। ਆਪਣੀ ਮਰਜ਼ੀ ਦੀ ਪੂਰਤੀ ਨਾ ਹੁੰਦੀ ਵੇਖ ਕਈ ਵਾਰ ਗੋਲੀ ਵੀ ਚੱਲ ਜਾਂਦੀ ਹੈ। ਖ਼ੁਸ਼ੀ ਦਾ ਮਾਹੌਲ, ਸੋਗ ਵਿੱਚ ਬਦਲ ਜਾਂਦਾ ਹੈ। ਕੇਵਲ ਰਿਸ਼ਤੇ ਹੀ ਨਹੀਂ ਟੁੱਟਦੇ ਸਗੋਂ ਕਈ ਘਰ ਬਰਬਾਦ ਹੋ ਜਾਂਦੇ ਹਨ। ਬੰਦੂਕਾਂ ਰੱਖਣ ਦਾ ਸ਼ੌਕ ਵੀ ਸਾਡੇ ਗੀਤਾਂ ਦੀ ਹੀ ਦੇਣ ਹੈ।

ਸੰਗੀਤਕਾਰ ਵੀ ਲੱਚਰ ਗੀਤਾਂ ਦੀਆਂ ਸ਼ੋਰ ਭਰੇ ਸੰਗੀਤ ਵਿੱਚ ਤਰਜ਼ਾਂ ਬਣਾ ਕੇ ਸੰਗੀਤ ਦੀ ਸੇਵਾ ਨਹੀਂ ਸਗੋਂ ਆਪਣੀ ਕਲਾ ਦਾ ਅਪਮਾਨ ਕਰ ਰਹੇ ਹਨ। ਸੰਗੀਤ ਤਾਂ ਕੁਦਰਤ ਦੀ ਬਖ਼ਸ਼ੀ ਅਮੁੱਲ ਸੌਗਾਤ ਹੈ। ਇਸ ਸੌਗਾਤ ਦੀ ਗਲਤ ਵਰਤੋਂ ਕਰਕੇ ਅਸੀਂ ਆਪਣੀ ਕਲਾ ਦੀ ਦੁਰਵਰਤੋਂ ਹੀ ਨਹੀਂ ਸਗੋਂ ਕੁਦਰਤ ਦੀ ਬੇਅਦਬੀ ਵੀ ਕਰਦੇ ਹਾਂ। ਅਜਿਹੀਆਂ ਧੁਨਾਂ ਬਣਾਵੋ ਜਿਨ੍ਹਾਂ ਨੂੰ ਸੁਣਨ ਲਈ ਰੂਹ ਤਰਸੇ ਨਾ ਕਿ ਮਨੁੱਖ ਨੂੰ ਕੰਨਾਂ ਵਿੱਚ ਉਂਗਲਾਂ ਦੇਣ ਲਈ ਮਜਬੂਰ ਹੋਣਾ ਪਵੇ। ਅਮਰ ਸੰਗੀਤ ਦੀ ਰਚਨਾ ਕਰੋ ਤਾਂ ਜੋ ਤੁਹਾਡਾ ਨਾਮ ਵੀ ਅਮਰ ਹੋ ਜਾਵੇ। ਭੈੜੇ ਸੰਗੀਤ ਦਾ ਫੌਰੀ ਲਾਭ ਤਾਂ ਭਾਵੇਂ ਹੋ ਜਾਵੇ, ਪਰ ਚਿਰਜੀਵੀ ਲਾਭ ਚੰਗੇ ਸੰਗੀਤਕਾਰਾਂ ਨੂੰ ਹੀ ਹੁੰਦਾ ਹੈ। ਅਜਿਹੇ ਨਿਘਾਰ ਲਈ ਸਭ ਤੋਂ ਵੱਧ ਉਹ ਵਿਅਕਤੀ ਅਤੇ ਕੰਪਨੀਆਂ ਜ਼ਿੰਮੇਵਾਰ ਹਨ, ਜਿਹੜੀਆਂ ਅਜਿਹੇ ਗੀਤ ਸੰਗੀਤ ਦੀ ਰਿਕਾਰਡਿੰਗ ਕਰਦੀਆਂ ਹਨ। ਆਰਥਿਕ ਲਾਭ ਲਈ ਉਹ ਨਹੀਂ ਜਾਣਦੇ ਕਿ ਆਪਣੀ ਬੋਲੀ ਅਤੇ ਸੱਭਿਆਚਾਰ ਦਾ ਉਹ ਕਿੰਨਾ ਨੁਕਸਾਨ ਕਰ ਰਹੇ ਹਨ। ਗੀਤ ਟੀ.ਵੀ. ਉੱਤੇ ਚੱਲਦੇ ਹਨ, ਇਸ ਲਈ ਇਨ੍ਹਾਂ ਨਾਲ ਦ੍ਰਿਸ਼ ਜੋੜਨੇ ਵੀ ਜ਼ਰੂਰੀ ਸਮਝੇ ਜਾਣ ਲੱਗ ਪਏ। ਬਹੁਤ ਘੱਟ ਕੱਪੜਿਆਂ ਵਾਲੀਆਂ ਕੁੜੀਆਂ 'ਤੇ ਅਜਿਹਾ ਫਿਲਮਾਂਕਣ ਕੀਤਾ ਜਾਂਦਾ ਹੈ, ਜਿਨ੍ਹਾਂ ਦਾ ਗੀਤ ਦੇ ਬੋਲਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਉਨ੍ਹਾਂ ਦੀਆਂ ਭੜਕਾਊ ਅਦਾਵਾਂ ਨੂੰ ਪੰਜਾਬੀ ਨਾਚ ਨਹੀਂ ਆਖਿਆ ਜਾ ਸਕਦਾ।

ਜਿੱਥੇ ਲੇਖਕਾਂ, ਗਾਇਕਾਂ ਤੇ ਸੰਗੀਤਕਾਰਾਂ ਨੂੰ ਸਵੈ ਕਾਬੂ ਦੀ ਲੋੜ ਹੈ, ਉੱਥੇ ਸਮਾਜ ਅਤੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬੀ ਸੱਭਿਆਚਾਰ ਦੇ ਵਿਹੜੇ ਪੈ ਰਹੀ ਗੰਦਗੀ ਨੂੰ ਰੋਕਿਆ ਜਾਵੇ। ਜੇਕਰ ਨਾਲੋਂ ਨਾਲ ਸਫ਼ਾਈ ਨਾ ਕੀਤੀ ਜਾਵੇ ਤਾਂ ਬਦਬੂ ਫੈਲਦੀ ਹੈ ਅਤੇ ਸਾਰਾ ਚੌਗਿਰਦਾ ਗੰਦਾ ਹੋ ਜਾਂਦਾ ਹੈ। ਜੇਕਰ ਪ੍ਰਦੂਸ਼ਣ ਹੱਦ ਤੋਂ ਵੱਧ ਹੋ ਜਾਵੇ ਤਾਂ ਸੱਭਿਆਚਾਰ ਦੇ ਦਮ ਘੁੱਟਣ ਦੀ ਨੌਬਤ ਆ ਸਕਦੀ ਹੈ। ਸਮਾਜ ਵਿੱਚ ਬੇਚੈਨੀ ਫੈਲਦੀ ਹੈ। ਇਸੇ ਬੇਚੈਨੀ ਦਾ ਪ੍ਰਗਟਾਵਾ ਸਾਡੀ ਨਵੀਂ ਪੀੜ੍ਹੀ ਨਸ਼ਿਆਂ ਦੀ ਵਰਤੋਂ ਕਰਕੇ, ਸਮਾਜਿਕ ਕਦਰਾਂ ਕੀਮਤਾਂ ਦੀ ਅਣਦੇਖੀ ਅਤੇ ਹਿੰਸਾ ਦਾ ਵਿਖਾਵਾ ਕਰਕੇ ਕਰ ਰਹੀ ਹੈ। ਸਮਾਜਿਕ ਰਿਸ਼ਤੇ ਤਿੜਕ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹੁਣ ਕਾਫ਼ੀ ਦੇਰ ਹੋ ਚੁੱਕੀ ਹੈ, ਪੰਜਾਬ ਦਾ ਬਹੁਤ ਨੁਕਸਾਨ ਹੋ ਗਿਆ ਹੈ, ਪਰ ਦੇਰ ਆਏ ਦਰੁੱਸਤ ਆਏ। ਅਜਿਹੇ ਸੰਗੀਤਕ ਸ਼ੋਰ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਸੰਜੀਦਗੀ ਨਾਲ ਮੁਹਿੰਮ ਚਲਾਉਣ ਦੀ ਲੋੜ ਹੈ। ਹੁਣ ਤਾਂ ਗਾਇਕਾਂ ਨੂੰ ਕੇਵਲ ਸਮਝਾਇਆ ਜਾ ਰਿਹਾ ਹੈ, ਪਰ ਜੇ ਲੋੜ ਪਵੇ ਤਾਂ ਸਖ਼ਤੀ ਵੀ ਕਰਨੀ ਚਾਹੀਦੀ ਹੈ। ਸਮਾਜ ਸੇਵਕਾਂ ਅਤੇ ਪੰਜਾਬੀ ਪਿਆਰਿਆਂ ਨੂੰ ਚਾਹੀਦਾ ਹੈ ਕਿ ਉਹ ਅੱਗੇ ਆਉਣ, ਜਲਸੇ ਜਲੂਸਾਂ ਦੇ ਨਾਲੋਂ ਨਾਲ ਅਜਿਹੇ ਗੀਤਕਾਰਾਂ ਤੇ ਗਾਇਕਾਂ ਦਾ ਘਿਰਾਓ ਵੀ ਕਰਨਾ ਚਾਹੀਦਾ ਹੈ।

ਸਾਰੇ ਪੰਜਾਬੀਆਂ ਨੂੰ ਅਪੀਲ ਹੈ ਕਿ ਇਸ ਮੁਹਿੰਮ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਓ ਤਾਂ ਜੋ ਪੰਜਾਬੀ ਗੀਤ ਸੰਗੀਤ ਵਿੱਚ ਲੱਚਰਤਾ ਤੇ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ ਅਤੇ ਸਾਡੀ ਨਵੀਂ ਪੀੜ੍ਹੀ ਆਪਣੀ ਮਾਣ ਮੱਤੀ ਵਿਰਾਸਤ ਨਾਲ ਜੁੜ ਸਕੇ। ਸਾਡੇ ਸੰਗੀਤ ਨੇ ਜਿੱਥੇ ਪੰਜਾਬੀਆਂ ਨੂੰ ਸੱਚੀ ਸੁੱਚੀ ਜੀਵਨ ਜਾਚ ਬਖ਼ਸ਼ੀ, ਉੱਥੇ ਉਨ੍ਹਾਂ ਵਿੱਚ ਦਲੇਰੀ ਵੀ ਭਰੀ ਹੈ। ਉਹ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਹਮੇਸ਼ਾਂ ਸਰਬਤ ਦੇ ਭਲੇ ਦੀਆਂ ਬਾਤਾਂ ਪਾਉਂਦੇ ਸਨ, ਪਰ ਹੁਣ ਬੇਚੈਨੀ ਅਤੇ ਨਿਰਾਸ਼ਤਾ ਵਧ ਰਹੀ ਹੈ। ਸੰਗੀਤ ਦਲੇਰੀ ਭਰਨ ਅਤੇ ਦੁੱਖਾਂ ਦਾ ਮੁਕਾਬਲਾ ਕਰਨ ਦੇ ਕਾਬਲ ਵੀ ਬਣਾਉਂਦਾ ਹੈ। ਸਾਡੇ ਰਾਜਸੀ ਤੇ ਧਾਰਮਿਕ ਆਗੂਆਂ ਅਤੇ ਸਮਾਜ ਸੁਧਾਰਕਾਂ ਨੂੰ ਇਸ ਪਾਸੇ ਸੁਚੱਜੇ ਯਤਨ ਕਰਨੇ ਚਾਹੀਦੇ ਹਨ।

# ਕੁਝ ਨਹੀਂ ਰੱਖਿਆ ਵਹਿਮਾਂ-ਭਰਮਾਂ ਵਿੱਚ

**ਹਰਮੀਤ ਸਿਵੀਆਂ**

**ਅੱਜ** ਅਸੀਂ ਵਿਗਿਆਨਕ ਅਤੇ ਤਕਨੀਕੀ ਪੱਧਰ 'ਤੇ ਉਸ ਹੱਦ ਤੱਕ ਮੱਲਾਂ ਮਾਰੀਆਂ ਹਨ, ਜਿਸ ਦੀ ਕਲਪਨਾ ਸਾਡੇ ਵੱਡ-ਵਡੇਰਿਆਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਕੀਤੀ ਹੋਵੇਗੀ। ਉੱਚ ਪੱਧਰ ਦੀ ਕੰਪਿਊਟਰਾਈਜ਼ ਪੜ੍ਹਾਈ, ਤਜਰਬੇਕਾਰ ਪ੍ਰੋਫ਼ੈਸਰ, ਤਕਨੀਸ਼ੀਅਨ ਅਤੇ ਹੋਰ ਜੋ ਜ਼ਿੰਦਗੀ ਦੇ ਹਰ ਸੱਚ ਨੂੰ ਸਾਡੀਆਂ ਅੱਖਾਂ ਦੇ ਸਾਹਮਣੇ ਸਪੱਸ਼ਟ ਰੂਪ ਨਾਲ ਇਸ ਤਰ੍ਹਾਂ ਪੇਸ਼ ਕਰਨ ਵਿੱਚ ਸਮਰੱਥ ਹਨ, ਜਿਸ ਨੂੰ ਕਦੇ ਝੁਠਲਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਉਸ ਬਾਰੇ ਕੋਈ ਦੋ-ਰਾਵਾਂ ਹੀ ਹਨ। ਆਖਿਆ ਜਾ ਸਕਦਾ ਹੈ ਕਿ ਸ਼ਾਇਦ ਹੀ ਕੁਝ ਅਜਿਹਾ ਰਹਿ ਗਿਆ ਹੋਵੇ, ਜਿਸ ਦਾ ਹੱਲ ਨਾ ਹੋਵੇ, ਕਿਉਂਕਿ ਸਾਇੰਸ ਦੀ ਖਾਸੀਅਤ ਅਨੁਸਾਰ ਇਸ ਨੇ ਹਰ ਚੀਜ਼ ਵਿੱਚ ਬਦਲਾਅ ਕਰ ਦਿੱਤਾ ਹੈ, ਜਿਸ ਦਾ ਸੁਧਰਿਆ ਰੂਪ ਅਸੀਂ ਆਮ ਜ਼ਿੰਦਗੀ ਵਿੱਚ ਮਹਿਸੂਸ ਕਰ ਸਕਦੇ ਹਾਂ, ਪਰ ਇੰਨਾ ਕੁਝ ਹੁੰਦਿਆਂ ਹੋਇਆਂ ਵੀ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇੱਕ ਬਦਲਾਅ ਅਜੇ ਤੱਕ ਨਹੀਂ ਹੋ ਸਕਿਆ, ਉਹ ਹੈ ਸਦੀਆਂ ਤੋਂ ਚੱਲੇ ਆ ਰਹੇ ਅੰਧ-ਵਿਸ਼ਵਾਸ ਅਤੇ ਵਹਿਮ ਭਰਮ।

ਵਿਗਿਆਨਕ ਯੁੱਗ ਵਿੱਚ ਚਾਹੇ ਮਨੁੱਖ ਅੱਜ ਹਰ ਖੇਤਰ ਵਿੱਚ ਮੱਲਾਂ ਮਾਰ ਰਿਹਾ ਹੈ, ਪਰ ਅੱਜ ਵੀ ਉਹ ਆਪਣੇ ਆਪ ਨੂੰ ਅੰਧ-ਵਿਸ਼ਵਾਸਾਂ ਅਤੇ ਵਹਿਮਾਂ ਭਰਮਾਂ ਵਿੱਚੋਂ ਬਾਹਰ ਨਹੀਂ ਕੱਢ ਸਕਿਆ। ਵਿਆਹ ਹੋਵੇ, ਚਾਹੇ ਕੋਈ ਹੋਰ ਕੰਮ ਹੋਵੇ, ਅੱਜ ਵੀ ਮਹੂਰਤ ਦੇਖੇ ਬਿਨਾਂ ਨਹੀਂ ਕੀਤਾ ਜਾਂਦਾ। ਭਾਵੇਂ ਪੰਜੇ ਉਂਗਲਾਂ ਇਕਸਾਰ ਨਹੀਂ ਹੁੰਦੀਆਂ, ਸਾਡੇ ਸਮਾਜ ਵਿੱਚ ਅਗਾਂਹਵਧੂ ਲੋਕ ਵੀ ਹਨ ਜੋ ਇਨ੍ਹਾਂ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦੇ ਚੱਕਰਾਂ ਵਿੱਚ ਨਹੀਂ ਪੈਂਦੇ, ਪਰ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ। ਸਾਡੇ ਸਮਾਜ ਵਿੱਚ ਸਦੀਆਂ ਤੋਂ ਕਈ ਅੰਧ-ਵਿਸ਼ਵਾਸ ਅਤੇ ਵਹਿਮ-ਭਰਮ ਉਵੇਂ ਦੇ ਉਵੇਂ ਚੱਲੇ ਆ ਰਹੇ ਹਨ, ਜਿਵੇਂ ਵੀਰਵਾਰ ਨੂੰ ਕੱਪੜੇ ਧੋਣ ਨਾਲ ਘਰ ਵਿੱਚ ਕਲੇਸ਼ ਵਧਣ ਦਾ ਕਾਰਨ ਮੰਨਿਆ ਜਾਂਦਾ ਹੈ, ਸ਼ਨਿਚਰਵਾਰ ਜਾਂ ਮੰਗਲਵਾਰ ਨੂੰ ਹੱਥਾਂ ਦੇ ਨਹੁੰ ਕੱਟਣਾ, ਖਾਲੀ ਕੈਂਚੀ ਨੂੰ ਚਲਾਉਣਾ, ਮੰਗਲਵਾਰ ਨੂੰ ਵਾਲਾਂ ਦਾ ਕੱਟਣਾ, ਸ਼ਨਿਚਰਵਾਰ ਨੂੰ ਲੋਹਾ ਖਰੀਦਣਾ ਜਾਂ ਵੇਚਣਾ ਮਾੜਾ ਸਮਝੇ ਜਾਂਦੇ ਹਨ। ਸ਼ਨਿਚਰਵਾਰ ਨੂੰ ਤੇਲ ਦਾਨ ਕਰਨਾ ਚੰਗਾ ਸਮਝਿਆ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਹਿਮ-ਭਰਮ ਮੰਨੇ ਜਾਂਦੇ ਹਨ ਜਿਵੇਂ ਕਿਤੇ ਸ਼ਹਿਰ ਗਰਾਂ ਜਾਂਦਿਆਂ ਨੂੰ ਖਾਲੀ ਬੱਠਲ ਵਾਲੀ ਔਰਤ ਦਾ ਮਿਲਣਾ ਜਾਂ ਘਰੋਂ ਨਿਕਲਦਿਆਂ ਕਿਸੇ ਨੀਵੀਂ ਜਾਤੀ ਦੀ ਔਰਤ ਜਾਂ ਮਰਦ ਦਾ ਮੱਥੇ ਲੱਗਣਾ, ਬਿੱਲੀ ਦਾ ਰਸਤਾ ਕੱਟਣਾ, ਕਾਲੇ ਕੁੱਤੇ ਦਾ ਰੋਣਾ, ਹਥੇਲੀ 'ਤੇ ਖੁਰਕ ਹੋਣਾ, ਇੱਕੋ ਸਮੇਂ ਦੋ ਜਣਿਆਂ ਦਾ ਇਕੱਠੇ ਬੋਲਣਾ, ਪੈਰ ਹਿਲਾਉਣਾ, ਬਿੱਲੀ ਦਾ ਰੋਣਾਂ ਜਾਂ ਕਾਲੀ ਬਿੱਲੀ ਦਾ ਰਸਤਾ ਕੱਟ ਜਾਣਾ ਆਦਿ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ। ਭਾਵੇਂ ਕਿ ਇਨ੍ਹਾਂ ਵਿੱਚੋਂ ਕੁਝ ਕੁ ਦੇ ਵਿਗਿਆਨਕ ਕਾਰਨ ਵੀ ਹਨ, ਪਰ ਜ਼ਿਆਦਾਤਰ ਸਿਰਫ਼ ਅੰਧ-ਵਿਸ਼ਵਾਸ ਤੋਂ ਬਿਨਾਂ ਕੁਝ ਵੀ ਨਹੀਂ ਹਨ।

**ਵਿਗਿਆਨਕ ਯੁੱਗ ਵਿੱਚ ਚਾਹੇ ਮਨੁੱਖ ਅੱਜ ਹਰ ਖੇਤਰ ਵਿੱਚ ਮੱਲਾਂ ਮਾਰ ਰਿਹਾ ਹੈ, ਪਰ ਅੱਜ ਵੀ ਉਹ ਆਪਣੇ ਆਪ ਨੂੰ ਅੰਧ-ਵਿਸ਼ਵਾਸਾਂ ਅਤੇ ਵਹਿਮਾਂ ਭਰਮਾਂ ਵਿੱਚੋਂ ਬਾਹਰ ਨਹੀਂ ਕੱਢ ਸਕਿਆ। ਵਿਆਹ ਹੋਵੇ, ਚਾਹੇ ਕੋਈ ਹੋਰ ਕੰਮ ਹੋਵੇ, ਅੱਜ ਵੀ ਮਹੂਰਤ ਦੇਖੇ ਬਿਨਾਂ ਨਹੀਂ ਕੀਤਾ ਜਾਂਦਾ। ਭਾਵੇਂ ਪੰਜੇ ਉਂਗਲਾਂ ਇਕਸਾਰ ਨਹੀਂ ਹੁੰਦੀਆਂ, ਸਮਾਜ ਵਿੱਚ ਅਗਾਂਹਵਧੂ ਲੋਕ ਵੀ ਹਨ ਜੋ ਇਨ੍ਹਾਂ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦੇ ਚੱਕਰਾਂ ਵਿੱਚ ਨਹੀਂ ਪੈਂਦੇ, ਪਰ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ। ਇਸ ਕਾਰਨ ਸਾਡੇ ਸਮਾਜ ਵਿੱਚ ਸਦੀਆਂ ਤੋਂ ਕਈ ਅੰਧ-ਵਿਸ਼ਵਾਸ ਅਤੇ ਵਹਿਮ-ਭਰਮ ਉਵੇਂ ਦੇ ਉਵੇਂ ਚੱਲੇ ਆ ਰਹੇ ਹਨ।**



ਅਜੋਕੇ ਸਮੇਂ ਬਹੁਤ ਸਾਰੇ ਲੋਕ ਵਹਿਮਾਂ-ਭਰਮਾਂ ਵਿੱਚ ਪੈ ਕੇ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਅਖੌਤੀ ਸਿਆਣਿਆਂ ਜਾਂ ਤਾਂਤਰਿਕਾਂ ਤੇ ਬਾਬਿਆਂ ਕੋਲ ਜਾਂਦੇ ਹਨ। ਇਹ ਲੋਕ ਅੰਧ-ਵਿਸ਼ਵਾਸੀ ਲੋਕਾਂ ਦੀ ਆਰਥਿਕ ਅਤੇ ਮਾਨਸਿਕ ਲੁੱਟ ਸ਼ਰ੍ਹੇਆਮ ਕਰਦੇ ਹਨ। ਇਨ੍ਹਾਂ ਤਾਂਤਰਿਕਾਂ ਜਾਂ ਅਖੌਤੀ ਬਾਬਿਆਂ ਕੋਲ ਮਰਦਾਂ ਦੇ ਮੁਕਾਬਲੇ ਔਰਤਾਂ ਵਧੇਰੇ ਜਾਂਦੀਆਂ ਹਨ, ਕਿਉਂਕਿ ਉਹ ਜਲਦੀ ਘਬਰਾ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਪਤੀ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਦਿੰਦੇ। ਇਸਤਰੀਆਂ ਵਿੱਚ ਆਪਣੀਆਂ ਸਮੱਸਿਆਵਾਂ ਅਤੇ ਆਪਣੇ ਪਰਿਵਾਰ ਦੇ ਵੇਰਵੇ ਵਧੇਰੇ ਵਿਸਥਾਰ ਵਿੱਚ ਦੱਸਣ ਦੀ ਸੁਭਾਵਿਕ ਰੁਚੀ ਹੁੰਦੀ ਹੈ, ਪਰ ਇਹ ਚੁਸਤ ਤਾਂਤਰਿਕ ਜਾਂ ਅਖੌਤੀ ਸਿਆਣੇ, ਬਾਬੇ ਅਦਿ ਇਨ੍ਹਾਂ ਔਰਤਾਂ ਦੇ ਪਹਿਰਾਵੇ ਆਦਿ ਤੋਂ ਸਹੀ ਅਨੁਮਾਨ ਲਗਾ ਕੇ, ਇਨ੍ਹਾਂ ਨੂੰ ਪ੍ਰਭਾਵਿਤ ਕਰਕੇ ਅਕਸਰ ਆਰਥਿਕ ਲੁੱਟ ਕਰਦੇ ਹਨ ਅਤੇ ਕਈ ਥਾਵਾਂ 'ਤੇ ਜਿਸਮਾਨੀ ਲੁੱਟ ਦੀਆਂ ਖ਼ਬਰਾਂ ਵੀ ਸੁਣਨ-ਪੜ੍ਹਨ ਨੂੰ ਮਿਲੀਆਂ ਹਨ।

ਅੰਧ ਵਿਸ਼ਵਾਸ, ਵਹਿਮ-ਭਰਮ ਤੇ ਪਖੰਡ ਵਿੱਚ ਵਾਧਾ ਕਰਨ ਲਈ ਅੱਜਕੱਲ੍ਹ ਅਨੇਕਾਂ ਪਾਖੰਡੀ ਜੋਤਸ਼ੀ ਤੇ ਤਾਂਤਰਿਕ ਅਹਿਮ ਰੋਲ ਨਿਭਾ ਰਹੇ ਹਨ, ਜੋ ਆਪਣੇ ਪੈਂਫਲਿਟ ਜਾਂ ਪੋਸਟਰ ਛਪਵਾ ਕੇ ਜਨਤਕ ਥਾਵਾਂ 'ਤੇ ਲਗਾ ਦਿੰਦੇ ਹਨ। ਉਹ ਆਪਣੇ ਇਸ਼ਤਿਹਾਰਾਂ ਵਿੱਚ ਲਿਖਦੇ ਹਨ ਸੌਕਣ ਤੋਂ ਛੁਟਕਾਰਾ, ਲਵ-ਮੈਰਿਜ, ਵਸ਼ੀਕਰਨ, ਪ੍ਰੇਮ ਸਬੰਧਾਂ ਵਿੱਚ ਅਸਫਲਤਾ, ਮਨ ਚਾਹੀ ਲੜਕੀ ਨਾਲ ਵਿਆਹ ਆਦਿ। ਜਿੱਥੇ ਇਹ ਇਨ੍ਹਾਂ ਦੇ ਝਾਂਸੇ ਵਿੱਚ ਆਏ ਲੋਕਾਂ ਦੀ ਚੰਗੀ ਆਰਥਿਕ ਲੁੱਟ ਕਰਦੇ ਹਨ, ਉੱਥੇ ਕਈ ਕੇਸਾਂ ਵਿੱਚ ਇਹ ਘਰੇਲੂ ਸਬੰਧਾਂ ਵਿੱਚ ਸ਼ੱਕ ਪੁਆ ਦਿੰਦੇ ਹਨ। ਕਈਆਂ ਵਿੱਚ ਲੜਾਈ ਝਗੜੇ ਅਤੇ ਕਈਆਂ ਨੂੰ ਮਾਨਸਿਕ ਤੌਰ 'ਤੇ ਬਿਮਾਰ ਕਰਕੇ ਉਨ੍ਹਾਂ ਨੂੰ ਆਤਮਹੱਤਿਆ ਜਿਹਾ ਕਦਮ ਉਠਾਉਣ ਲਈ ਵੀ ਮਜਬੂਰ ਕਰ ਦਿੰਦੇ ਹਨ।

ਇਸ ਤਰ੍ਹਾਂ ਦੇ ਵਹਿਮ-ਭਰਮ, ਅੰਧ ਵਿਸ਼ਵਾਸ ਸਾਡੇ ਸਮਾਜ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹਨ। ਭਾਵੇਂ ਭਾਰਤ ਦੇ ਅੰਧ-ਵਿਸ਼ਵਾਸੀ ਸਮਾਜ ਨੂੰ ਆਧੁਨਿਕ ਲੀਹਾਂ 'ਤੇ ਢਾਲਣਾ ਬੜਾ ਵੱਡਾ ਕਾਰਜ ਹੈ, ਪਰ ਅੱਜ ਲੋੜ ਹੈ ਸਮੇਂ ਨੂੰ ਪਹਿਚਾਨਣ ਦੀ ਤੇ ਉਸ ਨਾਲ ਚੱਲਣ ਦੀ। ਉਸ ਨਾਲ ਹੀ ਸਾਡੀ ਤਰੱਕੀ ਹੈ, ਨਾ ਕਿ ਵਹਿਮਾਂ ਭਰਮਾਂ, ਅੰਧ-ਵਿਸ਼ਵਾਸਾਂ ਵਿੱਚ ਪੈ ਕੇ ਕੁਝ ਹੋ ਸਕਦਾ ਹੈ। ਸਾਨੂੰ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਵਿੱਚੋਂ ਨਿਕਲ ਕੇ ਜ਼ਿੰਦਗੀ ਜਿਉਣ ਦੀ ਲੋੜ ਹੈ।

**ਸੰਪਰਕ:** 80547-57806



# ਸਮਝੋ ਰਿਸ਼ਤਿਆਂ ਦੀ ਅਹਿਮੀਅਤ

**ਸੁਰਿੰਦਰ ਕੌਰ ਮਾਨਸਾ**

**ਰਿਸ਼ਤੇ** ਨਵਿਆਉਣ ਦੀ ਯੋਗਤਾ ਹਰ ਇੱਕ ਇਨਸਾਨ ਵਿੱਚ ਨਹੀਂ ਹੁੰਦੀ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਹਰ ਇੱਕ ਰਿਸ਼ਤਾ

ਸਾਰੀ ਜ਼ਿੰਦਗੀ ਪੂਰੇ ਪਿਆਰ ਅਤੇ ਸਤਿਕਾਰ ਨਾਲ ਬਣਿਆ ਰਹੇ, ਇਹ ਖ਼ੁਸ਼ੀ ਹਰ ਵਿਅਕਤੀ ਦੇ ਹਿੱਸੇ ਨਹੀਂ ਆਉਂਦੀ। ਹਾਂ! ਕੁਝ ਖ਼ੁਸ਼ ਕਿਸਮਤ ਇਨਸਾਨ ਵੀ ਹੁੰਦੇ ਹਨ, ਜਿਨ੍ਹਾਂ ਦੇ ਕਾਫ਼ੀ ਨਜ਼ਦੀਕੀ ਰਿਸ਼ਤੇ ਸਾਰੀ ਉਮਰ ਪਿਆਰ, ਨਿੱਘ ਅਤੇ ਸਤਿਕਾਰ ਭਰੇ ਬਣੇ ਰਹਿੰਦੇ ਹਨ। ਉਹ ਲੋਕ ਸਿਰਫ਼ ਉਂਗਲਾਂ 'ਤੇ ਗਿਣੇ ਜਾਣ ਜਿੰਨੇ ਹੀ ਹੁੰਦੇ ਹਨ।

ਰਿਸ਼ਤੇ ਆਮ ਤੌਰ 'ਤੇ ਦੋ ਤਰ੍ਹਾਂ ਦੇ ਹੁੰਦੇ ਹਨ-ਇੱਕ ਖ਼ੂਨ ਦੇ ਰਿਸ਼ਤੇ ਜੋ ਹਰ ਇੱਕ ਆਦਮੀ ਨੂੰ ਕੁਦਰਤ ਵੱਲੋਂ ਮਿਲਦੇ ਹਨ। ਦੂਜੀ ਕਿਸਮ ਦੇ ਰਿਸ਼ਤੇ ਉਹ ਹੁੰਦੇ ਹਨ, ਜਿਨ੍ਹਾਂ ਨੂੰ ਇਨਸਾਨ ਸਮਾਜ ਵਿੱਚ ਵਿਚਰਦੇ ਹੋਏ ਆਪਣੀਆਂ ਜ਼ਰੂਰਤਾਂ ਅਨੁਸਾਰ ਆਪ ਬਣਾਉਂਦਾ ਹੈ। ਹਰ ਰਿਸ਼ਤਾ ਚਾਹੇ ਉਹ ਖ਼ੂਨ ਦਾ ਹੈ ਜਾਂ ਆਪਣੇ ਆਪ ਬਣਾਇਆ ਹੋਵੇ, ਹਰ ਰਿਸ਼ਤੇ ਦੀ ਆਪਣੀ ਅਹਿਮੀਅਤ ਹੁੰਦੀ ਹੈ। ਹਰ ਇਨਸਾਨ ਨੂੰ ਚਾਹੀਦਾ ਤਾਂ ਇਹ ਹੈ ਕਿ ਆਪਣੇ ਸਾਰੇ ਰਿਸ਼ਤਿਆਂ ਨੂੰ ਬਣਦੇ ਮਾਣ ਸਤਿਕਾਰ ਨਾਲ ਨਿਭਾਉਂਦਾ ਹੋਇਆ, ਆਪ ਵੀ ਖ਼ੁਸ਼ ਰਹੇ ਅਤੇ ਦੂਸਰਿਆਂ ਨੂੰ ਵੀ ਖ਼ੁਸ਼ ਰੱਖੇ। ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਦੋਵੇਂ ਪਾਸਿਆਂ ਤੋਂ ਸਹਿਯੋਗ ਮਿਲੇ। ਇੱਕ ਤਰਫ਼ ਤੋਂ ਜਿੰਨਾ ਮਰਜ਼ੀ ਕੋਈ ਕੋਸ਼ਿਸ਼ ਕਰੇ, ਰਿਸ਼ਤੇ ਜੋੜ ਕੇ ਰੱਖਣੇ ਮੁਸ਼ਕਿਲ ਹੀ ਨਹੀਂ ਅਸੰਭਵ ਹੁੰਦੇ ਹਨ।

ਅੱਜ-ਕੱਲ੍ਹ ਸਮਾਜ ਵਿੱਚ ਇਨ੍ਹਾਂ ਦੋ ਰਿਸ਼ਤਿਆਂ ਤੋਂ ਇਲਾਵਾ ਤੀਸਰੀ ਕਿਸਮ ਦੇ ਰਿਸ਼ਤੇ ਦੇਖਣ ਵਿੱਚ ਆ ਰਹੇ ਹਨ। ਜਿਨ੍ਹਾਂ ਨੂੰ ਮਤਲਬੀ ਜਾਂ ਲਾਲਚ ਦੇ ਰਿਸ਼ਤੇ ਕਹਿ ਸਕਦੇ ਹਾਂ। ਇਸ ਤਰ੍ਹਾਂ ਬਣਾਏ ਜਾਣ ਵਾਲੇ ਰਿਸ਼ਤੇ ਟਿਕਾਊ ਨਾ ਹੋ ਕੇ ਥੋੜ੍ਹੇ ਸਮੇਂ ਲਈ ਬਣਾਏ ਜਾਂਦੇ ਹਨ। ਲਾਲਚ ਜਾਂ ਮਤਲਬ ਪੂਰਾ ਹੋਣ ਮਗਰੋਂ ਰਿਸ਼ਤੇ ਜਿੰਨੀ ਤੇਜ਼ੀ ਨਾਲ ਬਣਾਏ ਜਾਂਦੇ ਹਨ, ਉਸ ਤੋਂ ਵੀ ਜ਼ਿਆਦਾ ਤੇਜ਼ ਰਫ਼ਤਾਰ ਨਾਲ ਖਤਮ ਹੋ ਜਾਂਦੇ ਹਨ। ਅਜਿਹੇ ਰਿਸ਼ਤਿਆਂ ਵਿੱਚ ਇੱਕ ਧਿਰ ਆਪਣੀ ਚੁਸਤੀ ਕਰਕੇ ਖ਼ੁਸ਼ੀ ਮਹਿਸੂਸ ਕਰਦੀ ਹੈ ਅਤੇ ਦੂਜੀ ਧਿਰ ਆਪਣੇ ਆਪ ਨੂੰ ਠੱਗਿਆ ਹੋਇਆ ਸਮਝ ਕੇ ਆਪਣੀ ਬੇਵਕੂਫ਼ੀ ਉੱਪਰ ਪਛਤਾਉਂਦੀ ਹੋਈ ਨਜ਼ਰ ਆਉਂਦੀ ਹੈ। ਇਹ ਰਿਸ਼ਤੇ ਕਦੇ ਵੀ ਜ਼ਿਆਦਾ ਦੇਰ ਨਹੀਂ ਚੱਲਦੇ।

ਸਿਆਣੇ ਕਹਿੰਦੇ ਹਨ ਕਿ ਜ਼ਿੰਦਗੀ ਦੀ ਹਰ ਖ਼ੁਸ਼ੀ ਆਪਣਿਆਂ ਨਾਲ ਸਾਂਝੀ ਕਰਕੇ ਦੁੱਗਣੀ ਹੋ ਜਾਂਦੀ ਹੈ। ਜ਼ਿੰਦਗੀ ਦੇ ਦੁੱਖ ਜਾਂ ਗ਼ਮ ਆਪਣਿਆਂ ਨਾਲ ਵੰਡ ਕੇ ਅੱਧੇ ਰਹਿ ਜਾਂਦੇ ਹਨ। ਪਰ ਇਹ ਸਿਆਣਿਆਂ ਦੀਆਂ ਕਹੀਆਂ ਹੋਈਆਂ ਗੱਲਾਂ ਦਾ ਨਾ ਤਾਂ ਅੱਜ-ਕੱਲ੍ਹ ਦੀ ਪੀੜ੍ਹੀ ਕੋਲ ਸੁਣਨ ਦਾ ਸਮਾਂ ਹੈ ਅਤੇ ਨਾ ਹੀ ਸਮਝਣ ਦੀ ਸਮਰੱਥਾ ਹੈ। ਇਹੀ ਕਾਰਨ ਹੈ ਕਿ ਹਰ ਆਦਮੀ ਲੋਕਾਂ ਦੀ ਭੀੜ ਵਿੱਚ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰ ਰਿਹਾ ਹੈ ਅਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਿਹਾ ਹੈ। ਜੇਕਰ ਆਪਣੇ ਸਾਰੇ ਦਿਨ ਦਾ ਲੇਖਾ ਜੋਖਾ ਪਰਿਵਾਰ ਦੇ ਸਾਰੇ ਮੈਂਬਰ ਸ਼ਾਮ ਨੂੰ ਖਾਣੇ ਦੇ ਮੇਜ਼ 'ਤੇ ਬੈਠਦੇ ਸਮੇਂ ਆਪਸ ਵਿੱਚ ਸਾਂਝਾ ਕਰੇ ਤਾਂ ਜ਼ਿੰਦਗੀ ਦੀਆਂ ਅੱਧੀਆਂ ਤੋਂ ਜ਼ਿਆਦਾ ਮੁਸ਼ਕਲਾਂ ਤਾਂ ਆਰਾਮ ਨਾਲ ਹੀ ਖਤਮ ਹੋ ਜਾਂਦੀਆਂ ਹਨ। ਬਾਕੀ ਰਹਿੰਦੀਆਂ ਮੁਸ਼ਕਲਾਂ ਪਰਿਵਾਰ ਦੇ ਸਾਰੇ ਮੈਂਬਰ ਮਿਲ ਕੇ ਹੱਲ ਕਰ ਸਕਦੇ ਹਨ।

ਪੁਰਾਣੇ ਸਮੇਂ ਵਿੱਚ ਜਦੋਂ ਸਾਂਝੇ ਪਰਿਵਾਰ ਹੁੰਦੇ ਸਨ ਤਾਂ ਸਮਾਜ ਵਿੱਚ ਬਿਮਾਰੀਆਂ, ਪਰੇਸ਼ਾਨੀਆਂ, ਦੁੱਖ ਅਤੇ ਕਲੇਸ਼ ਨਾਂਮਾਤਰ ਹੁੰਦੇ ਸਨ। ਗ਼ਮ ਜਾਂ ਮੁਸ਼ਕਲਾਂ ਇੱਕ ਇਕੱਲੇ ਇਨਸਾਨ ਦੀਆਂ ਨਾ ਹੋ ਕੇ ਸਾਰੇ ਪਰਿਵਾਰ ਹੀ ਨਹੀਂ ਸਾਰੇ ਪਿੰਡ ਦੀਆਂ ਸਾਂਝੀਆਂ ਹੁੰਦੀਆਂ ਸਨ। ਇਸ ਕਰਕੇ ਉਨ੍ਹਾਂ ਦਾ ਭਾਰ ਵੀ ਸਭ ਉੱਪਰ ਇੱਕੋ ਜਿੰਨਾ ਪੈਣ ਕਾਰਨ ਇਕੱਲੇ ਆਦਮੀ ਦੇ ਹਿੱਸੇ ਬਹੁਤ ਘੱਟ ਪੈਂਦਾ ਸੀ। ਛੋਟੀ ਉਮਰ ਦੇ ਬੱਚੇ, ਜਵਾਨ ਜਾਂ ਨਵੇਂ ਵਿਆਹੇ ਜੋੜੇ ਤਾਂ ਚਿੰਤਾਵਾਂ ਤੋਂ ਮੁਕਤ ਵਰਗੇ ਹੀ ਹੁੰਦੇ ਸਨ ਕਿਉਂਕਿ ਪਰਿਵਾਰਾਂ ਦੇ ਬਜ਼ੁਰਗ ਇਨ੍ਹਾਂ ਸਭ ਮਸਲਿਆਂ ਦੇ ਹੱਲ ਆਪਣੀ ਉਮਰ ਦੇ ਲੋਕਾਂ ਦੀ ਸਲਾਹ ਨਾਲ ਅਤੇ ਆਪਣੇ ਲੰਬੀ ਉਮਰ ਦੇ ਤਜਰਬਿਆਂ ਤੋਂ ਸੇਧ ਲੈ ਕੇ ਕਰ ਲੈਂਦੇ ਸਨ। ਬਜ਼ੁਰਗਾਂ ਨੇ ਆਪਣੀ ਜੀਵਨ ਯਾਤਰਾ ਵਿੱਚ ਬਹੁਤ ਉਤਰਾਅ ਚੜ੍ਹਾਅ ਵੇਖੇ ਅਤੇ ਹੰਡਾਏ ਹੁੰਦੇ ਸਨ। ਸਿਆਣੇ ਬਜ਼ੁਰਗ ਆਪਣੀ ਜਵਾਨੀ ਸਮੇਂ ਅਣਜਾਣੇ ਵਿੱਚ ਕੀਤੀਆਂ ਗਲਤੀਆਂ ਤੋਂ ਵੀ ਸਿੱਖ ਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਰਸਾਉਣ ਦਾ ਕੰਮ ਕਰਦੇ ਸਨ। ਪਰ ਅੱਜਕੱਲ੍ਹ ਦੇ ਬੱਚੇ ਗਲਤੀਆਂ ਤੋਂ ਸਿੱਖ ਕੇ ਸੁਧਾਰ ਕਰਨ ਦੀ ਬਜਾਏ ਵਾਰ ਵਾਰ ਗਲਤੀਆਂ ਕਰਕੇ ਆਪਣੀ ਜ਼ਿੰਦਗੀ ਵਿੱਚ ਆਪ ਹੀ ਦੁੱਖਾਂ ਦੇ ਪਹਾੜ ਉਸਾਰਦੇ ਦੇਖੇ ਜਾਂਦੇ ਹਨ।

ਗਲਤੀ ਹਰ ਇੱਕ ਆਦਮੀ ਕਰਦਾ ਹੈ, ਪਰ ਜੇਕਰ ਗਲਤੀ ਤੋਂ ਵੀ ਕੁਝ ਸਿੱਖਿਆ ਜਾਵੇ ਤਾਂ ਉਹ ਗਲਤੀ ਨਾ ਹੋ ਕੇ ਆਪਣੇ ਲਈ ਤਾਂ ਸੁੱਖ ਦਾ ਸਾਧਨ ਬਣਦੀ ਹੀ ਹੈ ਸਗੋਂ ਦੂਸਰਿਆਂ ਲਈ ਵੀ ਨਸੀਹਤ ਦਾ ਕੰਮ ਕਰਦੀ ਹੈ। ਇਸ ਕਰਕੇ ਕਹਿੰਦੇ ਹਨ ਕਿ ਭੁੱਲਿਆ ਨਾ ਜਾਣੀਏ, ਜੇਕਰ ਸ਼ਾਮ ਨੂੰ ਘਰ ਮੁੜ ਆਵੇ। ਇਸ ਕਰਕੇ ਅੱਜ ਦੀ ਨੌਜਵਾਨ ਪੀੜ੍ਹੀ ਲਈ ਆਪਣੇ ਰਿਸ਼ਤਿਆਂ ਨੂੰ ਸਮਝਣ ਅਤੇ ਬਣਦਾ ਸਤਿਕਾਰ ਦੇਣ ਦੀ ਪਹਿਲ ਕਰਨ ਦੀ ਬਹੁਤ ਲੋੜ ਹੈ। ਆਪਣੇ ਮਾਤਾ-ਪਿਤਾ ਜਾਂ ਦਾਦੇ-ਦਾਦੀਆਂ, ਨਾਨੇ-ਨਾਨੀਆਂ ਦੇ ਨਾਲ ਸਮਾਂ ਗੁਜ਼ਾਰਦੇ ਹੋਏ ਉਨ੍ਹਾਂ ਦੀ ਜ਼ਿੰਦਗੀ ਦੇ ਚੰਗੇ ਤਜਰਬਿਆਂ ਨੂੰ ਗ੍ਰਹਿਣ ਕਰਨ ਅਤੇ ਮਾੜਿਆਂ ਤੋਂ ਆਪਣੇ ਆਪ ਨੂੰ ਦੂਰ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਕਿ ਅਸੀਂ ਆਪਣੇ ਸਮਾਜ ਦੀਆਂ ਪੁਰਾਣੀਆਂ ਕਦਰਾ ਕੀਮਤਾਂ ਅਨੁਸਾਰ ਆਪਣੇ ਰੀਤੀ ਰਿਵਾਜਾਂ ਨੂੰ ਜਿਉਂਦਾ ਹੀ ਨਾ ਰੱਖੀਏ ਸਗੋਂ ਅੱਗੇ ਤੋਂ ਹੋਰ ਵੀ ਵਧੀਆ ਬਣਾ ਸਕੀਏ।

**ਸੰਪਰਕ:** 94630-20665



Sri Satguru Jagjit Singh Ji eLibrary NamdhariElibrary@gmail.com

ਛੋਟਾ ਪਰਦਾ

ਧਰਮਪਾਲ

# ਰਚਨਾ ਮਿਸਤਰੀ ਦਾ ਕਠਿਨ ਸਫ਼ਰ



**ਸਟਾਰ** ਭਾਰਤ ਦੇ ਹਾਲ ਹੀ ਵਿੱਚ ਲਾਂਚ ਕੀਤੇ ਗਏ ਸ਼ੋਅ 'ਨਾ ਉਮਰ ਕੀ ਸੀਮਾ ਹੋ' ਵਿੱਚ ਵਿਧੀ ਦੇ ਰੂਪ ਵਿੱਚ ਰਚਨਾ ਮਿਸਤਰੀ ਦਰਸ਼ਕਾਂ ਦੀ ਪਸੰਦ ਦੇ ਸਿਖਰ 'ਤੇ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਇੱਕ ਸਾਧਾਰਨ ਮੱਧ ਵਰਗੀ ਪਰਿਵਾਰ ਦੀ ਕੁੜੀ ਵਿਧੀ ਦਾ ਕਿਰਦਾਰ ਨਿਭਾ ਕੇ ਉਸ ਨੂੰ ਦਰਸ਼ਕਾਂ ਦਾ ਅਥਾਹ ਪਿਆਰ ਮਿਲ ਰਿਹਾ ਹੈ। 'ਨਾ ਉਮਰ ਕੀ ਸੀਮਾ ਹੋ' ਵਿੱਚ ਮੁੱਖ ਭੂਮਿਕਾ ਨਿਭਾਉਣ ਤੋਂ ਪਹਿਲਾਂ ਰਚਨਾ ਮਿਸਤਰੀ ਕਈ ਭੂਮਿਕਾਵਾਂ ਨਿਭਾ ਚੁੱਕੀ ਹੈ। ਰਚਨਾ ਨੇ ਆਪਣੇ ਪ੍ਰਸ਼ੰਸਕਾਂ ਅਤੇ ਦਰਸ਼ਕਾਂ ਦਾ ਧੰਨਵਾਦ ਕਰਦੇ ਹੋਏ ਆਪਣੇ ਅਦਾਕਾਰੀ ਕਰੀਅਰ ਵਿੱਚ ਹੁਣ ਤੱਕ ਦੇ ਸਫ਼ਰ ਬਾਰੇ ਕਈ ਖਾਸ ਗੱਲਾਂ ਸਾਂਝੀਆਂ ਕੀਤੀਆਂ।

ਰਚਨਾ ਮਿਸਤਰੀ ਕਹਿੰਦੀ ਹੈ, "ਮੇਰਾ ਰਾਹ ਬਹੁਤ ਮੁਸ਼ਕਲਾਂ ਅਤੇ ਸਖ਼ਤ ਮਿਹਨਤ ਨਾਲ ਭਰਿਆ ਹੋਇਆ ਸੀ, ਜਿਸ ਕਾਰਨ ਮੈਂ ਆਪਣੀ ਜ਼ਿੰਦਗੀ ਵਿੱਚ ਇ ਸ ਮੁਕਾਮ 'ਤੇ ਪਹੁੰਚੀ ਹਾਂ। ਇਹ ਇੱਕ ਹੌਲੀ ਪ੍ਰਕਿਰਿਆ ਹੈ ਅਤੇ ਸਫਲ ਹੋਣ ਦਾ ਇੱਕੋ ਇੱਕ ਰਸਤਾ ਹੈ। ਆਪਣੇ ਅਤੇ ਆਪਣੀ ਕਾਬਲੀਅਤ 'ਤੇ ਵਿਸ਼ਵਾਸ ਕਰਨਾ।"

ਉਹ ਅੱਗੇ ਕਹਿੰਦੀ ਹੈ, "ਜੇਕਰ ਤੁਹਾਡੇ ਕੋਲ ਪ੍ਰਤਿਭਾ ਹੈ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਦ੍ਰਿੜ ਇਰਾਦਾ ਹੈ, ਤਾਂ ਤੁਸੀਂ ਜੀਵਨ ਵਿੱਚ ਜ਼ਰੂਰ ਸਫਲ ਹੋਵੋਗੇ। ਪ੍ਰਸਿੱਧੀ ਵੀ ਮੈਨੂੰ ਆਸਾਨੀ ਨਾਲ ਨਹੀਂ ਮਿਲੀ, ਮੈਂ ਕਈ ਸਾਲਾਂ ਤੱਕ ਸਖ਼ਤ ਮਿਹਨਤ ਕੀਤੀ ਅਤੇ ਮੈਂ ਕਦੇ ਵੀ ਕਿਸੇ ਨੂੰ ਇਨਕਾਰ ਨਹੀਂ ਕੀਤਾ। ਉਹ ਭੂਮਿਕਾ ਜੋ ਮੇਰੇ ਲਈ ਆਈ ਮੈਂ ਉਸ ਨੂੰ ਕੀਤਾ, ਕਿਉਂਕਿ ਹਰ ਕਿਰਦਾਰ ਨੇ ਮੈਨੂੰ ਕੁਝ ਸਿੱਖਣ ਅਤੇ ਆਪਣੀ ਕਲਾ ਨੂੰ ਸੁਧਾਰਨ ਵਿੱਚ ਮਦਦ ਕੀਤੀ ਹੈ। ਇਸ ਲਈ, ਕਦੇ ਵੀ ਹਾਰ ਨਾ ਮੰਨੋ ਅਤੇ ਹਮੇਸ਼ਾਂ ਆਪਣੇ ਯਤਨਾਂ ਵਿੱਚ ਆਪਣਾ ਸਭ ਤੋਂ ਵਧੀਆ ਦਿਓ, ਭਾਵੇਂ ਉਹ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ।"

ਦੇਵ ਅਤੇ ਵਿਧੀ ਦੀ ਦੋਸਤੀ ਲਗਾਤਾਰ ਵਧਦੀ ਜਾ ਰਹੀ ਹੈ। ਕੀ ਇਹ ਵਧਦੀ ਨੇੜਤਾ ਇਨ੍ਹਾਂ ਦੋਵਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਦੇ ਯੋਗ ਹੋਵੇਗੀ? ਦੇਖਦੇ ਹਾਂ ਕਿ ਕਿਸਮਤ ਇਨ੍ਹਾਂ ਨੂੰ ਇੱਕ-ਦੂਜੇ ਦੀ ਜ਼ਿੰਦਗੀ ਦਾ ਹਿੱਸਾ ਕਿਵੇਂ ਬਣਾਵੇਗੀ? ਅਤੇ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕਹਾਣੀ ਕਿਵੇਂ ਅੱਗੇ ਵਧਦੀ ਹੈ।

## ਨਵੇਂ ਸ਼ੋਅ ਨਾਲ ਜੁੜੀ ਫਰੀਦਾ ਦਾਦੀ



**ਸੋਨੀ** ਐਂਟਰਟੇਨਮੈਂਟ ਟੈਲੀਵਿਜ਼ਨ ਦਾ ਪਰਿਵਾਰਕ ਡਰਾਮਾ 'ਅਪਨਾਪਨ ... ਬਦਲਤੇ ਰਿਸ਼ਤੋਂ ਕਾ ਬੰਧਨ' ਦੀ ਕਹਾਣੀ ਇੱਕ ਵੱਖ ਹੋਏ ਜੋੜੇ ਨਿਖਿਲ (ਸਿਜ਼ੈਨ ਖਾਨ) ਅਤੇ ਪੱਲਵੀ (ਰਾਜਸ਼੍ਰੀ ਠਾਕੁਰ) ਦੇ ਜੀਵਨ ਦੁਆਲੇ ਘੁੰਮਦੀ ਹੈ। ਜਦੋਂ ਕਿ ਕਹਾਣੀ ਵੱਖ-ਵੱਖ ਮੋੜਾਂ ਨਾਲ ਅੱਗੇ ਵਧ ਰਹੀ ਹੈ, ਦਰਸ਼ਕ ਅੱਗੇ ਦੇਖਣਗੇ ਕਿ ਕਿਵੇਂ ਨਿਖਿਲ ਇੱਕ ਵੱਡਾ ਸਹਾਰਾ ਬਣ ਕੇ ਆਉਂਦਾ ਹੈ ਅਤੇ ਪੱਲਵੀ ਦਾ ਘਰ ਵਾਪਸ ਪ੍ਰਾਪਤ ਕਰਦਾ ਹੈ।

ਇਸ ਨਾਲ ਪੱਲਵੀ ਦੀ ਮਾਂ ਸ੍ਰੀਮਤੀ ਗੁਲਾਟੀ ਬਹੁਤ ਖ਼ੁਸ਼ ਹੈ। ਸਾਰੇ ਬੱਚੇ ਬਰਖਾ, ਮੰਨਾ, ਬਾਦਲ ਅਤੇ ਗਗਨ ਵੀ ਇਸ ਤੋਂ ਬਹੁਤ ਖ਼ੁਸ਼ ਹਨ। ਹਾਲਾਂਕਿ ਪੱਲਵੀ ਨੂੰ ਇਹ ਮਨਜ਼ੂਰ ਨਹੀਂ ਹੈ, ਪਰ ਉਹ ਆਪਣੇ ਬੱਚਿਆਂ ਲਈ ਨਿਖਿਲ ਦੇ ਨਾਲ ਇੱਕ ਵੱਡੇ ਪਰਿਵਾਰ ਵਜੋਂ ਘਰ ਵਿੱਚ ਰਹਿਣ ਦਾ ਫ਼ੈਸਲਾ ਕਰਦੀ ਹੈ। ਨਿਖਿਲ ਅਤੇ ਪੱਲਵੀ ਦੀ ਜ਼ਿੰਦਗੀ ਵਿੱਚ ਹੁਣ ਨਿਖਿਲ ਦੀ ਮਾਂ ਲਈ ਕੁਝ ਮੋੜ ਦੇਖਣ ਨੂੰ ਮਿਲਣਗੇ, ਜੋ ਇਹ ਸੋਚ ਕੇ ਵਾਪਸ ਆਉਂਦੀ ਹੈ ਕਿ ਦੋਵੇਂ ਇੱਕ ਹੋ ਗਏ ਹਨ।

ਮਸ਼ਹੂਰ ਅਭਿਨੇਤਰੀ ਫਰੀਦਾ ਦਾਦੀ ਇਸ ਸ਼ੋਅ ਵਿੱਚ ਨਿਖਿਲ ਦੀ ਮਾਂ ਦੀ ਭੂਮਿਕਾ ਨਿਭਾਏਗੀ, ਜਿਸ ਨੇ ਟੈਲੀਵਿਜ਼ਨ ਜਗਤ ਵਿੱਚ ਆਪਣੇ ਕਮਾਲ ਦੇ ਕੰਮ ਕਰਕੇ ਬਹੁਤ ਪ੍ਰਸਿੱਧੀ ਹਾਸਲ ਕੀਤੀ ਹੈ। ਨਿਖਿਲ ਦੀ ਮਾਂ ਹਮੇਸ਼ਾਂ ਆਪਣੇ ਬੇਟੇ ਅਤੇ ਹੁਣ ਉਸ ਦੀ ਸਾਬਕਾ ਪਤਨੀ ਪੱਲਵੀ ਦਾ ਸਮਰਥਨ ਕਰਦੀ ਰਹੀ ਹੈ। ਉਹ ਪੱਲਵੀ ਨਾਲ ਨਿਖਿਲ ਦੇ ਵਿਆਹ ਦੀ ਵੀ ਵੱਡੀ ਸਮਰਥਕ ਸੀ। ਉਸ ਨੇ ਆਪਣੇ ਪੁੱਤਰ ਨੂੰ ਉਦੋਂ ਹੀ ਛੱਡ ਦਿੱਤਾ ਜਦੋਂ ਉਸ ਨੇ ਆਪਣੀ ਪਤਨੀ ਨਾਲ ਰਿਸ਼ਤਾ ਖਤਮ ਕਰਨ ਦਾ ਫੈਸਲਾ ਕਰ ਲਿਆ ਸੀ। ਇਸ ਦੌਰਾਨ ਉਸ ਨੂੰ ਨਿਖਿਲ ਅਤੇ ਪੱਲਵੀ ਨੂੰ ਟੈਲੀਵਿਜ਼ਨ 'ਤੇ ਨਿਕ ਜੇ ਦੇ ਰੈਸਟੋਰੈਂਟ ਵਿੱਚ ਫੂਡ ਮੇਲੇ ਦਾ ਇਕੱਠੇ ਪ੍ਰਚਾਰ ਕਰਦੇ ਦੇਖ ਕੇ ਹੈਰਾਨੀ ਹੁੰਦੀ ਹੈ। ਇਹ ਖ਼ਬਰ ਉਸ ਨੂੰ ਉਮੀਦ ਦੀ ਕਿਰਨ ਦਿੰਦੀ ਹੈ ਅਤੇ ਉਹ ਇੱਕ ਵਾਰ ਫਿਰ ਨਿਖਿਲ ਅਤੇ ਪੱਲਵੀ ਦੇ ਨਾਲ ਰਹਿਣ ਦਾ ਫੈਸਲਾ ਕਰਦੀ ਹੈ।

ਆਪਣੇ ਕਿਰਦਾਰ ਬਾਰੇ ਗੱਲ ਕਰਦਿਆਂ ਇਸ ਮਸ਼ਹੂਰ ਅਦਾਕਾਰਾ ਦਾ ਕਹਿਣਾ ਹੈ, "ਮੈਂ ਆਪਣੇ ਕਿਰਦਾਰ ਨਾਲ ਮਜ਼ਬੂਤੀ ਨਾਲ ਜੁੜਦੀ ਹਾਂ ਕਿਉਂਕਿ ਉਹ ਲੋਕਾਂ ਵਿੱਚ ਚੰਗੀਆਂ ਚੀਜ਼ਾਂ ਦੇਖਦੀ ਹੈ, ਜਿਵੇਂ ਮੈਂ ਆਪਣੇ ਅਸਲ ਜੀਵਨ ਵਿੱਚ ਕਰਦੀ ਹਾਂ। ਉਹ ਹਮੇਸ਼ਾਂ ਆਪਣੇ ਬੇਟੇ ਨਿਖਿਲ ਅਤੇ ਪੱਲਵੀ ਦੇ ਰਿਸ਼ਤੇ ਦੇ ਪੱਖ ਵਿੱਚ ਰਹਿੰਦੀ ਹੈ। ਉਸ ਦੇ ਪੁੱਤਰ ਅਤੇ ਪੱਲਵੀ ਦੀ ਜ਼ਿੰਦਗੀ ਵਿੱਚ ਮੌਜੂਦਾ ਉਥਲ-ਪੁਥਲ ਅਤੇ ਜਦੋਂ ਉਨ੍ਹਾਂ ਵਿਚਕਾਰ ਚੀਜ਼ਾਂ ਕੰਮ ਨਹੀਂ ਕਰਦੀਆਂ ਤਾਂ ਉਹ ਦੁਖੀ ਹੋ ਜਾਂਦੀ ਹੈ। ਉਹ ਉਸ ਨੂੰ ਟੀਵੀ 'ਤੇ ਦੇਖਦੀ ਹੈ ਅਤੇ ਫਿਰ ਉਸ ਦੇ ਨਾਲ ਰਹਿਣ ਲਈ ਮੇਰਠ ਜਾਣਾ ਚਾਹੁੰਦੀ ਹੈ। ਪੱਲਵੀ ਅਤੇ ਨਿਖਿਲ ਦੀ ਜ਼ਿੰਦਗੀ ਵਿੱਚ ਉਨ੍ਹਾਂ ਦੀ ਐਂਟਰੀ ਪਰਿਵਾਰਕ ਸਬੰਧਾਂ ਵਿੱਚ ਬਦਲਾਅ ਲਿਆਵੇਗੀ ਕਿਉਂਕਿ ਇਹ ਉਨ੍ਹਾਂ ਨੂੰ ਇਕੱਠੇ ਕਰੇਗੀ, ਪਰ ਕੀ ਉਸ ਦਾ ਕਿਰਦਾਰ ਪਰਿਵਾਰ ਨੂੰ ਇਕਜੁੱਟ ਕਰਨ ਅਤੇ ਪੱਲਵੀ ਅਤੇ ਨਿਖਿਲ ਵਿਚਕਾਰ ਮਸਲਿਆਂ ਨੂੰ ਸੁਲਝਾਉਣ ਲਈ ਕੰਮ ਕਰੇਗਾ? ਇਹ ਜਾਣਨ ਲਈ ਦਰਸ਼ਕਾਂ ਨੂੰ ਇੰਤਜ਼ਾਰ ਕਰਨਾ ਹੋਵੇਗਾ।

## ਕਰਨ ਪਾਹਵਾ ਦਾ ਅਲੱਗ ਅਵਤਾਰ

**ਅਦਾਕਾਰ** ਕਰਨ ਪਾਹਵਾ ਨੂੰ ਦਰਸ਼ਕਾਂ ਨੇ ਹੁਣ ਤੱਕ 'ਬਾਲਿਕਾ ਵਧੂ', 'ਯੇ ਰਿਸ਼ਤਾ ਕਯਾ ਕਹਿਲਾਤਾ ਹੈ' ਵਰਗੇ ਕਈ ਮਸ਼ਹੂਰ ਟੀਵੀ ਸ਼ੋਅ'ਜ਼ ਵਿੱਚ ਰੁਮਾਂਟਿਕ ਕਿਰਦਾਰ ਨਿਭਾਉਂਦੇ ਦੇਖਿਆ ਹੈ। ਪਰ ਹੁਣ ਪਹਿਲੀ ਵਾਰ ਕਰਨ ਸਬ ਟੀਵੀ ਦੇ ਸ਼ੋਅ 'ਅਲੀ ਬਾਬਾ-ਦਾਸਤਾਨ-ਏ-ਕਾਬੁਲ' ਵਿੱਚ ਕਾਸਟਿਊਮ ਡਰਾਮਾ ਕਰਦਾ ਹੋਇਆ ਨਜ਼ਰ ਆ ਰਿਹਾ ਹੈ। ਇੰਨਾ ਹੀ ਨਹੀਂ ਇਸ ਸ਼ੋਅ ਵਿੱਚ ਉਹ ਕਈ ਤਰ੍ਹਾਂ ਦੇ ਸਟੰਟ, ਐਕਸ਼ਨ ਵੀ ਕਰਦਾ ਨਜ਼ਰ ਆਵੇਗਾ। ਜਿਵੇਂ ਕਿ ਤੁਸੀਂ ਸਾਰਿਆਂ ਨੇ ਸ਼ੋਅ ਦੇ ਨਾਮ ਤੋਂ ਅੰਦਾਜ਼ਾ ਲਗਾਇਆ ਹੋਵੇਗਾ ਕਿ ਇਹ ਬਹੁਤ ਮਸ਼ਹੂਰ ਕਹਾਣੀ ਅਲੀ ਬਾਬਾ ਅਤੇ ਚਾਲੀ ਚੋਰਾਂ 'ਤੇ ਆਧਾਰਿਤ ਹੈ।

ਆਪਣੇ ਇਸ ਸ਼ਾਨਦਾਰ ਅਵਤਾਰ ਬਾਰੇ ਕਰਨ ਪਾਹਵਾ ਦਾ ਕਹਿਣਾ ਹੈ ਕਿ "ਮੈਂ ਪਹਿਲੀ ਵਾਰ ਇਸ ਤਰ੍ਹਾਂ ਦਾ ਸ਼ੋਅ ਕਰ ਰਿਹਾ ਹਾਂ, ਹੁਣ ਤੱਕ ਦਰਸ਼ਕਾਂ ਨੇ ਮੈਨੂੰ ਕਈ ਰੁਮਾਂਟਿਕ ਅਵਤਾਰਾਂ ਵਿੱਚ ਦੇਖਿਆ ਹੈ, ਪਰ ਹੁਣ ਉਹ ਮੈਨੂੰ ਐਕਸ਼ਨ ਵਿੱਚ ਵੀ ਦੇਖਣਗੇ ਅਤੇ ਸ਼ਾਨਦਾਰ ਪੁਸ਼ਾਕ ਵਿੱਚ ਵੀ। ਮੇਰੇ ਕਿਰਦਾਰ ਦਾ ਨਾਮ ਜਹਾਂਗੀਰ ਹੈ ਜੋ ਐਕਸ਼ਨ ਨਾਲ ਭਰਪੂਰ ਹੈ। ਮੈਨੂੰ ਕਾਸਟਿੰਗ ਡਾਇਰੈਕਟਰ ਤਰਨਵੀਰ ਦਾ ਇਸ ਕਿਰਦਾਰ ਦੇ ਆਡੀਸ਼ਨ ਲਈ ਫੋਨ ਆਇਆ ਅਤੇ ਇਸ ਕਿਰਦਾਰ ਨੂੰ ਸਮਝਦਿਆਂ ਮੈਂ ਆਡੀਸ਼ਨ ਦਿੱਤਾ ਅਤੇ ਚੁਣਿਆ ਗਿਆ। ਮੈਂ ਆਪਣੇ ਕਿਰਦਾਰ ਬਾਰੇ ਬਹੁਤ ਉਤਸ਼ਾਹਿਤ ਹਾਂ। ਮੈਂ ਹਮੇਸ਼ਾਂ ਅਜਿਹਾ ਕੁਝ ਕਰਨਾ ਚਾਹੁੰਦਾ ਸੀ, ਜੋ ਮੈਨੂੰ ਹੁਣ ਮਿਲਿਆ ਹੈ।"

ਉਮੀਦ ਹੈ ਕਿ ਜਿਸ ਤਰ੍ਹਾਂ ਕਰਨ ਪਾਹਵਾ ਨੇ ਆਪਣੇ ਪਿਛਲੇ ਸ਼ੋਅ'ਜ਼ ਰਾਹੀਂ ਦਰਸ਼ਕਾਂ ਦਾ ਦਿਲ ਜਿੱਤਿਆ ਸੀ, ਉਸੇ ਤਰ੍ਹਾਂ ਉਹ ਇੱਕ ਵਾਰ ਫਿਰ ਐਕਸ਼ਨ ਕਰਕੇ ਦਰਸ਼ਕਾਂ ਦੇ ਦਿਲਾਂ ਵਿੱਚ ਉਤਰੇਗਾ।



# ਸੰਤੁਸ਼ਟੀ ਦਾ ਰਾਹ ਅਪਣਾਓ



ਗੋਪਾਲ ਸ਼ਰਮਾ



**ਅੱਜਕੱਲ੍ਹ** ਸਭ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਦੇਖਣ ਨੂੰ ਮਿਲਦੀਆਂ ਹਨ। ਜਿਸ ਨੂੰ ਮਰਜ਼ੀ ਛੇੜ ਲਵੋ, ਉਹੀ ਕਹਿੰਦਾ ਹੈ, "ਮੇਰੇ ਜਿੰਨਾ ਕੋਈ ਦੁਖੀ ਨਹੀਂ ਹੈ। ਜਿਵੇਂ ਰੱਬ ਨੇ ਸਾਰੇ ਜਹਾਨ ਦੀਆਂ ਮੁਸੀਬਤਾਂ ਮੇਰੇ ਹੀ ਲੇਖਾਂ ਵਿੱਚ ਲਿਖ ਦਿੱਤੀਆਂ ਹਨ।" ਹਰ ਸ਼ਖ਼ਸ ਕਿਸੇ ਨਾ ਕਿਸੇ ਗੱਲੋਂ ਪਰੇਸ਼ਾਨ ਹੈ। ਕਿਸੇ ਨੂੰ ਪਰਿਵਾਰ ਦਾ ਸਹੀ ਢੰਗ ਨਾਲ ਪਾਲਣ ਪੋਸ਼ਣ ਕਰਨ ਦੀ ਚਿੰਤਾ ਹੈ, ਤਾਂ ਕਿਸੇ ਨੂੰ ਆਪਣੇ ਕੰਮ ਧੰਦੇ ਦੀ। ਕੋਈ ਭਲਾਮਾਣਸ ਸੰਸਾਰ ਦੀ ਬੁਰੀ ਹਾਲਤ ਨੂੰ ਦੇਖ ਕੇ ਫਿਕਰਮੰਦ ਹੈ ਤਾਂ ਕੋਈ ਆਪਣੇ ਆਪ ਤੋਂ ਹੀ ਤੰਗ ਹੈ। ਕਿਸੇ ਦੀ ਆਤਮਾ ਔਲਾਦ ਪੱਖੋਂ ਤੜਫ਼ਦੀ ਹੈ। ਕਈ ਲੋਕ ਰਿਸ਼ਤੇਦਾਰਾਂ ਅਤੇ ਸਰਕਾਰਾਂ ਆਦਿ ਤੋਂ ਜ਼ਿਆਦਾ ਦੁਖੀ ਹਨ, ਪਰ ਜੇ ਪਹਿਲਾਂ ਗੱਲ ਪਰਿਵਾਰ ਦੀ ਕਰੀਏ ਤਾਂ ਘਰ ਪਰਿਵਾਰ ਬਿਨਾਂ ਜ਼ਿੰਦਗੀ ਦੀ ਕੋਈ ਹੋਂਦ ਨਹੀਂ ਰਹਿ ਜਾਂਦੀ।

ਪਰਿਵਾਰ ਇਨਸਾਨ ਨੂੰ ਰੱਬ ਦੀ ਬਖ਼ਸ਼ੀ ਉਹ ਦਾਤ ਹੈ ਜਿਸ ਦਾ ਮੁਕਾਬਲਾ ਦੁਨੀਆ ਦੀ ਕੋਈ ਵੀ ਵਸਤੂ ਨਹੀਂ ਕਰ ਸਕਦੀ ਕਿਉਂਕਿ ਹਰ ਸੁੱਖ, ਹਰ ਖ਼ੁਸ਼ੀ ਪਰਿਵਾਰ ਨਾਲ ਜੁੜੀ ਹੋਈ ਹੈ। ਆਪਣਿਆਂ ਤੋਂ ਬਿਨਾਂ ਜ਼ਿੰਦਗੀ ਦੀ ਹਰ ਸੌਗਾਤ ਅਧੂਰੀ ਲੱਗਦੀ ਹੈ। ਪਰਿਵਾਰ ਵਿਅਕਤੀ ਦੇ ਸਿਰਫ਼ ਜਿਉਣ ਦਾ ਸਹਾਰਾ ਨਹੀਂ ਹੈ। ਬਲਕਿ ਗ੍ਰਹਿਸਥ ਜੀਵਨ ਬਿਨਾਂ ਉਸ ਦਾ ਸਹੀ ਮਾਅਨੇ ਵਿੱਚ ਗੁਜ਼ਾਰਾ ਨਹੀਂ ਹੈ। ਇੱਕ ਖੁਸ਼ਹਾਲ ਪਰਿਵਾਰ ਵਿਅਕਤੀ ਦੀ ਕਾਮਨਾ ਵੀ ਹੈ ਅਤੇ ਉਸ ਦਾ ਹੌਸਲਾ ਵੀ ਹੈ। ਇਸ ਲਈ ਆਪਣੇ ਟੱਬਰ ਅਤੇ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਨੂੰ ਆਪਣੇ ਉੱਪਰ ਬੋਝ ਨਾ ਸਮਝੋ ਕਿਉਂਕਿ ਵਿਆਹ ਤੋਂ ਬਾਅਦ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣਾ ਮਨੁੱਖ ਦਾ ਫਰਜ਼ ਵੀ ਹੈ ਅਤੇ ਧਰਮ ਵੀ ਹੈ। ਕਬੀਲਦਾਰੀ ਦੇ ਚੱਲਦਿਆਂ ਦੁਨਿਆਵੀ ਕਾਰਜਾਂ ਨੂੰ ਪੂਰਾ ਕਰਦਿਆਂ ਤੰਗੀਆਂ ਤੁਰਸ਼ੀਆਂ ਅਤੇ ਦੇਣੇ-ਲੈਣੇ ਚੱਲਦੇ ਹੀ ਰਹਿੰਦੇ ਹਨ। ਵੱਸਦੇ ਘਰਾਂ ਅੰਦਰ ਇੱਕ ਦੂਸਰੇ ਨਾਲ ਅਕਸਰ ਕਿਹਾ ਸੁਣੀ ਹੁੰਦੀ ਰਹਿੰਦੀ ਹੈ ਕਿਉਂਕਿ ਜਿੱਥੇ ਦੋ ਭਾਂਡੇ ਹੋਣਗੇ, ਉਹ ਖੜਕਣਗੇ ਵੀ। ਸਮੇਂ ਅਨੁਸਾਰ ਪਰਿਵਾਰਾਂ ਦਾ ਅੱਡ ਹੋਣਾ, ਜਾਇਦਾਦਾਂ ਵਿੱਚ ਵੰਡੀਆਂ ਪੈਣਾ ਸਾਡੇ ਸਮਾਜ ਵਿੱਚ ਆਮ ਗੱਲ ਹੈ, ਪਰ ਵਧੀਆ ਹੋਵੇਗਾ ਜੇਕਰ ਲੋਕਾਂ ਨੂੰ ਤਮਾਸ਼ਾ ਦਿਖਾਉਣ ਦੀ ਥਾਂ ਆਪਸੀ ਰਜ਼ਾਮੰਦੀ ਨਾਲ ਦੋ ਚੁੱਲ੍ਹੇ ਬਣਾ ਲਏ ਜਾਣ।

ਮਨਾਂ ਵਿੱਚ ਖਟਾਸ ਪੈਦਾ ਕਰਨ ਨਾਲੋਂ ਸ਼ਾਂਤੀ ਨਾਲ ਮਿਲ ਬੈਠ ਕੇ ਹੀ ਨਿਪਟਾਰਾ ਕਰ ਲਿਆ ਜਾਵੇ ਤਾਂ ਚੰਗਾ ਹੈ ਕਿਉਂਕਿ ਅੱਗ ਚੁੱਲ੍ਹਿਆਂ ਵਿੱਚ ਹੀ ਬਲਦੀ ਚੰਗੀ ਲੱਗਦੀ ਹੈ, ਕਲੇਜੇ ਅੰਦਰ ਨਹੀਂ। ਸ਼ਾਂਤੀ ਨਾਲ ਇਕੱਠੇ ਬੈਠ ਕੇ ਵਿਚਾਰ ਵਟਾਂਦਰਾ ਕਰਕੇ ਘਰੇਲੂ ਤੌਰ 'ਤੇ ਪੇਸ਼ ਆ ਰਹੀਆਂ ਉਲਝਣਾਂ ਨੂੰ ਸੁਲਝਾਉਣ ਵਿੱਚ ਹੀ ਸਾਰੇ ਪਰਿਵਾਰ ਦੀ ਭਲਾਈ ਹੈ। ਬਾਕੀ ਪਤੀ-ਪਤਨੀ ਵਿਚਕਾਰ ਕਿਸੇ ਨਾ ਕਿਸੇ ਗੱਲੋਂ ਤੂੰ-ਤੂੰ, ਮੈਂ-ਮੈਂ ਹੋਣਾ ਤਾਂ ਹਰ ਘਰ ਵਿੱਚ ਨਿੱਤ ਦੀ ਕਹਾਣੀ ਹੈ, ਪਰ ਦੋਵੇਂ ਜਣਿਆਂ ਨੂੰ ਇਸ ਗੱਲ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਨਿੱਕੀ ਜਿਹੀ ਗੱਲ ਵੀ ਕਿਧਰੇ ਰਾਈ ਦਾ ਪਹਾੜ ਨਾ ਬਣ ਜਾਵੇ। ਕਹਿੰਦੇ ਹਨ ਕਿ ਕਲੇਸ਼ ਦਾ ਮੂੰਹ ਕਾਲਾ ਹੁੰਦਾ ਹੈ।

ਵਿਆਹ ਦਾ ਮਤਲਬ ਸੱਤ ਜਨਮਾਂ ਦਾ ਸਾਥ ਹੈ। ਟੁਕੜਿਆਂ ਦੀ ਤਰ੍ਹਾਂ ਜ਼ਿੰਦਗੀ ਜਿਉਣ ਦਾ ਫੈਸਲਾ ਨਾ ਕਰੋ। ਔਰਤ ਤੇ ਮਰਦ ਪਰਿਵਾਰ ਦੀ ਗੱਡੀ ਦੇ ਦੋ ਪਹੀਏ ਹੁੰਦੇ ਹਨ। ਇਸ ਲਈ ਪਰਿਵਾਰ ਦੀ ਇੱਜ਼ਤ ਅਤੇ ਆਪਣੇ ਬੱਚਿਆਂ ਦੇ ਭਵਿੱਖ ਵੱਲ ਵੇਖ ਕੇ ਇੱਕ ਦੂਜੇ ਦੀਆਂ ਮਜਬੂਰੀਆਂ ਨੂੰ ਸਮਝੋ। ਛੋਟੀਆਂ ਛੋਟੀਆਂ ਗੱਲਾਂ ਨੂੰ ਤਵੱਜੋ ਦੇਣ ਦੀ ਬਜਾਏ ਇੱਕ ਦੂਸਰੇ ਦੀਆਂ ਭਾਵਨਾਵਾਂ ਦੀ ਕਦਰ ਕਰੋ ਤਾਂ ਜੋ ਖੁਸ਼ੀਆਂ ਘਰ ਦੇ ਬੂਹੇ 'ਤੇ ਦਸਤਕ ਦਿੰਦੀਆਂ ਰਹਿਣ।

ਦੂਜਾ ਜੀਵਨ ਨਿਰਵਾਹ ਲਈ ਕਿਰਤ ਕਰਨਾ ਜ਼ਰੂਰੀ ਹੈ। ਕਿਰਤ ਢਿੱਡ ਭਰਨ ਦੇ ਨਾਲ ਨਾਲ ਸਾਡੇ ਅਰਮਾਨ ਵੀ ਪੂਰੇ ਕਰਦੀ ਹੈ। ਇਨ੍ਹਾਂ ਨਾਲ ਸਮਾਜ ਵਿੱਚ ਸਾਡੀ ਵੱਖਰੀ ਪਹਿਚਾਣ ਬਣਦੀ ਹੈ। ਇਸ ਲਈ ਆਪਣੇ ਰੁਜ਼ਗਾਰ ਦਾ ਸਦਾ ਸਤਿਕਾਰ ਕਰੋ। ਹਾਂ! ਕੰਮ ਧੰਦਿਆਂ ਵਿੱਚ ਨਫਾ, ਨੁਕਸਾਨ, ਮੰਦਾ ਚੰਗਾ ਚੱਲਦਾ ਹੀ ਰਹਿੰਦਾ ਹੈ। ਬਸ! ਲੋੜ ਹੈ ਤਾਂ ਹੌਸਲਾ ਬਣਾਈ ਰੱਖਣ ਦੀ। ਤਰੱਕੀ ਲਈ ਆਪਣੀ ਯੋਗਤਾ ਦਾ ਇਸਤੇਮਾਲ ਕਰਕੇ ਅਤੇ ਮਿਹਨਤ ਨਾਲ ਖੁਦ ਨੂੰ ਇੱਕ ਬਿਹਤਰ ਇਨਸਾਨ ਸਾਬਤ ਕਰਨ ਦੀ ਕੋਸ਼ਿਸ਼ ਕਰੋ। ਨੇਕ ਕਮਾਈ ਵਿੱਚ ਹਮੇਸ਼ਾਂ ਬਰਕਤ ਹੁੰਦੀ ਹੈ। ਬੇਸ਼ੱਕ ਜੀਵਨ ਵਿੱਚ ਉਤਰਾਅ- ਚੜ੍ਹਾਅ ਆਉਂਦੇ ਰਹਿੰਦੇ ਹਨ, ਪਰ ਜੀਵਨ ਨੂੰ ਖੁਸ਼ਹਾਲ ਬਣਾਇਆ ਜਾ ਸਕਦਾ ਹੈ। ਬਸ! ਲੋੜ ਹੈ ਤਾਂ ਜੀਵਨ ਪ੍ਰਤੀ ਆਪਣਾ ਨਜ਼ਰੀਆ ਬਦਲਣ ਦੀ। ਵੈਸੇ ਵੀ ਇਕੱਲਾ ਇਨਸਾਨ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਕਦੀ ਨਹੀਂ ਹੁੰਦਾ, ਥੋੜ੍ਹਾ ਬਹੁਤ ਕਸੂਰ ਸਭ ਦਾ ਹੁੰਦਾ ਹੈ। ਇਕੱਲੇ ਆਪਣੇ ਆਪ ਨੂੰ ਦੋਸ਼ੀ ਮੰਨ ਕੇ ਖੁਦ ਨੂੰ ਕਿਸੇ ਵੀ ਤਰ੍ਹਾਂ ਦੀ ਸਜ਼ਾ ਦੇਣਾ ਅਕਲਮੰਦੀ ਨਹੀਂ ਹੈ। ਇਹ ਸੰਸਾਰ ਦੁਖਾਂ ਤਕਲੀਫਾਂ ਦਾ ਘਰ ਹੈ।

ਦੂਜਾ ਬਹੁਤੀਆਂ ਸਿਰਦਰਦੀਆਂ ਤਾਂ ਬੰਦੇ ਨੇ ਆਪਣੇ ਨਾਲ ਐਂਵੇ ਹੀ ਸਹੇੜੀਆਂ ਹੁੰਦੀਆਂ ਹਨ। ਇਸ ਲਈ ਜੇ ਅਸੀ ਸਮੱਸਿਆਵਾਂ ਨੂੰ ਖਤਮ ਨਹੀਂ ਕਰ ਸਕਦੇ, ਘੱਟੋ ਘੱਟ ਸਮੱਸਿਆਵਾਂ ਦੀ ਗਿਣਤੀ ਤਾਂ ਘਟਾ ਹੀ ਸਕਦੇ ਹਾਂ। ਇਹ ਤਾਂ ਆਪਣੇ ਹੱਥ ਹੈ। ਕਈ ਵਾਰ ਕੁਝ ਲੋਕਾਂ ਅਤੇ ਚੀਜ਼ਾਂ ਦੀ ਅਣਦੇਖੀ ਕਰਨਾ ਵੀ ਗਲਤ ਨਹੀਂ ਹੁੰਦਾ। ਕੁਝ ਹਾਲਤਾਂ ਨੂੰ ਵਕਤ ਉੱਤੇ ਛੱਡ ਦੇਣਾ ਹੀ ਠੀਕ ਰਹਿੰਦਾ ਹੈ। ਇੱਕ ਕਹਾਵਤ ਅਨੁਸਾਰ 'ਆਪ ਮਰੇ ਵਗੈਰ ਸਵਰਗ ਨਸੀਬ ਨਹੀਂ ਹੁੰਦਾ।' ਇਸ ਲਈ ਭਾਵੇਂ ਰਿਸ਼ਤੇਦਾਰ ਹੋਣ ਜਾਂ ਸਰਕਾਰਾਂ ਦੂਜਿਆਂ ਤੋਂ ਬਹੁਤੀ ਉਮੀਦ ਰੱਖਣਾ ਵੀ ਦੁੱਖਾਂ ਦਾ ਕਾਰਨ ਬਣਦਾ ਹੈ। ਸੋ ਖੁਦ 'ਤੇ ਭਰੋਸਾ ਰੱਖੋ ਅਤੇ ਕੰਮ ਕਰਕੇ ਖਾਣ ਬਾਰੇ ਸੋਚੋ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸਮਾਜ ਵਿੱਚ ਰਹਿੰਦਿਆਂ ਸਾਨੂੰ ਕਿਸੇ ਦੀ ਮਦਦ ਨਹੀਂ ਕਰਨੀ ਚਾਹੀਦੀ ਜਾਂ ਲੋੜ ਪੈਣ 'ਤੇ ਖੁਦ ਕਿਸੇ ਤੋਂ ਸਹਾਇਤਾ ਨਹੀਂ ਮੰਗਣੀ ਚਾਹੀਦੀ, ਪਰ ਸਹਾਇਤਾ ਕਰਨ ਜਾਂ ਮੰਗਣ ਤੋਂ ਪਹਿਲਾਂ ਐਨਾ ਜ਼ਰੂਰ ਸੋਚ ਲਵੋ ਕਿ ਆਪਣੀ ਜਾਂ ਦੂਜੇ ਦੀ ਮਦਦ ਦਾ ਨਤੀਜਾ ਆਉਣ ਵਾਲੇ ਸਮੇਂ ਵਿੱਚ ਤੁਹਾਡੇ ਜੀਅ ਦਾ ਜੰਜਾਲ ਨਾ ਬਣ ਜਾਵੇ। ਇਸ ਤੋਂ ਇਲਾਵਾ ਕਿਸੇ ਦੀ ਜੀਵਨਸ਼ੈਲੀ ਵਿੱਚ ਬਹੁਤੀ ਦਖਲਅੰਦਾਜ਼ੀ ਕਰਨਾ ਵੀ ਚੰਗਾ ਨਹੀਂ ਹੁੰਦਾ ਕਿਉਂਕਿ ਸਭ ਦੇ ਘਰ ਦਾ ਮਾਹੌਲ ਵੱਖਰਾ ਹੁੰਦਾ ਹੈ। ਹਰ ਮੈਂਬਰ ਦਾ ਸੁਭਾਅ ਅਲੱਗ ਅਲੱਗ ਹੁੰਦਾ ਹੈ। ਦੂਜਾ ਸਲਾਹ ਤੇ ਸਾਥ ਵੀ ਕਿਸੇ ਹੱਦ ਤੱਕ ਹੀ ਚੰਗੇ ਲੱਗਦੇ ਹਨ।

ਕਿਸੇ ਦੀ ਜ਼ਿੰਦਗੀ ਨੂੰ ਆਪਣੇ ਮੁਤਾਬਿਕ ਚਲਾਉਣ ਦੀ ਕੋਸ਼ਿਸ਼ ਨਾ ਕਰੋ। ਬੇਮਤਲਬ ਦੀਆਂ ਫਿਕਰਾਂ ਅਤੇ ਝਮੇਲੇ ਜੀਵਨ ਨੂੰ ਨਰਕ ਬਣਾ ਦਿੰਦੇ ਹਨ, ਪਰ ਆਪਣੀਆਂ ਕਰਤੂਤਾਂ ਕਾਰਨ ਅਸੀਂ ਕਈ ਵਾਰ ਇਸ ਨੂੰ ਆਤਮਹੱਤਿਆ ਤੱਕ ਪਹੁੰਚਾ ਦਿੰਦੇ ਹਾਂ। ਜ਼ਿੰਦਗੀ ਜਿਉਣ ਦਾ ਨਾਮ ਹੈ ਨਾ ਕਿ ਮਾਯੂਸੀ ਵਿੱਚ ਕੱਟਣ ਦਾ ਨਾਮ। ਇਕੱਲਾ ਇਨਸਾਨ ਬੀਆਵਾਨ ਵਿੱਚ ਖੜ੍ਹੇ ਦਰੱਖਤ ਵਾਂਗ ਹੁੰਦਾ ਹੈ, ਹੱਦੋਂ ਵੱਧ ਮਾਨਸਿਕ ਤਣਾਅ ਗੰਭੀਰ ਤੋਂ ਗੰਭੀਰ ਬਿਮਾਰੀ ਨਾਲੋਂ ਵੀ ਜ਼ਿਆਦਾ ਭਿਆਨਕ ਹੁੰਦਾ ਹੈ। ਇਸ ਲਈ ਦਿਲੋਂ ਦਿਮਾਗ਼ 'ਤੇ ਹਰ ਵਕਤ ਬੋਝ ਪਾਈ ਰੱਖਣਾ ਵੀ ਸਿਹਤ ਲਈ ਨੁਕਸਾਨਦਾਇਕ ਹੈ। ਬਾਕੀ ਸਾਰੇ ਸੁਪਨੇ ਅਤੇ ਸਾਰੀਆਂ ਰੀਝਾਂ ਕਦੇ ਵੀ ਕਿਸੇ ਦੀਆਂ ਪੂਰੀਆਂ ਨਹੀਂ ਹੁੰਦੀਆਂ। ਬਹੁਤ ਕੁਝ ਹੁੰਦਿਆਂ ਹੋਇਆਂ ਵੀ ਹਰ ਸਮੇਂ ਮਰੂੰ ਮਰੂੰ ਕਰੀ ਜਾਣਾ ਵੀ ਕਮਜ਼ੋਰ ਮਾਨਸਿਕਤਾ ਦੀ ਨਿਸ਼ਾਨੀ ਹੈ। ਨਿਰਾ ਪੂਰਾ ਪੈਸਾ ਅਤੇ ਸਹੂਲਤਾਂ ਵੀ ਬੰਦੇ ਨੂੰ ਸੁੱਖ ਪ੍ਰਦਾਨ ਨਹੀਂ ਕਰਦੀਆਂ ਕਿਉਂਕਿ ਜੇ ਅਜਿਹਾ ਹੁੰਦਾ ਤਾਂ ਅਮੀਰ ਲੋਕ ਕਦੀ ਦੁਖੀ ਨਾ ਹੁੰਦੇ, ਉਹ ਨੀਂਦ ਦੀਆਂ ਗੋਲੀਆਂ ਨਾ ਖਾਂਦੇ। ਮਨ ਦੀ ਭਟਕਣਾ ਤਨ ਦੀ ਪੀੜਾ ਨਾਲੋਂ ਜ਼ਿਆਦਾ ਤੜਫ਼ਾਉਂਦੀ ਹੈ। ਸਭ ਇੱਥੇ ਹੀ ਰਹਿ ਜਾਣਾ ਹੈ, ਕੁਝ ਵੀ ਨਾਲ ਨਹੀਂ ਜਾਣਾ।

ਭਾਵੇਂ ਥੋੜ੍ਹੇ ਵਿੱਚ ਹੀ ਸਹੀ, ਪਰ ਆਪਣੀ ਜ਼ਿੰਦਗੀ ਨੂੰ ਸੰਤੁਸ਼ਟੀ ਨਾਲ ਅਤੇ ਹੱਸ ਖੇਡ ਕੇ ਬਿਤਾਉਣ ਦੀ ਕੋਸ਼ਿਸ਼ ਕਰੋ। ਇਸ ਜੀਵਨ ਲਈ ਅਤੇ ਪਰਿਵਾਰ ਲਈ ਰੱਬ ਦਾ ਸ਼ੁਕਰਾਨਾ ਕਰੋ। ਕੁਦਰਤ ਨੇ ਸਾਨੂੰ ਬਹੁਤ ਸਾਰੀਆਂ ਨਿਆਮਤਾਂ ਬਖ਼ਸ਼ੀਆਂ ਹਨ। ਉਨ੍ਹਾਂ ਦਾ ਆਨੰਦ ਮਾਣੋ। ਆਪਣੀ ਸਿਹਤ ਦਾ ਖਿਆਲ ਰੱਖੋ, ਆਪਣੇ ਸ਼ੌਕ ਜਿਉਂਦੇ ਰੱਖੋ। ਛੋਟੀਆਂ ਛੋਟੀਆਂ ਚੀਜ਼ਾਂ ਵਿੱਚੋਂ ਖੁਸ਼ੀਆਂ ਲੱਭਣ ਦੀ ਕੋਸ਼ਿਸ਼ ਕਰੋ। ਆਪਣੇ ਆਪ ਨੂੰ ਖੁਸ਼ ਰੱਖਣ ਦੀ ਆਦਤ ਪਾਓ।

**ਸੰਪਰਕ:** 98564-50006

ਬਾਲ ਕਹਾਣੀ

ਜੋਗਿੰਦਰ ਕੌਰ ਅਗਨੀਹੋਤਰੀ

# ਘੁੱਗੀ ਅਤੇ ਗਾਲ੍ਹੜ



**ਪਿੰਡ** ਵਿੱਚ ਨਹਿਰ ਦੇ ਕੰਢੇ ਰੁੱਖ ਹੀ ਰੁੱਖ ਸਨ। ਉੱਥੇ ਅਨੇਕਾਂ ਪੰਛੀਆਂ ਨੇ ਆਪਣੇ ਆਲ੍ਹਣੇ ਪਾਏ ਹੋਏ ਸਨ। ਕਿਧਰੇ ਘੁੱਗੀਆਂ- ਗੁਟਾਰਾਂ ਨੇ ਤੇ ਕਿਧਰੇ ਬਿਜੜਿਆਂ ਨੇ। ਨਹਿਰ ਦੇ ਕੰਢੇ ਝਾੜੀਆਂ ਵਿੱਚ ਵੀ ਪੰਛੀਆਂ ਨੇ ਆਲ੍ਹਣੇ ਬਣਾਏ ਹੋਏ ਸਨ। ਜੀਵ ਜੰਤੂਆਂ ਨੇ ਤਾਂ ਆਪਣੇ ਰਹਿਣ ਲਈ ਖੁੱਡਾਂ ਬਣਾ ਰੱਖੀਆਂ ਸਨ। ਨਹਿਰ ਦੇ ਕੰਢੇ ਵੱਖ-ਵੱਖ ਕਿਸਮ ਦੇ ਰੁੱਖਾਂ ਵਿੱਚ ਕਿੱਕਰਾਂ, ਬੇਰੀਆਂ ਤੇ ਜੰਡ ਦੇ ਰੁੱਖ ਵੀ ਸਨ। ਸਭ ਜੀਵ ਜੰਤੂ ਤੇ ਪੰਛੀ ਆਪੋ-ਆਪਣੇ ਪੇਟ ਭਰ ਕੇ ਆਪਣੇ ਟਿਕਾਣੇ 'ਤੇ ਆ ਜਾਂਦੇ। ਸਭ ਆਪੋ-ਆਪਣੇ ਕੰਮਾਂ ਵਿੱਚ ਰੁੱਝੇ ਹੋਏ ਸਨ। ਇੱਕ ਗਾਲ੍ਹੜ ਆਪਣੇ ਸਾਥੀ ਨਾਲ ਮਿਲ ਕੇ ਕਿੱਕਰ 'ਤੇ ਆਲ੍ਹਣਾ ਬਣਾਉਣਾ ਚਾਹੁੰਦੀ ਸੀ।

ਸਵੇਰ ਸਾਰ ਹੀ ਉਹ ਦੋਵੇਂ ਆਪਣੇ ਆਲ੍ਹਣੇ ਲਈ ਸਮਾਨ ਢੋਣ ਲੱਗ ਪਏ। ਉਹ ਪਾਟੀਆਂ ਲੀਰਾਂ ਅਤੇ ਕਪਾਹ ਦੀਆਂ ਫੁੱਟੀਆਂ ਵਰਗੀਆਂ ਚੀਜ਼ਾਂ ਲਿਜਾਣ ਲੱਗੇ। ਘੁੱਗੀ ਆਪਣੇ ਆਲ੍ਹਣੇ ਲਈ ਡੱਕੇ ਹੀ ਲਿਜਾ ਰਹੀ ਸੀ ਤੇ ਗਾਲ੍ਹੜ ਨੂੰ ਇਹ ਸਮਾਨ ਲਿਜਾਂਦੇ ਦੇਖ ਕੇ ਉਹ ਹੈਰਾਨ ਹੋ ਰਹੀ ਸੀ। ਕੁਝ ਚਿਰ ਤਾਂ ਘੁੱਗੀ ਚੁੱਪ ਰਹੀ, ਪਰ ਫਿਰ ਉਸ ਤੋਂ ਰਿਹਾ ਨਾ ਗਿਆ। ਉਸ ਨੇ ਗਾਲ੍ਹੜ ਨੂੰ ਪੁੱਛਿਆ, "ਭੈਣ ਜੀ, ਤੁਸੀਂ ਇੰਨਾ ਵਧੀਆ ਘਰ ਬਣਾ ਰਹੇ ਹੋ, ਪਰ ਤੁਸੀਂ ਕੰਡਿਆਂ ਵਾਲੇ ਰੁੱਖ ਦਾ ਖਿਆਲ ਤਾਂ ਰੱਖਣਾ ਸੀ।"

"ਭੈਣ ਜੀ, ਇਹ ਰੁੱਖ ਸਾਡੇ ਲਈ ਵਧੀਆ ਹੈ।"

"ਤੁਹਾਡੇ ਪੈਰਾਂ ਵਿੱਚ ਕੰਡੇ ਚੁੱਭਣਗੇ।"

"ਨਹੀਂ ਸਾਨੂੰ ਇਹ ਮਹਿਸੂਸ ਨਹੀਂ ਹੁੰਦਾ। ਸਾਡੀ ਆਦਤ ਬਣ ਗਈ ਹੈ।"

"ਭੈਣ ਜੀ, ਤੁਹਾਨੂੰ ਰੱਬ ਨੇ ਕਿੰਨਾ ਸੋਹਣਾ ਬਣਾਇਐ।" ਘੁੱਗੀ ਨੇ ਗਾਲ੍ਹੜ ਦੀ ਸੁੰਦਰਤਾ ਦੀ ਤਾਰੀਫ਼ ਕੀਤੀ।

"ਤੁਸੀਂ ਕਿਹੜਾ ਘੱਟ ਸੋਹਣੇ ਓ?"

"ਨਹੀਂ, ਫੇਰ ਵੀ ਸਾਡਾ ਤੁਹਾਡਾ ਫਰਕ ਹੈ। ਤੁਸੀਂ ਆਪ ਹੀ ਸੋਚੋ। ਤੁਹਾਡੇ ਸਿਰ ਤੋਂ ਲੈ ਕੇ ਪੂਛ ਤੱਕ ਤਿੰਨ ਲਕੀਰਾਂ ਕਿੰਨੀਆਂ ਸੋਹਣੀਆਂ ਲੱਗਦੀਆਂ ਹਨ। ਰੱਬ ਨੇ ਵਿਹਲੇ ਵੇਲੇ ਬਣਾਇਆ ਏ ਤੁਹਾਨੂੰ।"

ਗਾਲ੍ਹੜ ਆਪਣੀ ਪ੍ਰਸੰਸਾ ਸੁਣ ਕੇ ਫੁੱਲ ਕੇ ਕੁੱਪਾ ਹੋ ਗਈ। ਇਸ ਤੋਂ ਪਹਿਲਾਂ ਕਿ ਘੁੱਗੀ ਕੋਈ ਹੋਰ ਗੱਲ ਕਰਦੀ, ਗਾਲ੍ਹੜ ਮੁੜ ਉਦਾਸ ਹੋ ਗਈ। ਉਸ ਨੇ ਉਦਾਸ ਹੋ ਕੇ ਕਿਹਾ, "ਸਾਡੀ ਸੁੰਦਰਤਾ ਹੀ ਸਾਡੀ ਮੌਤ ਬਣ ਜਾਂਦੀ ਹੈ।"

"ਕਿਉਂ ਕੀ ਗੱਲ?"

"ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਤਿੰਨ ਲਕੀਰਾਂ ਨੇ ਮਨੁੱਖ ਦੇ ਅੰਦਰ ਇਹ ਭਰਮ ਬਣਾ ਦਿੱਤਾ ਕਿ ਸਾਡੇ ਸਿਰ ਵਿੱਚ ਪੈਸੇ ਹਨ। ਪਹਿਲਾਂ ਪਹਿਲ ਚਾਰ ਆਨੇ ਕਿਹਾ ਜਾਂਦਾ ਸੀ, ਪਰ ਹੁਣ ਇਹ ਪੰਜ ਰੁਪਏ ਬਣ ਗਏ।"

"ਅੱਛਾ !" ਘੁੱਗੀ ਨੇ ਹੈਰਾਨੀ ਪ੍ਰਗਟਾਈ।

"ਇਸੇ ਲਾਲਚ ਵਾਸਤੇ ਸਾਨੂੰ ਪੱਥਰ ਮਾਰਨ ਲੱਗੇ। ਪੱਥਰ ਮਾਰਨ ਨਾਲ ਕਿੰਨਿਆਂ ਦੀ ਮੌਤ ਹੋ ਗਈ, ਪਰ ਪੈਸੇ ਫੇਰ ਵੀ ਨਾ ਮਿਲੇ।"

"ਇਹ ਤਾਂ ਬਹੁਤ ਮਾੜੀ ਗੱਲ ਐ।"

"ਪੈਸੇ ਦੇ ਲਾਲਚ ਵਿੱਚ ਆਦਮੀ ਅੰਨ੍ਹਾ ਹੋ ਜਾਂਦਾ ਹੈ। ਉਹ ਆਪਣੇ ਫਾਇਦੇ ਲਈ ਕਿਸੇ ਦਾ ਵੀ ਨੁਕਸਾਨ ਕਰ ਸਕਦਾ ਹੈ।"

"ਇਹੋ ਜਿਹੀ ਗ਼ਲਤੀ ਕਦੇ ਵੀ ਨਹੀਂ ਕਰਨੀ ਚਾਹੀਦੀ।"

"ਜਦੋਂ ਸਾਡੇ ਸਿਰ ਵਿੱਚ ਕੋਈ ਚੀਜ਼ ਹੈ ਈ ਨ੍ਹੀਂ ਫੇਰ ਸਾਨੂੰ ਕਿਉਂ ਮਾਰਦੇ ਨੇ?"

"ਇਹੀ ਤਾਂ ਮੂਰਖਤਾ ਹੈ।"

"ਸਮਝਦਾਰ ਹੋਣ ਦੇ ਬਾਵਜੂਦ ਮਨੁੱਖ ਗ਼ਲਤੀ ਕਰਦਾ ਹੈ। ਆਪਣੇ ਫਾਇਦੇ ਲਈ ਉਹ ਕਿੰਨੇ ਹੀ ਜੀਵ ਜੰਤੂਆਂ ਨੂੰ ਮਾਰਦਾ ਹੈ। ਕੀਟਨਾਸ਼ਕ ਦਵਾਈਆਂ ਨਾਲ ਕਿੰਨੇ ਪੰਛੀ ਅਤੇ ਜੰਤੂ ਮਰਦੇ ਹਨ। ਇਸ ਨੇ ਕਦੇ ਨ੍ਹੀਂ ਸੋਚਿਆ। ਨਾ ਹੀ ਆਪਣੇ ਬੱਚਿਆਂ ਨੂੰ ਸਮਝਾਉਂਦੇ ਨੇ।"

"ਇਹ ਸਮਝ ਤਾਂ ਆਪ ਨੂੰ ਹੀ ਹੋਣੀ ਚਾਹੀਦੀ ਹੈ। ਵਿਗਿਆਨ ਦੇ ਯੁੱਗ ਵਿੱਚ ਵਹਿਮਾਂ-ਭਰਮਾਂ ਦੀ ਕੋਈ ਥਾਂ ਨਹੀਂ।"

"ਜਦੋਂ ਸਾਡੇ ਸਿਰ ਵਿੱਚੋਂ ਅੱਜ ਤੱਕ ਕੁਝ ਨਹੀਂ ਨਿਕਲਿਆ ਤਾਂ ਹੁਣ ਕੀ ਨਿਕਲੇਗਾ? ਐਂਵੇ ਕਾਟੋ ਕਾਟੋ ਕਹਿ ਕੇ ਰੋੜੇ ਮਾਰਨ ਲੱਗ ਜਾਂਦੇ ਨੇ। ਭੁੱਖੇ ਪੈਸਿਆਂ ਦੇ।"

ਇਸ ਤਰ੍ਹਾਂ ਘੁੱਗੀ ਤੇ ਗਾਲ੍ਹੜ ਕਿੰਨਾ ਚਿਰ ਗੱਲਾਂ ਕਰਦੀਆਂ ਰਹੀਆਂ। ਇੰਨੇ ਨੂੰ ਇੱਕ ਬਿੱਲੀ ਨੇ ਘੁੱਗੀ 'ਤੇ ਝਪਟਣ ਦਾ ਯਤਨ ਕੀਤਾ ਤਾਂ ਘੁੱਗੀ ਉੱਡ ਗਈ। ਉਸ ਨੂੰ ਦੇਖ ਗਾਲ੍ਹੜ ਵੀ ਚੁਰੂੰ ਚੁਰੂੰ ਕਰਦੀ ਕਿੱਕਰ 'ਤੇ ਚੜ੍ਹ ਗਈ। ਉਹ ਦੋਵੇਂ ਰੁੱਖ 'ਤੇ ਬੈਠ ਗਈਆਂ। ਬਿੱਲੀ ਨੇ ਹੇਠਾਂ ਖੜ੍ਹ ਕੇ ਹੀ ਉਨ੍ਹਾਂ ਨੂੰ ਮਿਆਊਂ ਮਿਆਊਂ ਕੀਤਾ। ਗਾਲ੍ਹੜ ਤੇ ਘੁੱਗੀ ਚੁੱਪ ਚਾਪ ਬੈਠੀਆਂ ਰਹੀਆਂ। ਕੁੱਤੇ ਦੇ ਭੌਂਕਣ ਦੀ ਆਵਾਜ਼ ਸੁਣ ਕੇ ਬਿੱਲੀ ਭੱਜ ਗਈ।

ਦੋਵਾਂ ਦੇ ਦਿਲ ਡਰ ਨਾਲ ਧੜਕ ਰਹੇ ਸਨ ਕਿਉਂਕਿ ਉਨ੍ਹਾਂ ਦੀ ਜਾਨ ਮਸਾਂ ਹੀ ਬਚੀ ਸੀ। ਫਿਰ ਘੁੱਗੀ, ਗਾਲ੍ਹੜ ਕੋਲ ਆ ਕੇ ਬੋਲੀ, "ਕਿਉਂ, ਦੇਖ ਲਿਆ ਭੈਣ ਜੀ?"

"ਹਾਂ, ਆਪਾਂ ਨੂੰ ਖਾਣਾ ਚਾਹੁੰਦੀ ਸੀ।"

"ਆਪਣੀ ਵਾਰੀ 'ਤੇ ਤਾਂ ਕੁੱਤੇ ਦੇ ਭੌਂਕਣ ਤੋਂ ਲੁਕਦੀ ਫਿਰੇ।"

"ਅਸਲ ਵਿੱਚ ਕਮਜ਼ੋਰ ਨੂੰ ਤਕੜਾ ਖਾਣਾ ਚਾਹੁੰਦਾ ਏ।"

"ਆਪਾਂ ਇੱਕ ਦੂਜੇ ਤੋਂ ਤਾਂ ਬਚਾਅ ਕਰ ਸਕਦੇ ਹਾਂ, ਪਰ ਮਨੁੱਖ ਨੂੰ ਸਬਕ ਨਹੀਂ ਸਿਖਾ ਸਕਦੇ। ਸਭ ਇੱਕੋ ਜਿਹੇ ਨੇ।"

"ਨਹੀਂ ਭੈਣ ਜੀ, ਤੁਸੀਂ ਭੁੱਲੋ ਨਾ। ਮਨੁੱਖ ਨੂੰ ਸਬਕ ਸਿਖਾਉਣ ਵਾਲਾ ਵੀ ਇੱਥੇ ਹੀ ਹੈ।"

"ਉਹ ਕਿੱਥੇ ਐ? ਮੈਨੂੰ ਨ੍ਹੀਂ ਦਿਸਦਾ।"

"ਮਨੁੱਖ ਨੂੰ ਕੁਦਰਤ ਹੀ ਸਬਕ ਸਿਖਾਉਂਦੀ ਹੈ। ਜਦੋਂ ਮਨੁੱਖ ਵਧੀਕੀਆਂ ਕਰਕੇ ਹੱਦਾਂ ਬੰਨੇ ਪਾਰ ਕਰਦਾ ਹੈ ਤਾਂ ਕੁਦਰਤ ਦੀ ਮਾਰ ਪੈਂਦੀ ਹੈ।"

"ਮਾਰਾਂ ਤਾਂ ਪੈਂਦੀਆਂ ਹੀ ਨੇ। ਕਦੇ ਕੋਈ ਭੂਚਾਲ ਕਦੇ ਕੋਈ ਬਿਮਾਰੀ ਜਾਂ ਕੋਈ ਹੋਰ ਆਫ਼ਤ।"

ਘੁੱਗੀ ਤੇ ਗਾਲ੍ਹੜ ਗੱਲਾਂ ਕਰ ਹੀ ਰਹੀਆਂ ਸਨ ਕਿ ਦੋ ਮੁੰਡੇ ਨਹਿਰ 'ਤੇ ਨਹਾਉਣ ਆਏ। ਦੋਵੇਂ ਕਿੰਨਾ ਚਿਰ ਨਹਾਉਂਦੇ ਰਹੇ। ਜਦੋਂ ਨਹਾ ਕੇ ਬਾਹਰ ਨਿਕਲੇ ਤਾਂ ਇੱਕ ਨੇ ਰੋੜਾ ਚੁੱਕਿਆ ਤੇ ਗਾਲ੍ਹੜ ਦੇ ਮਾਰਨ ਲੱਗਾ ਤਾਂ ਦੂਜੇ ਨੇ ਪੁੱਛਿਆ, "ਇਹ ਕੀ ਕਰਦਾ ਏਂ?"

"ਗਾਲ੍ਹੜ ਦੇ ਸਿਰ ਵਿੱਚੋਂ ਪੰਜ ਰੁਪਏ ਕੱਢਾਂਗੇ।"

"ਓਏ ਮੂਰਖਾ! ਗਾਲ੍ਹੜ ਵਿਚਾਰੀ ਦੇ ਸਿਰ ਵਿੱਚ ਸਿੱਕੇ ਕਿੱਥੋਂ ਆ ਗੇ? ਕਿਉਂ ਇੱਕ ਜੀਵ ਨੂੰ ਮਾਰਦਾ ਐਂ। ਜੇ ਕਿਸੇ ਮੂਰਖ ਨੇ ਕਹਿ ਦਿੱਤਾ ਤਾਂ ਇਹ ਗੱਲ ਸੱਚੀ ਬਣ ਗਈ। ਕਦੇ ਵੀ ਲਾਲਚ ਵਿੱਚ ਆ ਕੇ ਕਿਸੇ ਦਾ ਨੁਕਸਾਨ ਨਾ ਕਰੋ।"

ਮੁੰਡੇ ਵਾਪਸ ਚਲੇ ਗਏ। ਘੁੱਗੀ ਤੇ ਗਾਲ੍ਹੜ ਨੇ ਉਨ੍ਹਾਂ ਦੀ ਗੱਲ ਸੁਣ ਲਈ। ਗਾਲ੍ਹੜ ਨੇ ਖ਼ੁਸ਼ ਹੋ ਕੇ ਘੁੱਗੀ ਨੂੰ ਕਿਹਾ, "ਚਲੋ ਨਵੀਂ ਪੀੜ੍ਹੀ ਨੂੰ ਤਾਂ ਸਮਝ ਆ ਜਾਵੇਗੀ ਅਤੇ ਸਾਡਾ ਜੀਵਨ ਸੌਖਾ ਹੋ ਜਾਵੇਗਾ।"

**ਸੰਪਰਕ:** 94178-40323

epaper.punjabitribuneonline.com

Sri Satguru Jagjit Singh Ji eLibrary NamdhariElibrary@gmail.com

# ਵਾਹੀਯੋਗ ਜ਼ਮੀਨ ਦੀ ਦੁਰਵਰਤੋਂ ਅਤੇ ਇਸ ਦੇ ਮਾਰੂ ਅਸਰ

**ਹਰੀਪਾਲ**



**ਜ਼ਮੀਨ ਦੀ ਦੁਰਵਰਤੋਂ ਦੀ ਆਪਣੇ ਨੇੜੇ ਸਭ ਤੋਂ ਵਧੀਆ ਉਦਾਹਰਨ ਪੰਜਾਬ ਹੈ। ਮਾਲਵੇ ਦਾ ਇਲਾਕਾ ਜਿੱਥੇ ਛੋਲੇ, ਕਪਾਹ, ਮੂੰਗਫਲੀ ਆਦਿ ਫ਼ਸਲਾਂ ਹੁੰਦੀਆਂ ਸਨ, ਅੱਜ ਚੌਲ ਪੈਦਾ ਕਰਦਾ ਹੈ। ਇਸ ਇਲਾਕੇ ਨੂੰ ਚੌਲਾਂ ਵਾਲਾ ਬਣਾਉਣ ਲਈ ਕੁਦਰਤ ਨਾਲ ਖਿਲਵਾੜ ਕੀਤਾ ਗਿਆ ਹੈ। ਮਾਲਵੇ ਦੀ ਰੇਤਲੀ ਜ਼ਮੀਨ ਵਿਚ ਮੀਂਹ ਦਾ ਪਾਣੀ ਰਚ ਜਾਂਦਾ ਸੀ ਜਿਹੜਾ ਧਰਤੀ ਵਿਚਲੇ ਪਾਣੀ ਦੇ ਪੱਧਰ ਨੂੰ ਠੀਕ ਰੱਖਦਾ ਸੀ। ਹੁਣ ਲੋਕ ਬੜੀ ਛੇਤੀ ਪੀਣ ਵਾਲੇ ਪਾਣੀ ਨੂੰ ਵੀ ਤਰਸਣਗੇ। ਅੱਜ ਜਿਹੜੀ ਰਸਾਇਣ ਦੇ ਸਿਰ 'ਤੇ ਉਪਜ ਵਧਾਈ ਜਾ ਰਹੀ ਹੈ, ਇਸ ਨੇ ਧਰਤੀ ਨੂੰ ਇੱਕ ਦਿਨ ਬੰਜਰ ਕਰ ਦੇਣਾ ਹੈ ਤੇ ਬੰਜਰ ਹੋਈ ਜ਼ਮੀਨ ਮੌਸਮ ਦਾ ਹੋਰ ਵਿਗਾੜ ਕਰੇਗੀ।**

**ਸਾਡੇ** ਕੋਲ ਛੋਟੀ ਜਿਹੀ ਧਰਤੀ ਹੈ ਜਿਸ ਵਿਚ ਤਿੰਨ ਹਿੱਸੇ ਸਮੁੰਦਰ ਹੈ ਅਤੇ ਬਾਕੀ ਜਿਹੜੀ ਇੱਕ ਚੌਥਾਈ ਧਰਤੀ ਹੈ, ਉਸ ਵਿਚ ਸਿਰਫ 38% ਜ਼ਮੀਨ ਖੇਤੀ ਯੋਗ ਹੈ। ਸਾਡੀ ਧਰਤੀ 'ਤੇ ਅੱਜ ਤਕਰੀਬਨ ਅੱਠ ਅਰਬ ਲੋਕ ਰਹਿੰਦੇ ਹਨ। ਇਹ ਜ਼ਮੀਨ ਅਸੀਮਤ ਨਹੀਂ ਅਤੇ ਇਹ ਹਜ਼ਾਰਾਂ ਲੱਖਾਂ ਜੀਵ-ਜੰਤੂਆਂ, ਜਾਨਵਰਾਂ ਦਾ ਬਸੇਰਾ ਵੀ ਹੈ। ਇਸ ਧਰਤੀ 'ਤੇ ਉਡ ਅਤੇ ਘੁੰਮ ਰਹੇ ਜੀਆ-ਜੰਤ ਅਤੇ ਹਰ ਤਰ੍ਹਾਂ ਦੀ ਬਨਸਪਤੀ ਸਾਨੂੰ ਕੁਦਰਤ ਦਾ ਮਿਲਿਆ ਸ਼ਾਨਦਾਰ ਤੋਹਫਾ ਹੈ। ਅਸੀਂ ਇੱਥੇ ਸਦਾ ਨਹੀਂ ਬੈਠੇ ਰਹਿਣਾ ਪਰ ਇਸ ਛੋਟੀ ਜਿਹੀ ਧਰਤੀ ਦੀ ਬਹੁਤ ਬੁਰੀ ਤਰ੍ਹਾਂ ਦੁਰਵਰਤੋਂ ਹੋ ਰਹੀ ਹੈ ਅਤੇ ਇਹ ਸਭ ਕੁਝ ਵਿਕਾਸ ਦੇ ਨਾਂ 'ਤੇ ਹੋ ਰਿਹਾ ਹੈ।

ਜੇ ਧਰਤੀ ਦੀ ਦੁਰਵਰਤੋਂ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਇੱਕ ਦਿਨ ਖੇਤੀ ਯੋਗ ਜ਼ਮੀਨ ਦੀ ਕਮੀ ਕਰਕੇ, ਮਨੁੱਖ ਅਤੇ ਜੀਵ ਜੰਤੂ ਭੁੱਖ ਨਾਲ਼ ਮਰਨੇ ਸ਼ੁਰੂ ਹੋ ਜਾਣਗੇ; ਪਹਿਲਾਂ ਹੀ ਤੀਹ ਪੈਂਤੀ ਹਜ਼ਾਰ ਇਨਸਾਨ ਭੁੱਖ ਨਾਲ ਮਰ ਰਹੇ ਹਨ ਅਤੇ ਜਾਨਵਰਾਂ ਦੀਆਂ ਹਜ਼ਾਰਾਂ ਨਹੀਂ, ਲੱਖਾਂ ਹੀ ਨਸਲਾਂ ਇਸ ਧਰਤੀ ਤੋਂ ਲੋਪ ਹੋ ਰਹੀਆਂ ਹਨ ਜਾਂ ਮਨੁੱਖ ਦੇ ਲਾਲਚ ਦੀ ਭੇਟਾ ਚੜ੍ਹ ਰਹੀਆਂ ਹਨ। ਸ਼ਹਿਰਾਂ ਦਾ ਲਗਾਤਾਰ ਵਾਧਾ, ਹਰ ਸਾਲ ਲੱਖਾਂ ਏਕੜ ਜ਼ਮੀਨ ਹੜੱਪ ਕਰ ਰਿਹਾ ਹੈ।

ਸ਼ਹਿਰਾਂ ਦੀਆਂ ਸਿਟੀ ਕੌਂਸਲਾਂ ਹਰ ਸਾਲ ਨਵੀਆਂ ਸਬ-ਡਵੀਜ਼ਨਾਂ ਕੱਢਣ ਦਾ ਐਲਾਨ ਕਰਦੀਆਂ ਹਨ। ਕੱਲ੍ਹ ਤੱਕ ਜਿੱਥੇ ਕਣਕ, ਮੱਕੀ, ਸਰੋਂ ਉਗੀ ਹੋਈ ਦੇਖਦੇ ਸਾਂ; ਕੱਲ੍ਹ ਤੱਕ ਜਿੱਥੇ ਦਰੱਖਤਾਂ ਤੋਂ ਪੰਛੀਆਂ ਦੇ ਗਾਉਣ ਦੀਆਂ ਆਵਾਜ਼ਾਂ ਆਉਂਦੀਆਂ ਸਨ; ਕੱਲ੍ਹ ਤੱਕ ਜਿਥੇ ਗਾਵਾਂ ਮੱਝਾਂ ਚਰਦੀਆਂ ਦਿਸਦੀਆਂ ਸਨ; ਅੱਜ ਸ਼ਾਪਿੰਗ ਮਾਲਾਂ ਜਾਂ ਘਰਾਂ ਵਿਚ ਤਬਦੀਲ ਹੋ ਗਏ ਹਨ। ਸ਼ਹਿਰਾਂ ਵਿਚ ਪਾਰਕਾਂ ਵਾਲੀ ਜਗ੍ਹਾ 'ਤੇ ਵੀ ਇਨ੍ਹਾਂ ਬਿਲਡਰਾਂ ਦੀ ਅੱਖ ਹੈ, ਪਤਾ ਨਹੀ ਕਦੋਂ ਕਿਸ ਪਾਰਕ ਦਾ ਭੋਗ ਪੈ ਜਾਵੇ। ਇਨ੍ਹਾਂ ਥਾਵਾਂ 'ਤੇ ਕਿੰਨਾ ਜੀਅ-ਜੰਤ ਰਹਿੰਦਾ ਸੀ, ਉਹ ਸਭ ਖਤਮ ਹੋ ਗਏ ਹਨ। ਇਹ ਫਾਰਮ ਕਿੰਨੇ ਲੋਕਾਂ ਦਾ ਢਿੱਡ ਭਰਦੇ ਸਨ, ਅੱਜ ਕੰਕਰੀਟ ਦੇ ਜੰਗਲ ਬਣ ਗਏ ਹਨ।

ਪਿਛਲੇ ਦਹਾਕੇ ਵਿਚ ਇੰਡੀਆ ਦੀ 16 ਹਜ਼ਾਰ ਵਰਗ ਕਿਲੋਮੀਟਰ ਫਾਰਮਲੈਂਡ, ਸ਼ਹਿਰੀ ਵਿਕਾਸ ਜਾਂ ਵੱਡੇ ਵੱਡੇ ਮਾਰਗ ਬਣਾਉਣ ਵਿਚ ਚਲੀ ਗਈ। ਭਾਰਤ ਦੀ ਤੀਹ ਫ਼ੀਸਦ ਆਬਾਦੀ ਪਹਿਲਾਂ ਹੀ ਭੁੱਖਮਰੀ ਦਾ ਸ਼ਿਕਾਰ ਹੈ। ਕੈਨੇਡਾ ਅਤੇ ਅਮਰੀਕਾ ਤਾਂ ਦਾ ਤਾਂ ਕਹਿਣਾ ਹੀ ਕੀ! ਇੱਥੇ ਤਾਂ ਏਕੜਾਂ ਵਿਚ ਪਿਆ ਹੋਇਆ ਘਰ ਤੁਹਾਡਾ ਸਮਾਜਿਕ ਰੁਤਬਾ ਉਚਾ ਕਰ ਦਿੰਦਾ ਹੈ। ਅਫਸੋਸ! ਇਹ ਸਾਡੇ ਲੋਕਾਂ ਦੀ ਸੋਚ ਹੈ। ਇਸ ਦੁਨੀਆ ਵਿਚ ਵੀਹ ਲੱਖ ਏਕੜ ਖੇਤੀ ਯੋਗ ਜ਼ਮੀਨ ਹਰ ਸਾਲ ਸ਼ਹਿਰ ਅਤੇ ਸੜਕਾਂ ਖਾ ਜਾਂਦੀਆਂ ਹਨ। ਹਜ਼ਾਰਾਂ ਏਕੜ ਜ਼ਮੀਨ ਸੋਨੇ, ਤਾਂਬਾ, ਕੋਇਲੇ ਦੀਆਂ ਖਾਣਾਂ ਦੇ ਧੱਕੇ ਚੜ੍ਹ ਰਹੀ ਹੈ। ਖਣਿਜ ਪਦਾਰਥ ਮੁੱਕਣ 'ਤੇ ਇਨ੍ਹਾਂ ਖਾਣਾਂ ਨੂੰ ਲਾਵਾਰਿਸ ਛੱਡ ਦਿੱਤਾ ਜਾਂਦਾ ਹੈ।

ਧਰਤੀ ਅਤੇ ਪਹਾੜਾਂ ਵਿਚੋਂ ਬਜਰੀ ਕੱਢਣ ਖ਼ਾਤਿਰ ਵੀ ਬਹੁਤ ਸਾਰੀ ਜ਼ਮੀਨ ਜਾ ਰਹੀ ਹੈ। ਜੇਕਰ ਵਿਕਾਸ ਦੀ ਦਰ ਇਹੀ ਰਹੀ ਤਾਂ ਮਨੁੱਖਤਾ ਲਈ ਅੰਨ ਕਿੱਥੋਂ ਆਵੇਗਾ ਕਿਉਂਕਿ ਇਸ ਧਰਤੀ ਦੀ ਆਬਾਦੀ 2050 ਤੱਕ ਦਸ ਅਰਬ ਹੋ ਜਾਣੀ ਹੈ। ਸਾਡੀ ਤਰਾਸਦੀ ਇਹ ਹੈ ਕਿ ਅਸੀਂ ਸਿਰਫ਼ ਅੱਜ ਬਾਰੇ ਸੋਚ ਰਹੇ ਹਾਂ, ਕੱਲ੍ਹ ਦੀ ਚਿੰਤਾ ਅਸੀਂ ਛੱਡ ਦਿੱਤੀ ਹੋਈ ਹੈ। ਇਹ ਅਖੌਤੀ ਵਿਕਾਸ ਧਰਤੀ ਤੋਂ ਬਨਸਪਤੀ ਖਤਮ ਕਰਕੇ ਤਾਪਮਾਨ ਵਧਣ ਦਾ ਕਾਰਨ ਵੀ ਹੈ। ਧਰਤੀ ਦਾ ਵਧ ਰਿਹਾ ਤਾਪਮਾਨ (ਜਿਸ ਲਈ ਮਨੁੱਖੀ ਗਤੀਵਿਧੀਆਂ ਬਹੁਤ ਹੱਦ ਤੱਕ ਜ਼ਿੰਮੇਵਾਰ ਹਨ) ਵੀ ਜ਼ਮੀਨ ਨੂੰ ਵੱਡਾ ਖੋਰਾ ਲਾ ਰਿਹਾ ਹੈ।

ਜੇਕਰ ਧਰਤੀ ਦਾ ਤਾਪਮਾਨ 2 ਡਿਗਰੀ ਵਧ ਗਿਆ ਤਾਂ ਸਮੁੰਦਰ ਦਾ ਪੱਧਰ ਦੋ ਮੀਟਰ ਉਚਾ ਹੋ ਜਾਵੇਗਾ ਅਤੇ ਸੱਤ ਲੱਖ ਵਰਗ ਕਿਲੋਮੀਟਰ ਜ਼ਮੀਨ ਪਾਣੀ ਹੇਠਾਂ ਆ ਜਾਵੇਗੀ; 187.10 ਕਰੋੜ ਲੋਕ ਬੇਘਰੇ ਹੋ ਜਾਣਗੇ। ਵਧ ਰਹੇ ਤਾਪਮਾਨ ਨੇ ਕਿੰਨੇ ਹੀ ਦਰਿਆ ਸੁਕਾ ਦਿੱਤੇ ਹਨ। ਅੱਜ ਕੱਲ੍ਹ ਫਰਾਂਸ ਦੇ ਇੱਕ ਦਰਿਆ ਦਾ ਰੌਲਾ ਪੈ ਰਿਹਾ ਹੈ। ਜਿਸ ਦਰਿਆ ਵਿਚ ਜਹਾਜ਼ਰਾਨੀ ਹੁੰਦੀ ਸੀ, ਰੇਤੇ ਦਾ ਮਾਰੂਥਲ ਬਣ ਗਿਆ ਹੈ। ਦਰਿਆਵਾਂ ਦਾ ਇਹ ਹਾਲ ਦੇਖ ਕੇ ਹੁਣ ਤਾਂ ਪੈਸੇ ਦੇ ਢੇਰਾਂ 'ਤੇ ਬੈਠਣ ਵਾਲਿਆਂ ਨੂੰ ਕੁਝ ਤਾਂ ਸੋਚਣਾ ਚਾਹੀਦਾ ਹੈ। ਜਿਵੇਂ ਸਾਉਣ ਦੇ ਅੰਨ੍ਹੇ ਨੂੰ ਹਰਾ ਹਰਾ ਹੀ ਦਿਸਦਾ ਹੈ, ਹੋ ਸਕਦਾ ਹੈ, ਇਹ ਸੋਚਦੇ ਹੋਣਗੇ ਕਿ ਚਲੋ ਦਰਿਆ ਤਾਂ ਸੁੱਕ ਗਿਆ, ਹੁਣ ਰੇਤਾ ਵੇਚ ਕੇ ਹੀ ਪੈਸੇ ਬਣਾ ਲਈਏ। ਇਨ੍ਹਾਂ ਕਾਰਪੋਰੇਟ ਅਦਾਰਿਆਂ ਨੂੰ ਹਰ ਵੇਲੇ ਨਫ਼ੇ ਦੇ ਸੁਪਨੇ ਆਉਂਦੇ ਹਨ।

ਅੱਜ ਦਿਖਾਵੇ ਦਾ ਕਲਚਰ ਭਾਰੂ ਹੈ। ਹਰ ਕੋਈ ਵੱਡੇ ਘਰ ਵਿਚ ਰਹਿਣਾ ਚਾਹੁੰਦਾ ਹੈ, ਵੱਡੀਆਂ ਕਾਰਾਂ ਰੱਖਣੀਆਂ ਚਾਹੁੰਦਾ ਹੈ, ਹਰ ਕੋਈ ਇੱਕ ਦੂਜੇ ਤੋਂ ਉਚਾ ਦਿਸਣਾ ਚਾਹੁੰਦਾ ਹੈ, ਉਨ੍ਹਾਂ ਦੀ ਇਸ ਅੱਯਾਸ਼ੀ ਲਈ ਕੁਦਰਤ ਦਾ ਕਿੰਨਾ ਘਾਣ ਹੁੰਦਾ ਹੈ, ਇਸ ਦੀ ਕੋਈ ਪ੍ਰਵਾਹ ਨਹੀਂ ਕਰਦਾ। ਕਈ ਲੋਕ ਸੋਲਾਂ ਸੋਲਾਂ ਹਜ਼ਾਰ ਵਰਗ ਫੁੱਟ ਦੇ ਘਰਾਂ ਵਿਚ ਰਹਿ ਰਹੇ ਹਨ; ਸਿਰਫ ਦੋ ਜੀਅ! ਇਹ ਕੋਈ ਸਟੇਟਸ ਨਹੀਂ ਸਗੋਂ ਇਹ ਅਪਰਾਧ ਹੈ। ਛੇ ਛੇ ਗਰਾਜਾਂ ਵਾਲੇ ਘਰ ਹਨ, ਘਰ ਵਿਚ ਦੋ ਜੀਅ ਰਹਿੰਦੇ ਹਨ, ਘਰੇ ਦੋ ਕਾਰਾਂ ਹਨ। ਫਿਰ ਬਾਕੀ ਗਰਾਜ ਕਿਸ ਵਾਸਤੇ ਹਨ? ਕਹਿ ਦਿੰਦੇ ਹਨ ਕਿ ਦੋਸਤਾਂ ਜਾਂ ਰਿਸ਼ਤੇਦਾਰਾਂ ਵਾਸਤੇ! ਕੀ ਦੋਸਤ ਜਾਂ ਰਿਸ਼ਤੇਦਾਰ ਹਰ ਰੋਜ਼ ਆਉਂਦੇ ਹਨ? ਘਰ ਵਿਚ ਇੱਕ ਅੱਧਾ ਕੈਂਪਰ ਵੀ ਜ਼ਰੂਰ ਖੜ੍ਹਾ ਹੋਵੇਗਾ, ਲੋਕਾਂ ਨੂੰ ਦਿਖਾਉਣ ਵਾਸਤੇ। ਸਮਝ ਨਹੀਂ ਆਉਂਦੀ, ਇਨ੍ਹਾਂ ਅਮੀਰਾਂ ਦੇ ਦਿਲ ਵਿਚ ਇਹ ਕਿਉਂ ਨਹੀਂ ਆਉਂਦਾ ਕਿ ਤੁਹਾਡਾ ਇਹ ਦਿਖਾਵਾ ਕਿੰਨੇ ਲੋਕਾਂ ਦੀ ਭੁੱਖ ਦਾ ਕਾਰਨ ਬਣਦਾ ਹੈ।

ਕਈ ਅਮੀਰਜ਼ਾਦਿਆਂ ਨੇ ਵੱਖ ਵੱਖ ਮੁਲਕਾਂ ਵਿਚ ਘਰ ਬਣਾਏ ਹੋਏ ਹਨ ਜਿਹੜੇ ਸਾਲ ਦਾ ਬਹੁਤਾ ਸਮਾਂ ਖਾਲੀ ਰਹਿੰਦੇ ਹਨ। ਸਾਡੇ ਲੋਕ ਵੱਡਾ ਘਰ ਬਣਾ ਕੇ ਦੂਜਿਆਂ 'ਤੇ ਰੋਹਬ ਪਾਉਣ ਲਈ ਇਕੱਠ ਵੀ ਜ਼ਰੂਰ ਕਰਦੇ ਹਨ, ਸਵੇਰੇ ਪਾਠ ਦਾ ਭੋਗ ਪਾਉਂਦੇ ਹਨ ਤੇ ਰਾਤ ਨੂੰ ਸ਼ਕਤੀ ਜਲ ਦਾ ਲੰਗਰ ਲਾਉਂਦੇ ਹਨ, ਪ੍ਰਾਹੁਣੇ ਝੂਠੀਆਂ ਸੱਚੀਆਂ ਤਰੀਫਾਂ ਦੇ ਪੁਲ ਬੰਨ੍ਹੇ ਜਾਂਦੇ ਹਨ। ਮੇਜ਼ਬਾਨ ਖੁਸ਼ ਹੋ ਜਾਂਦਾ ਹੈ ਕਿ ਐਨੇ ਬੰਦਿਆਂ ਵਿਚ ਮੇਰੀ ਭਲ ਬਣ ਗਈ ਹੈ। ਵਧੀਆ ਇਲਾਕੇ ਵਿਚ ਸਾਡੇ ਲੋਕ ਆਪਣਾ ਘਰ ਪਾ ਕੇ ਦੂਜੇ ਇਲਾਕੇ ਨੂੰ ਵੱਡਾ ਵਿਹੜਾ ਹੀ ਦੱਸਦੇ ਹਨ। ਇਹ ਹੰਕਾਰ ਕੈਲਗਰੀ, ਸਰੀ ਅਤੇ ਐਬਟਸਫੋਰਡ ਵਿਚ ਆਮ ਸੁਣਿਆ ਹੈ।

ਪਹਾੜੀਆਂ ਜਿਹੜੀਆਂ ਵਾਤਾਵਰਨ ਨੂੰ ਠੀਕ ਰੱਖਣ ਲਈ ਜ਼ਰੂਰੀ ਹਨ ਅਤੇ ਜਿਨ੍ਹਾਂ 'ਤੇ ਬਹੁਤ ਜ਼ਰੂਰੀ ਬਨਸਪਤੀ ਹੁੰਦੀ ਹੈ ਤੇ ਕਿੰਨੇ ਜਾਨਵਰਾਂ ਦਾ ਘਰ ਹੁੰਦੀਆਂ ਹਨ, ਅੱਜ ਰੋਡੀਆਂ ਭੋਡੀਆਂ ਕਰਕੇ ਸੜਕਾਂ ਅਤੇ ਘਰ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ। ਪਹਾੜ ਸਾਫ ਕਰਕੇ ਬਸਤੀਆਂ ਬਣਾਉਣ ਦਾ ਜਿਹੜਾ ਚੱਕਰ ਚੱਲਿਆ ਹੈ, ਇਸ ਨੇ ਪਹਾੜਾਂ ਦੇ ਖਿਸਕਣ ਦੀ ਪ੍ਰਕਿਰਿਆ ਬਹੁਤ ਵਧਾ ਦਿੱਤੀ ਹੈ। ਅਕਸਰ ਹੀ ਇਹ ਖਬਰਾਂ ਸੁਣਨ ਵਿਚ ਆਉਂਦੀਆਂ ਰਹਿੰਦੀਆਂ ਹਨ ਕਿ ਫਲਾਣੀ ਜਗ੍ਹਾ ਪਹਾੜ ਖਿਸਕਣ ਨਾਲ ਐਨੇ ਲੋਕ ਮਰ ਗਏ ਪਰ ਪਹਾੜ ਖਿਸਕਣ ਦੇ ਕਾਰਨ ਬਾਰੇ ਕੋਈ ਗੱਲ ਨਹੀਂ ਕਰਦਾ। ਕੈਨੇਡਾ ਵਿਚ ਤਾਂ ਵਿਦੇਸ਼ੀ ਵਿਦਿਆਰਥੀਆਂ ਅਤੇ ਆਰਜ਼ੀ ਕਾਮਿਆਂ ਦੀ ਲੁੱਟ ਨੇ ਨਵੇਂ ਧਨਾਢ ਪੈਦਾ ਕਰ ਦਿੱਤੇ ਹਨ ਜਿਹੜੇ ਦੂਜੇ ਲੋਕਾਂ ਨੂੰ ਕੁਝ ਨਹੀਂ ਸਮਝਦੇ। ਕੋਈ ਸਤਾਈ ਮੰਜ਼ਿਲਾਂ ਵਾਲੇ ਘਰ ਵਿਚ ਬੈਠ ਕੇ ਝੁੱਗੀਆਂ 'ਤੇ ਹੱਸਦਾ ਹੈ ਪਰ ਉਹ ਇਹ ਨਹੀਂ ਸੋਚਦਾ ਕਿ ਇਨ੍ਹਾਂ ਝੁੱਗੀਆਂ ਵਿਚ ਰਹਿਣ ਵਾਲੇ ਮਜ਼ਦੂਰਾਂ ਨੇ ਹੀ ਉਸ ਨੂੰ ਮਹਿਲਾਂ ਵਿਚ ਬਿਠਾਇਆ ਹੈ। ਉਸ ਨੂੰ ਸ਼ਾਇਦ ਪਤਾ ਨਹੀਂ ਕਿ ਅੰਦਰ ਹੀ ਅੰਦਰ ਸੁਲਗ ਰਹੇ ਗੁੱਸੇ ਕਰਕੇ ਇਨ੍ਹਾਂ ਝੁੱਗੀਆਂ ਵਿਚ ਜਿਹੜਾ ਤੂਫਾਨ ਪੈਦਾ ਹੋ ਰਿਹਾ ਹੈ, ਇਸ ਦੇ ਸਾਹਮਣੇ ਸਤਾਈ ਮੰਜ਼ਿਲਾਂ ਘਾਹ ਫੂਸ ਵਾਂਗ ਉਡ ਜਾਣਗੀਆਂ। ਸਾਡੀਆਂ ਸਰਕਾਰਾਂ ਨੇ ਜਾਂ ਇਹ ਕਹਿ ਲਈਏ ਇਨ੍ਹਾਂ ਦੀਆਂ ਸਰਕਾਰਾਂ ਨੇ ਟੈਕਸ ਚੋਰੀ ਕਰਨ ਦੀਆਂ ਜਿਹੜੀਆਂ ਮੋਰੀਆਂ ਰੱਖੀਆਂ ਹਨ, ਮਜ਼ਦੂਰਾਂ ਨੂੰ ਲੁੱਟਣ ਦੀ ਖੁੱਲ੍ਹ ਦਿੱਤੀ ਹੈ, ਇਹ ਸਭ ਕੁਝ ਇਸੇ ਦਾ ਨਤੀਜਾ ਹੈ। ਸਰਕਾਰਾਂ ਨੂੰ ਘਰਾਂ ਦੇ ਆਕਾਰ ਬਾਰੇ ਹੱਦ ਮਿਥਣੀ ਚਾਹੀਦੀ ਹੈ। ਕਿਸੇ ਦਿਨ ਤਾਂ ਅਜਿਹਾ ਕਰਨਾ ਹੀ ਪਵੇਗਾ। ਇਹ ਤਾਂ ਹੀ ਸੰਭਵ ਹੋ ਸਕੇਗਾ ਜਦ ਸਿਅਸਤ ਕਾਰਪੋਰੇਟ ਕਲਚਰ ਦੇ ਚੁੰਗਲ ਵਿਚੋਂ ਨਿਕਲ ਸਕੇਗੀ।

ਸਮੁੰਦਰਾਂ, ਦਰਿਆਵਾਂ, ਝੀਲਾਂ ਦੇ ਕੰਢਿਆਂ 'ਤੇ ਝਾੜੀਆਂ ਉਗੀਆਂ ਹੁੰਦੀਆਂ ਹਨ ਜਿਹੜੀਆਂ ਜ਼ਮੀਨ ਦੇ ਖੋਰੇ ਨੂੰ ਬਚਾਉਂਦੀਆਂ ਹਨ ਪਰ ਸਦਕੇ ਜਾਈਏ ਇਨ੍ਹਾਂ ਸ਼ਾਹੂਕਾਰਾਂ ਦੇ, ਕਿ ਸਮੁੰਦਰਾਂ, ਦਰਿਆਵਾਂ ਦੇ ਕੰਢੇ ਸਾਫ ਕਰਕੇ ਘਰ ਬਣਾ ਲਏ ਹਨ ਤਾਂ ਕਿ ਇਨ੍ਹਾਂ ਸ਼ਹਿਜ਼ਾਦਿਆਂ ਨੂੰ ਪਾਣੀ ਦਿਸਦਾ ਰਹੇ। ਝਾੜੀਆਂ ਰਹਿਤ ਦਰਿਆਵਾਂ ਵਿਚ ਜਦ ਹੜ ਆਉਂਦਾ ਹੈ ਤਾਂ ਬਹੁਤ ਹੀ ਉਪਜਾਊ ਮਿੱਟੀ ਆਪਣੇ ਨਾਲ ਖੋਰ ਕੇ ਲੈ ਜਾਂਦਾ ਹੈ। ਇਕ ਅੰਦਾਜ਼ੇ ਮੁਤਾਬਿਕ ਹਰ ਸਾਲ 36 ਅਰਬ ਟਨ ਮਿੱਟੀ ਖੁਰ ਜਾਂਦੀ ਹੈ। ਝਾੜੀਆਂ ਵੱਢਣ ਦਾ ਇੱਕ ਹੋਰ ਕਾਰਨ ਵੀ ਹੈ ਤਾਂ ਕਿ ਬੀਚ ਏਰੀਏ ਨੂੰ ਵੱਡਾ ਕੀਤਾ ਜਾ ਸਕੇ ਅਤੇ ਸਮੁੰਦਰ ਦੇ ਕੰਢਿਆਂ 'ਤੇ ਬਣੇ ਇਹ ਹੋਟਲ ਹੋਰ ਪੈਸਾ ਇਨ੍ਹਾਂ ਕਾਰਪੋਰੇਸ਼ਨਾਂ ਦੀ ਝੋਲੀ ਪਾ ਸਕਣ।

ਹੁਣ ਜਦੋਂ ਸਮੁੰਦਰ ਵਿਚ ਸੁਨਾਮੀ ਆਉਂਦੀ ਹੈ ਤਾਂ ਉਹ ਸਿੱਧੀ ਹੋਟਲਾਂ, ਘਰਾਂ ਨੂੰ ਤਬਾਹ ਕਰਦੀ ਹੈ ਅਤੇ ਕਿੰਨੇ ਹੀ ਜੀਵ ਜੰਤੂਆਂ, ਮਨੁੱਖਾਂ ਦੀ ਜਾਨ ਦੀ ਬਲੀ ਲੈ ਲੈਂਦੀ ਹੈ, ਕਿੰਨੀ ਹੀ ਉਪਜਾਊ ਜ਼ਮੀਨ ਤੇ ਕਈ ਕਈ ਫੁੱਟ ਰੇਤ ਚਾੜ੍ਹ ਦਿੰਦੀ ਹੈ। ਜੰਗਲ ਸਾਫ ਕਰਕੇ ਵੱਡੇ ਵੱਡੇ ਗੋਲਫ ਕੋਰਸ ਬਣਾਏ ਜਾਂਦੇ ਹਨ ਤਾਂ ਕਿ ਗੋਲਫ ਦੀ ਖੇਡ ਤੋਂ ਵੱਧ ਤੋਂ ਵੱਧ ਪੈਸਾ ਕਮਾਇਆ ਜਾ ਸਕੇ। ਹੁਣ ਗੋਲਫ ਤਾਂ ਉਹੀ ਖੇਡਣਗੇ ਜਿਨ੍ਹਾਂ ਕੋਲ ਵਾਧੂ ਪੈਸਾ ਹੈ ਅਤੇ ਵਾਧੂ ਟਾਈਮ ਹੈ; ਆਮ ਲੋਕਾਂ ਨੂੰ ਤਾਂ ਆਪਣਾ ਚੁੱਲ੍ਹਾ ਬਲਦਾ ਰੱਖਣ ਲਈ ਦਿਹਾੜੀ ਕਰਨੀ ਪੈਂਦੀ ਹੈ। ਉਨ੍ਹਾਂ ਕੋਲ ਕਿੱਥੇ ਵਕਤ ਹੈ ਗੋਲਫ ਖੇਡਣ ਦਾ? ਗੋਲਫ ਖੇਡਣਾ ਨਾਲ ਸਕਾਚ ਦੀ ਬੋਤਲ ਰੱਖਣੀ, ਭਾਵ ਦਾਰੂ ਪੀ ਕੇ ਖੇਡਣਾ, ਵਾਹ ਕਿਆ ਖੇਡ ਹੈ!

ਜ਼ਮੀਨ ਦੀ ਦੁਰਵਰਤੋਂ ਦੀ ਆਪਣੇ ਨੇੜੇ ਸਭ ਤੋਂ ਵਧੀਆ ਉਦਾਹਰਨ ਪੰਜਾਬ ਹੈ। ਮਾਲਵੇ ਦਾ ਇਲਾਕਾ ਜਿੱਥੇ ਛੋਲੇ, ਕਪਾਹ, ਮੂੰਗਫਲੀ ਆਦਿ ਫ਼ਸਲਾਂ ਹੁੰਦੀਆਂ ਸਨ, ਅੱਜ ਚੌਲ ਪੈਦਾ ਕਰਦਾ ਹੈ। ਇਸ ਇਲਾਕੇ ਨੂੰ ਚੌਲਾਂ ਵਾਲਾ ਬਣਾਉਣ ਲਈ ਕੁਦਰਤ ਨਾਲ ਖਿਲਵਾੜ ਕੀਤਾ ਗਿਆ ਹੈ। ਮਾਲਵੇ ਦੀ ਰੇਤਲੀ ਜ਼ਮੀਨ ਵਿਚ ਮੀਂਹ ਦਾ ਪਾਣੀ ਰਚ ਜਾਂਦਾ ਸੀ ਜਿਹੜਾ ਧਰਤੀ ਵਿਚਲੇ ਪਾਣੀ ਦੇ ਪੱਧਰ ਨੂੰ ਠੀਕ ਰੱਖਦਾ ਸੀ। ਹੁਣ ਲੋਕ ਬੜੀ ਛੇਤੀ ਪੀਣ ਵਾਲੇ ਪਾਣੀ ਨੂੰ ਵੀ ਤਰਸਣਗੇ। ਅੱਜ ਜਿਹੜੀ ਰਸਾਇਣ ਦੇ ਸਿਰ 'ਤੇ ਉਪਜ ਵਧਾਈ ਜਾ ਰਹੀ ਹੈ, ਇਸ ਨੇ ਧਰਤੀ ਨੂੰ ਇੱਕ ਦਿਨ ਬੰਜਰ ਕਰ ਦੇਣਾ ਹੈ ਤੇ ਬੰਜਰ ਹੋਈ ਜ਼ਮੀਨ ਮੌਸਮ ਦਾ ਹੋਰ ਵਿਗਾੜ ਕਰੇਗੀ।

ਦੁਨੀਆ ਭਰ ਵਿਚ ਮਾਲ ਦੀ ਢੋਆ-ਢੁਆਈ ਲਈ ਵੱਡੇ ਹਾਈਵੇਅ ਬਣਾਏ ਜਾ ਰਹੇ ਹਨ ਅਤੇ ਬਹੁਤੇ ਹਾਈਵੇਅ ਖੇਤੀ ਵਾਲੀ ਜ਼ਮੀਨ ਵਿਚੋਂ ਲੰਘਦੇ ਹਨ। ਇਨ੍ਹਾਂ ਸ਼ਹਿਰਾਂ ਸੜਕਾਂ ਕਰਕੇ ਹਰ ਸਾਲ 20 ਲੱਖ ਏਕੜ ਖੇਤੀ ਯੋਗ ਜ਼ਮੀਨ ਇਸ ਵਿਕਾਸ ਦੀ ਬਲੀ ਚੜ੍ਹਦੀ ਹੈ। ਫੈਕਟਰੀਆਂ ਨੂੰ ਬਿਜਲੀ ਦੇਣ ਲਈ ਵੱਡੇ ਵੱਡੇ ਡੈਮ ਬਣਾਏ ਜਾ ਰਹੇ ਹਨ। ਜਦ ਵੀ ਕੋਈ ਡੈਮ ਬਣਦਾ ਹੈ ਤਾਂ ਕਿੰਨੇ ਹੀ ਪਿੰਡ ਉਜਾੜ ਕੇ ਵਾਹੀਯੋਗ ਜ਼ਮੀਨ ਪਾਣੀ ਹੇਠਾਂ ਡੋਬੀ ਜਾਂਦੀ ਹੈ ਅਤੇ ਹਜ਼ਾਰਾਂ ਲੱਖਾਂ ਲੋਕਾਂ ਨੂੰ ਬੇਘਰ, ਬੇਰੁਜ਼ਗਾਰ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਦੇ ਮੁੜ ਵਸੇਬੇ ਬਾਰੇ ਵੀ ਕੋਈ ਕਦਮ ਨਹੀਂ ਚੁੱਕਿਆ ਜਾਂਦਾ। ਜਦ ਵੱਡੇ ਵੱਡੇ ਹਾਈਵੇਅ ਨਿੱਕਲਦੇ ਹਨ ਤਾਂ ਸਾਡੀ ਮੰਗ ਸਿਰਫ ਮੁਆਵਜ਼ਾ ਲੈਣ ਤੱਕ ਰਹਿ ਜਾਂਦੀ ਹੈ, ਅਸੀਂ ਇਹ ਨਹੀਂ ਸੋਚਦੇ ਕਿ ਅੱਜ ਦਾ ਲਿਆ ਇੱਕ ਕਰੋੜ ਕਿੱਲੇ ਦਾ, ਅਸਲ ਕੀਮਤ ਵਿਚ 20 ਕੁ ਸਾਲ ਤੱਕ ਕਿੰਨੇ ਦਾ ਰਹਿ ਜਾਵੇਗਾ। ਇਨ੍ਹਾਂ ਵੱਡੀਆਂ ਵੱਡੀਆਂ ਸੜਕਾਂ 'ਤੇ ਅਮੀਰਾਂ ਦੀਆਂ ਕਾਰਾਂ ਚੱਲਣਗੀਆ। ਰਾਮੂ ਦਾ ਰੇਹੜਾ ਤਾਂ ਫਿਰ ਵੀ ਕੱਚੇ ਰਾਹ 'ਤੇ ਹੀ ਚੱਲੇਗਾ।

ਕੈਨੇਡਾ ਦੇ ਇਕ ਮੂਲਵਾਸੀ ਮੁੰਡੇ ਨੇ ਦੱਸਿਆ ਕਿ ਬਲੈਕ ਫੁੱਟ (ਕੈਲਗਰੀ) ਸੜਕ ਕੋਲ ਹਜ਼ਾਰਾਂ ਏਕੜ ਜ਼ਮੀਨ ਸਾਡੇ ਪੁਰਖਿਆਂ ਦੀ ਸੀ ਜਿਹੜੀ ਉਨ੍ਹਾਂ ਨੇ ਪੈਨੀਆਂ ਦੇ ਏਕੜ ਦੇ ਹਿਸਾਬ ਵੇਚ ਦਿੱਤੀ ਸੀ ਜਿਸ ਦੀ ਅੱਜ ਕੀਮਤ ਸੋਨੇ ਨਾਲ ਪੈਂਦੀ ਹੈ। ਯਾਦ ਰਹੇ ਕਿ ਨੋਟ ਤਾਂ ਹਰ ਰੋਜ਼ ਛਪ ਰਹੇ ਹਨ ਪਰ ਜ਼ਮੀਨ ਹਰ ਰੋਜ਼ ਨਵੀਂ ਨਹੀਂ ਬਣਦੀ।

ਆਬਾਦੀ ਕੰਟਰੋਲ ਦੀ ਗੱਲ ਵੀ ਕੋਈ ਨਹੀਂ ਕਰ ਰਿਹਾ ਕਿਉਂਕਿ ਕਰਪੋਰੇਸ਼ਨਾਂ ਨੂੰ ਤਾਂ ਵਧਦੀ ਆਬਾਦੀ ਦਾ ਹੀ ਫਾਇਦਾ ਹੈ ਕਿਉਂਕਿ ਹਰ ਰੋਜ਼ ਇਨ੍ਹਾਂ ਦੀ ਲੁੱਟ ਦੇ ਕੰਮ ਆਉਣ ਲਈ ਨਵੇਂ ਗਾਹਕ ਜੰਮ ਰਹੇ ਹਨ। ਵਧ ਰਹੀ ਆਬਾਦੀ ਅਤੇ ਮਾਰੂ ਵਿਕਾਸ ਜਿਸ ਨਾਲ ਵਾਹੀਯੋਗ ਜ਼ਮੀਨ ਹਰ ਰੋਜ਼ ਘਟ ਰਹੀ ਹੈ, ਸਾਨੂੰ ਕਿਹੜੀ ਆਫਤ ਦੇ ਮੂੰਹ ਧੱਕਣਗੇ, ਸਾਡੇ ਕੋਲ ਇਹ ਸੋਚਣ ਦਾ ਵਕਤ ਹੀ ਨਹੀਂ ਹੈ। ਅਜੇ ਤਾਂ ਅਸੀਂ ਪੈਸੇ ਦੀ ਚੂਹਾ ਦੌੜ ਵਿਚ ਬੁਰੀ ਤਰ੍ਹਾਂ ਫਸੇ ਹੋਏ ਹਾਂ। ਅਜੇ ਤਾਂ ਅਸੀਂ ਗੁਆਂਢੀਆਂ ਨਾਲੋਂ ਵੱਡਾ ਘਰ ਲੈਣਾ ਹੈ ਤੇ ਉਨ੍ਹਾਂ ਨਾਲੋਂ ਵੱਡੀ ਕਾਰ ਲੈਣ ਲਈ ਭੱਜੇ ਫਿਰਦੇ ਹਾਂ।

**ਸੰਪਰਕ:** 403-714-4816

# ਬੇਹਿਸਾਬ ਸੋਕਾ, ਹੜ੍ਹ ਤੇ ਅੱਗਾਂ ਲਈ ਜ਼ਿੰਮੇਵਾਰ ਕੌਣ ?

**ਯੋਧਾ ਸਿੰਘ**

**ਅਸੀਂ** ਜਿਸ ਸਮੇਂ ਵਿਚ ਜੀਅ ਰਹੇ ਹਾਂ, ਕੁਦਰਤੀ ਆਫਤਾਂ ਦੇ ਨਜ਼ਰੀਏ ਤੋਂ ਇਹ ਬਹੁਤ ਨਾਜ਼ੁਕ ਸਮਾਂ ਹੈ। ਇੱਕ ਪਾਸੇ ਯੂਰੋਪ ਦੇ ਬਹੁਤ ਸਾਰੇ ਮੁਲਕ ਗਰਮ ਲਹਿਰ ਦਾ ਸ਼ਿਕਾਰ ਹੋ ਰਹੇ ਹਨ ਜਿਸ ਕਾਰਨ ਪੈਰਿਸ ਵਰਗੇ ਸ਼ਹਿਰਾਂ ਦਾ ਤਾਪਮਾਨ 40 ਡਿਗਰੀ ਪਾਰ ਕਰ ਚੁੱਕਾ ਹੈ। ਫਰਾਂਸ, ਸਪੇਨ, ਪੁਰਤਗਾਲ ਆਦਿ ਦੇਸ਼ਾਂ ਦੇ ਹਜ਼ਾਰਾਂ ਹੈਕਟੇਅਰ ਜੰਗਲ ਸੜ ਕੇ ਤਬਾਹ ਹੋ ਰਹੇ ਹਨ ਜਿਸ ਨਾਲ ਬਨਸਪਤੀਆਂ ਅਤੇ ਛੋਟੇ ਵੱਡੇ ਜੀਵਾਂ ਦਾ ਖਾਤਮਾ ਹੋ ਰਿਹਾ ਹੈ। ਦੂਜੇ ਪਾਸੇ ਕਈ ਇਲਾਕੇ ਸੋਕੇ ਦਾ ਸ਼ਿਕਾਰ ਹਨ ਅਤੇ ਕਈ ਇਲਾਕਿਆ ਵਿਚ ਇੰਨਾ ਜ਼ਿਆਦਾ ਮੀਂਹ ਪੈ ਰਿਹਾ ਹੈ ਕਿ ਉੱਥੋਂ ਦੇ ਇਲਾਕੇ ਹੜ੍ਹਾਂ ਹੇਠ ਆ ਚੁੱਕੇ ਹਨ। ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਦੇ ਬਹੁਤ ਸਾਰੇ ਇਲਾਕਿਆਂ ਵਿਚ ਬੱਦਲ ਫਟਣ ਅਤੇ ਭਾਰੀ ਮੀਂਹ ਜਿਹੇ ਵਰਤਾਰੇ ਆਮ ਹੁੰਦੇ ਜਾ ਰਹੇ ਹਨ ਜਿਨ੍ਹਾਂ ਕਰਕੇ ਪਹਾੜਾਂ ਦੀਆਂ ਢਿਗਾਂ ਡਿੱਗਣਾ ਬਹੁਤ ਆਮ ਹੋ ਗਿਆ ਹੈ। ਇਸ ਸਭ ਪਿੱਛੇ ਕੀ ਕਾਰਨ ਹਨ? ਕੀ ਅੱਜ ਤੋਂ ਪਹਿਲਾਂ ਵੀ ਇਸੇ ਤਰ੍ਹਾਂ ਹੁੰਦਾ ਸੀ? ਆਓ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

**ਧਰਤੀ ਦਾ ਵਾਤਾਵਰਨ ਕਿਹੜੇ ਕਾਰਕ ਤੈਅ ਕਰਦੇ ਹਨ?**

ਧਰਤੀ ਦੇ ਵਾਤਾਵਰਨ ਵਿਚ ਦੋ ਰੁਝਾਨ ਹਨ ਜੋ ਆਪਣੇ ਆਪ ਨੂੰ ਇੱਕ ਤੋਂ ਬਾਅਦ ਇੱਕ ਦੁਹਰਾਉਂਦੇ ਹਨ। ਇਸ ਨੂੰ ਅਸੀਂ ਬਰਫ ਯੁਗ ਅਤੇ ਬਰਫ ਯੁੱਗ ਦੇ ਢਲਣ ਵਜੋਂ ਜਾਣਦੇ ਹਾਂ ਜਿਸ ਦੌਰਾਨ ਲੱਖਾਂ ਸਾਲ ਧਰਤੀ ਦਾ ਇੱਕ ਧੁਰਾ ਬਰਫ ਦੀ ਚਾਦਰ ਹੇਠ ਰਹਿੰਦਾ ਹੈ ਅਤੇ ਫਿਰ ਇਹ ਗਰਮ ਦੌਰ ਸ਼ੁਰੂ ਹੋ ਜਾਂਦਾ ਹੈ, ਬਰਫ ਯੁੱਗ ਪਿੱਛੇ ਹਟਣਾ ਸ਼ੁਰੂ ਕਰ ਦਿੰਦਾ ਹੈ। ਇਸ ਦਾ ਮੁੱਖ ਕਾਰਨ ਹੁੰਦਾ ਹੈ ਧਰਤੀ ਦਾ ਵਾਯੂ ਮੰਡਲ ਜਿਸ ਨੂੰ ਧਰਤੀ ਦਾ ਕੰਬਲ ਵੀ ਕਿਹਾ ਜਾਂਦਾ ਹੈ। ਧਰਤੀ ਦਾ ਤਾਪਮਾਨ ਕਿੰਨਾ ਰਹੇਗਾ, ਇਸ ਨੂੰ ਤੈਅ ਕਰਨ ਵਾਲਾ ਮੁੱਖ ਕਾਰਕ ਹੈ ਵਾਯੂ ਮੰਡਲ ਜਿਸ ਦੀਆਂ 4 ਮੁੱਖ ਪਰਤਾਂ ਹਨ। ਇਨ੍ਹਾਂ ਪਰਤਾਂ ਵਿਚ ਮੌਜੂਦ ਗੈਸਾਂ ਦੀ ਸੰਰਚਨਾ, ਪਾਣੀ ਦੇ ਕਣ ਆਦਿ ਮਿਲ ਕੇ ਇਹ ਤੈਅ ਕਰਦੇ ਹਨ ਕਿ ਸੂਰਜ ਦੀਆਂ ਕਿਹੜੀਆਂ ਅਤੇ ਕਿੰਨੀਆਂ ਕਿਰਨਾਂ ਸੋਖੀਆਂ ਜਾਣੀਆਂ ਹਨ। ਦੂਜਾ ਧਰਤੀ ਦੀ ਸੂਰਜ ਦੁਆਲੇ ਪਰਿਕਰਮਾ ਹੈ ਜੋ ਇਸ ਵਿਚ ਮੁੱਖ ਯੋਗਦਾਨ ਪਾਉਂਦੀ ਹੈ। ਜਦੋਂ ਵਾਯੂ ਮੰਡਲ ਵਿਚ ਗ੍ਰੀਨ ਹਾਊਸ ਗੈਸਾਂ ਵਧਦੀਆਂ ਹਨ ਤਾਂ ਇਨ੍ਹਾਂ ਨਾਲ ਧਰਤੀ ਦਾ ਤਾਪਮਾਨ ਵਧਦਾ ਹੈ ਅਤੇ ਜਦੋਂ ਇਹ ਘਟਣੀਆਂ ਸ਼ੁਰੂ ਹੋ ਜਾਂਦੀਆਂ ਹਨ ਤਾਂ ਤਾਪਮਾਨ ਫਿਰ ਘਟਣਾ ਸ਼ੁਰੂ ਕਰ ਦਿੰਦਾ ਹੈ।

**ਗ੍ਰੀਨ ਹਾਊਸ ਗੈਸਾਂ ਕਿਉਂ ਵਧ ਰਹੀਆਂ ਹਨ?**

ਧਰਤੀ 'ਤੇ ਆ ਰਹੀਆਂ ਗਰਮ ਲਹਿਰਾਂ ਅਤੇ ਜੰਗਲਾਂ ਨੂੰ ਲੱਗ ਰਹੀਆਂ ਅੱਗਾਂ ਦਾ ਕਾਰਨ ਗ੍ਰੀਨ ਹਾਊਸ ਗੈਸਾਂ ਦਾ ਵਧਣਾ ਹੈ ਜਿਸ ਨਾਲ ਧਰਤੀ ਦਾ ਵਧਦਾ ਹੋਇਆ ਤਾਪਮਾਨ ਗਰਮੀਆਂ ਵਿਚ ਗਰਮ ਲਹਿਰ ਦਾ ਕਾਰਨ ਬਣਦਾ ਹੈ। ਇਨ੍ਹਾਂ ਗੈਸਾਂ ਦੇ ਵਧਣ ਦਾ ਕਾਰਨ ਹੈ ਮੌਜੂਦਾ ਪੈਦਾਵਾਰ ਦਾ ਪ੍ਰਬੰਧ। ਪੈਦਾਵਾਰ ਤਾਂ ਮਨੁੱਖ ਸਦੀਆਂ ਤੋਂ ਕਰ ਰਿਹਾ ਹੈ ਜੋ ਸਾਡੇ ਕੁਦਰਤ ਬਾਰੇ ਗਿਆਨ ਅਧੀਨ ਰਹੀ ਹੈ। ਇਸ ਦੇ ਆਧਾਰ 'ਤੇ ਹੀ ਮਨੁੱਖ ਨੇ ਵਿਗਿਆਨ ਅਤੇ ਤਕਨੀਕ ਦਾ ਵਿਕਾਸ ਕੀਤਾ ਹੈ। ਇਸ ਲਈ ਮਨੁੱਖ ਅੱਜ ਤੋਂ ਲੱਖਾਂ ਸਾਲ ਪਹਿਲਾਂ ਸਾਧਾਰਨ ਪੱਥਰਾਂ ਤੋਂ ਘੜੇ ਹਥਿਆਰਾਂ ਤੋਂ ਹੁੰਦਾ ਹੋਇਆ ਧਾਤਾਂ ਪਿਘਲਾ ਕੇ ਸੰਦ ਬਣਾਉਣੇ ਸਿੱਖਦਾ ਹੈ। ਖੇਤੀ ਅਤੇ ਪਸ਼ੂ ਪਾਲਣ ਦੇ ਦੌਰ ਵਿਚ ਪੈਦਾਵਾਰ ਵਿਚ ਵਾਧਾ ਹੁੰਦਾ ਹੈ। ਮਨੁੱਖ ਇਨ੍ਹਾਂ ਨਾਲ ਸਬੰਧਿਤ ਸੰਦਾਂ ਅਤੇ ਤਕਨੀਕਾਂ ਦਾ ਵਿਕਾਸ ਕਰਦਾ ਅੱਗੇ ਵਧਦਾ ਹੈ। ਮੱਧਯੁੱਗ ਵਿਚ ਹੋਏ ਵਿਗਿਆਨਕ ਅਤੇ ਤਕਨੀਕੀ ਵਿਕਾਸ ਨਾਲ ਪੈਦਾਵਾਰ ਦੇ ਸਾਧਨਾ ਵਿਚ ਗੁਣਾਤਮਕ ਤਬਦੀਲੀ ਆਉਂਦੀ ਹੈ ਜਿਸ ਨਾਲ ਸਮਾਜ ਵਿਚ ਵੀ ਵੱਡੀ ਤਬਦੀਲੀ ਆਉਂਦੀ ਹੈ ਅਤੇ ਮਨੁੱਖੀ ਸਮਾਜ ਪੈਦਾਵਾਰ ਦੇ ਨਵੇਂ ਪੱਧਰ 'ਤੇ ਪਹੁੰਚ ਜਾਂਦਾ ਹੈ ਜਿੱਥੇ ਮਜ਼ਦੂਰਾਂ ਦੀ ਫੌਜ, ਜਥੇਬੰਦ ਥਾਂ ਫੈਕਟਰੀ ਜਾਂ ਕਾਰਖਾਨਿਆਂ ਵਿਚ ਵੱਡੇ ਪੱਧਰ 'ਤੇ ਪੈਦਾਵਾਰ ਕਰਨ ਲੱਗ ਪੈਂਦੀ ਹੈ। ਇਨ੍ਹਾਂ ਸਨਅਤੀ ਇਨਕਲਾਬਾਂ ਤੋਂ ਬਾਅਦ ਮਨੁੱਖ ਸਰਮਾਏਦਾਰਾ ਪ੍ਰਬੰਧ ਵਿਚ ਦਾਖਲ ਹੋਇਆ ਵੱਡੇ ਪੱਧਰ 'ਤੇ ਸਨਅਤਾਂ ਦੀ ਉਸਾਰੀ ਕਰਦਾ ਹੈ ਅਤੇ ਖੇਤੀ ਲਈ ਵੱਧ ਤੋਂ ਵੱਧ ਜੰਗਲਾਂ ਦਾ ਸਫਾਇਆ ਕਰਦਾ ਜਾਂਦਾ ਹੈ। ਬਿਜਲੀਕਰਨ ਅਤੇ ਆਧੁਨਿਕ ਬਿਜਲਈ ਉਪਕਰਨ ਧਾਤਾਂ ਦੀ ਮੰਗ ਦੀ ਮੰਗ ਵਧਾ ਦਿੰਦੇ ਹਨ ਜਿਸ ਲਈ ਖਾਣਾਂ ਦਾ ਵਿਸਥਾਰ ਹੁੰਦਾ ਹੈ। ਆਵਾਜਾਈ ਅਤੇ ਸਨਅਤੀ ਮਸ਼ੀਨਰੀ ਲਈ ਊਰਜਾ ਦੀ ਵਧਦੀ ਮੰਗ ਈਧਨ ਦੀ ਮੰਗ ਵਧਾਉਂਦੀ ਹੈ।

ਇਨ੍ਹਾਂ ਸਾਰਿਆਂ ਦਾ ਨਤੀਜਾ ਇਹ ਨਿਕਲਦਾ ਹੈ ਕਿ ਵਾਯੂ ਮੰਡਲ ਵਿਚ ਗੈਸਾਂ ਦੀ ਸੰਰਚਨਾ ਬਦਲ ਜਾਂਦੀ ਹੈ। ਫੈਕਟਰੀਆਂ, ਵਾਹਨਾਂ, ਈਧਨ 'ਚੋਂ ਪੈਦਾ ਹੋਣ ਵਾਲਾਂ ਧੂੰਆਂ ਹਵਾਂ ਵਿਚ ਕਾਰਬਨ ਡਾਇਆਕਸਾਈਡ, ਮਿਥੇਨ ਅਤੇ ਇਸ ਵਰਗੀਆਂ ਹੋਰ ਗ੍ਰੀਨ ਹਾਊਸ ਗੈਸਾਂ ਵਧਾ ਦਿੰਦਾ ਹੈ ਜਿਸ ਨਾਲ ਧਰਤੀ ਦਾ ਤਾਪਮਾਨ ਸਾਲ ਦਰ ਸਾਲ ਵਧਦਾ ਜਾਂਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਤਕਨੀਕੀ ਵਿਕਾਸ ਇਸ ਦਾ ਜਿੰਮਵਾਰ ਹੈ; ਵਿਗਿਆਨ-ਤਕਨੀਕ ਦੇ ਵਿਕਾਸ ਨਾਲ ਇਨ੍ਹਾਂ ਸਾਧਨਾਂ ਨੂੰ ਕੁਦਰਤ ਦਾ ਹੋਰ ਵੀ ਬਿਹਤਰ ਢੰਗ ਨਾਲ ਖਿਆਲ ਰੱਖਦੇ ਹੋਏ ਵਰਤਿਆ ਜਾ ਸਕਦਾ ਹੈ। ਅਸਲ ਵਿਚ ਇਸ ਦਾ ਜ਼ਿੰਮੇਵਾਰ ਪੈਦਾਵਾਰ ਦਾ ਮੌਜੂਦਾ ਪ੍ਰਬੰਧ ਹੈ ਜਿਸ ਨੂੰ ਸਰਮਾਏਦਾਰਾ ਪ੍ਰਬੰਧ ਆਖਿਆ ਜਾਂਦਾ ਹੈ। ਸਰਮਾਏਦਾਰਾ ਪੈਦਾਵਾਰ ਵਿਚ ਸਭ ਤੋਂ ਵੱਡੀ ਕਮੀ ਇਹ ਹੈ ਕਿ ਇੱਥੇ ਮਨੁੱਖਾਂ ਦੀ ਜ਼ਰੂਰਤ ਅਨੁਸਾਰ ਪੈਦਾਵਾਰ ਨਹੀਂ ਕੀਤੀ ਜਾਂਦਾ ਸਗੋਂ ਇੱਥੇ ਮੁਨਾਫੇ ਲਈ ਪੈਦਾਵਾਰ ਮੁੱਖ ਹੋ ਜਾਂਦੀ ਹੈ। ਸਰਮਾਏਦਾਰਾ ਪੈਦਾਵਾਰ ਜਥੇਬੰਦ ਨਹੀਂ ਹੁੰਦੀ ਸਗੋਂ ਅਰਾਜਕ ਹੁੰਦੀ ਹੈ, ਇਸ ਵਿਚ ਵੱਧ ਮੁਨਾਫੇ ਕਮਾਉਣ, ਖਰਚੇ ਬਚਾਉਣ ਲਈ ਕੁਦਰਤ ਦਾ ਅੰਨ੍ਹੇਵਾਹ ਉਜਾੜਾ ਕੀਤਾ ਜਾਂਦਾ ਹੈ।



ਜੇਕਰ ਧਰਤੀ ਨੂੰ ਸੰਤੁਲਿਤ ਰੱਖਣ ਵਾਲੇ ਜੰਗਲਾਂ ਦੀ ਹਾਲਤ ਦੇਖਣੀ ਹੋਵੇ ਤਾਂ ਇਹ ਅੰਕੜੇ ਕਾਫੀ ਹਨ। ਅੱਜ ਤੋਂ 10000 ਸਾਲ ਪਹਿਲਾਂ ਧਰਤੀ ਉੱਤੇ 57 ਫੀਸਦੀ ਜੰਗਲ ਅਤੇ 42 ਫੀਸਦੀ ਘਾਹ ਦੇ ਮੈਦਾਨ ਸਨ ਜੋ ਧਰਤੀ ਦਾ 71 ਫੀਸਦੀ ਜ਼ਮੀਨੀ ਭਾਗ ਢਕਦੇ ਸਨ। ਫਿਰ ਸਾਲ 1900 ਤੱਕ ਆਉਂਦੇ ਆਉਂਦੇ ਇਹ 48 ਫੀਸਦੀ ਜੰਗਲ, 28 ਫੀਸਦੀ ਘਾਹ ਦੇ ਮੈਦਾਨ ਵਿਚ ਤਬਦੀਲ ਹੋ ਜਾਂਦਾ ਹੈ। 1900 ਤੋਂ ਬਾਅਦ 2018 ਤੱਕ ਜੰਗਲ ਸਿਰਫ 38 ਫੀਸਦੀ ਰਹਿ ਜਾਂਦੇ ਹਨ ਅਤੇ ਘਾਹ ਦੇ ਮੈਦਾਨ ਸਿਰਫ 14 ਫੀਸਦੀ ਹੀ ਬਾਕੀ ਬਚੇ ਰਹਿ ਜਾਂਦੇ ਹਨ। ਪਿਛਲੇ 30 ਸਾਲਾਂ ਵਿਚ ਧਰਤੀ ਦੇ ਜੰਗਲਾਂ ਦਾ 42 ਕਰੋੜ ਹੈਕਟੇਅਰ ਹਿੱਸਾ ਖਤਮ ਕੀਤਾ ਜਾ ਚੁੱਕਿਆ ਹੈ। ਸਾਲ 2015 ਤੋਂ 2020 ਦੇ ਵਕਫੇ ਵਿਚ ਪ੍ਰਤੀ ਸਾਲ ਲੱਗਭੱਗ ਇਕ ਕਰੋੜ ਹੈਕਟੇਅਰ ਜੰਗਲ ਨਸ਼ਟ ਕੀਤੇ ਗਏ ਹਨ ਅਤੇ 2016 ਤੋਂ 2050 ਤੱਕ 28.9 ਕਰੋੜ ਹੈਕਟੇਅਰ ਜੰਗਲਾਂ ਨੂੰ ਹੋਰ ਖਤਮ ਕਰ ਦਿੱਤਾ ਜਾਵੇਗਾ। ਇਸ ਨਾਲ ਅੰਦਾਜ਼ਨ 169 ਗੀਗਾਟਨ ਕਾਰਬਨ ਡਾਈਅਕਸਾਈਡ ਹਵਾ ਵਿਚ ਹੋਰ ਵਧ ਜਾਵੇਗੀ। ਇਨ੍ਹਾਂ ਗ੍ਰੀਨ ਹਾਊਸ ਗੈਸ ਦੇ ਵਾਧੇ ਨਾਲ ਤਾਪਮਾਨ ਵਿਚ ਹੋਰ ਵਾਧਾ ਹੋਵੇਗਾ ਜਿਸ ਨਾਲ ਜੰਗਲਾਂ ਦੀਆਂ ਅੱਗਾਂ ਅਤੇ ਹੋਰ ਭਿਆਨਕ ਬੇਲੋੜੇ ਕੁਦਰਤੀ ਵਰਤਾਰੇ ਹੋਰ ਵੱਡੇ ਪੱਧਰ ਤੱਕ ਵਾਪਰਨਗੇ।

ਜੰਗਲਾਂ ਨੂੰ ਅੱਗਾਂ ਲੱਗਣੀਆਂ ਵਧਣ ਕਾਰਨ ਬਚੇ-ਖੁਚੇ ਜੰਗਲ ਵੀ ਸੜ ਰਹੇ ਹਨ। ਜੰਗਲਾਂ ਦੇ ਸੜਨ ਨਾਲ਼ ਗ੍ਰੀਨ ਹਾਊਸ ਗੈਸਾਂ ਦੀ ਮਾਤਰਾ, ਵਾਤਾਵਰਨ ਵਿਚ ਹੋਰ ਵਧ ਜਾਂਦੀ ਹੈ ਅਤੇ ਤਾਪਮਾਨ ਵੀ ਹੋਰ ਵਧ ਜਾਂਦਾ ਹੈ। ਇਸ ਤਰ੍ਹਾਂ ਤਾਪਮਾਨ ਵਧਣ ਦਾ ਨਤੀਜਾ ਇਹ ਨਿਕਲਦਾ ਹੈ ਕਿ ਵਾਸ਼ਪੀਕਰਨ ਦੀ ਦਰ ਵਧ ਜਾਂਦੀ ਹੈ; ਵਾਸ਼ਪੀਕਰਨ ਇੱਕ ਦਮ ਵਧਣ ਕਾਰਨ ਜੋ ਬੱਦਲ ਬਣਦੇ ਹਨ, ਉਹ ਸੰਘਣੇ ਹੁੰਦੇ ਹਨ ਜਿਨ੍ਹਾਂ ਕਾਰਨ ਭਾਰੀ ਮੀਂਹ ਜਾਂ ਜਿਸ ਨੂੰ ਬੱਦਲਾਂ ਦਾ ਫਟਣਾ ਵੀ ਕਿਹਾ ਜਾਂਦਾ ਹੈ, ਵਰਗੇ ਵਰਤਾਰੇ ਸਾਹਮਣੇ ਆਉਂਦੇ ਹਨ। ਪਹਾੜਾਂ ਉੱਤੇ ਜੰਗਲਾਂ ਦੀ ਕਟਾਈ ਕਾਰਨ ਇਹ ਹੋਰ ਵੀ ਭਿਆਨਕ ਹੋ ਜਾਂਦਾ ਹੈ ਜਿੱਥੇ ਤਿੱਖੀਆਂ ਢਲਾਣਾਂ ਪਾਣੀ ਦੇ ਵਹਾਅ ਨਾਲ ਵਗ ਜਾਂਦੀਆਂ ਹਨ। ਇਸ ਨਾਲ ਪਹਾੜਾਂ ਦੀਆਂ ਬਨਸਪਤੀਆਂ ਅਤੇ ਜੀਵ ਮਰ ਮੁੱਕ ਜਾਂਦੇ ਹਨ। ਅੰਤ ਵਿਚ ਮੈਦਾਨੀ ਇਲਾਕੇ ਭਾਰੀ ਹੜ੍ਹਾਂ ਦਾ ਸ਼ਿਕਾਰ ਹੋ ਜਾਂਦੇ ਹਨ।

ਇਸ ਲਈ ਹੁਣ ਜਿਨ੍ਹਾਂ ਹਾਲਾਤ ਵਿਚੋਂ ਅਸੀਂ ਗੁਜ਼ਰ ਰਹੇ ਹਾਂ, ਇਸ ਵਿਚ ਕੁਝ ਵੀ ਕੁਦਰਤੀ ਨਹੀਂ ਹੈ ਕਿਉਂਕਿ ਇਸ ਸਭ ਕਾਸੇ ਲਈ ਸਰਮਾਏਦਾਰਾ ਪ੍ਰਬੰਧ ਜ਼ਿੰਮੇਵਾਰ ਹੈ।

**ਕੀ ਸਰਮਾਏਦਾਰਾ ਪ੍ਰਬੰਧ ਕੁਦਰਤ ਨੂੰ ਸੰਵਾਰ ਸਕਦਾ ਹੈ?**

ਪੈਦਾਵਾਰ ਮੁਨਾਫੇ ਲਈ ਹੋ ਜਾਣ ਤੋਂ ਬਾਅਦ ਇਸ ਪ੍ਰਬੰਧ ਵਿਚ ਮਨੁੱਖ ਅਤੇ ਪ੍ਰਕਿਰਤੀ, ਦੋਵੇਂ ਪਿੱਛੇ ਧੱਕ ਦਿੱਤੇ ਜਾਂਦੇ ਹਨ ਜਿੱਥੇ ਸਰਮਾਏਦਾਰ ਜੰਗਲਾਂ, ਨਦੀਆਂ, ਪਹਾੜਾਂ, ਸਮੁੰਦਰਾਂ ਅਤੇ ਮਨੁੱਖਾਂ ਦੀ ਅੰਨ੍ਹੇਵਾਹ ਲੁੱਟ ਸ਼ੁਰੂ ਕਰ ਦਿੰਦਾ ਹੈ। ਇਸ ਗੈਰ-ਜਥੇਬੰਦ ਪੈਦਾਵਾਰ ਨੇ ਅੱਜ ਵਾਤਾਵਰਨ ਨੂੰ ਇੰਨੀ ਬੁਰੀ ਤਰ੍ਹਾਂ ਝੰਬ ਸੁੱਟਿਆ ਹੈ ਕਿ ਧਰਤੀ ਦੇ ਕੁੱਲ ਕੁਦਰਤੀ ਵਰਤਾਰਿਆਂ ਵਿਚ ਵਿਗਾੜ ਪੈਦਾ ਹੋ ਗਿਆ ਹੈ। ਇਹ ਪ੍ਰਬੰਧ ਜਿਸ ਅਧੀਨ ਅੱਜ ਅਸੀਂ ਜੀਅ ਰਹੇ ਹਾਂ, ਇਹ ਪੂਰੀ ਤਰ੍ਹਾਂ ਲੁੱਟ ਆਧਾਰਿਤ ਪ੍ਰਬੰਧ ਹੈ ਜਿਸ ਲਈ ਹਰ ਸ਼ੈਅ ਸਿਰਫ ਮੁਨਾਫੇ ਦਾ ਸ੍ਰੋਤ ਹੈ। ਇਸ ਪ੍ਰਬੰਧ ਵਿਚ ਵਿਗਿਆਨ ਅਤੇ ਕੁੱਲ ਵਿਗਿਆਨਕ ਖੋਜਾਂ ਸਰਮਾਏਦਾਰਾਂ ਦੇ ਮੁਨਾਫੇ ਲਈ ਕੰਮ ਕਰਦੀਆਂ ਹਨ।

ਇਸ ਪ੍ਰਬੰਧ ਵਿਚ ਇੱਕ ਪਾਸੇ ਧਨਾਢਾਂ ਕੋਲ ਪੈਸੇ ਦੇ ਅੰਬਾਰ ਹਨ, ਦੂਜੇ ਪਾਸੇ ਆਮ ਕਿਰਤੀ ਲੋਕਾਈ ਹੈ ਜਿਸ ਦਾ ਵੱਡਾ ਹਿੱਸਾ ਭੁੱਖਮਰੀ ਦਾ ਸ਼ਿਕਾਰ ਹੈ। ਇਸ ਪ੍ਰਬੰਧ ਅਧੀਨ ਵਾਤਾਵਰਨ ਨੂੰ ਬਚਾਉਣ ਅਤੇ ਸਾਂਭਣ ਦੇ ਕਾਨੂੰਨ ਸਿਰਫ ਕਾਗਜ਼ਾਂ ਵਿਚ ਹੀ ਸੀਮਤ ਰਹਿ ਜਾਂਦੇ ਹਨ। ਸਰਕਾਰੀ ਅਫਸਰ ਅਤੇ ਕਾਨੂੰਨ ਪੈਸੇ ਨਾਲ ਖਰੀਦੇ ਜਾਂਦੇ ਹਨ ਅਤੇ ਇਹ ਕੁਦਰਤੀ ਸਾਧਨਾਂ ਦੀ ਅੰਨ੍ਹੀ ਲੁੱਟ ਕਰਨ ਲਈ ਅੱਖਾਂ ਬੰਦ ਕਰ ਲੈਂਦੇ ਹਨ। ਇਸ ਪ੍ਰਬੰਧ ਅਧੀਨ ਵਾਤਾਵਰਨ ਬਚਾਉਣ ਲਈ ਜੱਦੋ-ਜਹਿਦ ਕਰਦੇ ਰਹਿਣਾ ਬਹੁਤ ਜ਼ਰੂਰੀ ਹੈ ਪਰ ਉਸ ਤੋਂ ਵੀ ਵੱਧ ਜ਼ਰੂਰੀ ਹੈ, ਇਸ ਪ੍ਰਬੰਧ ਦਾ ਤਖਤਾ ਪਲਟ ਕਰਨਾ ਅਤੇ ਇਸ ਦੀ ਥਾਂ ਇਸ ਤਰ੍ਹਾਂ ਦਾ ਸਮਾਜਿਕ ਪ੍ਰਬੰਧ ਸਥਾਪਿਤ ਕਰਨਾ ਜਿਸ ਦਾ ਕੇਂਦਰ ਕਿਰਤੀ ਲੋਕ ਅਤੇ ਕੁਦਰਤ ਹੋਵੇ; ਜਿੱਥੇ ਮੁਨਾਫੇ ਦੀ ਕੋਈ ਥਾਂ ਨਾ ਹੋਵੇ।

ਅੱਜ ਯੂਰੋਪ ਦੇ ਜੰਗਲਾਂ ਵਿਚ ਫੈਲੀਆਂ ਅੱਗਾਂ ਇਸ ਗੱਲ ਦੀ ਗਵਾਹੀ ਹਨ ਕਿ ਕੁਦਰਤ ਦੀ ਜਿੰਨੀ ਬਰਬਾਦੀ ਸਰਮਾਏਦਾਰੀ ਨੇ ਕੀਤੀ ਹੈ, ਓਨਾ ਹੀ ਹਰਜਾਨਾ ਸਾਨੂੰ ਭੁਗਤਣਾ ਪੈ ਰਿਹਾ ਹੈ। ਆਓ, ਇੱਕਜੁੱਟ ਹੋ ਕੇ ਕੁਦਰਤੀ ਆਫਤਾਂ ਤੋਂ ਬਚਣ ਲਈ ਇਸ ਬਰਬਾਦੀ ਦੇ ਰਥ, ਸਰਮਾਏਦਾਰਾ ਪ੍ਰਬੰਧ, ਨੂੰ ਤਬਾਹ ਕਰੀਏ।

**ਸੰਪਰਕ:** 96533-59244


Sri Satguru Jagjit Singh Ji eLibrary NamdhariElibrary@gmail.com



ਪੰਜਾਬੀ ਖੇਡ ਸਾਹਿਤ
ਲੜੀ ਨੰਬਰ 109

# ਸੰਘਰਸ਼ਾਂ ਦਾ ਸਾਥੀ ਸਾਧੂ ਸਿੰਘ ਸੰਘਾ

**ਸਾਧੂ ਸਿੰਘ ਸੰਘਾ ਦਾ ਜਨਮ ਨਵੰਬਰ 1945 ਦਾ ਹੈ। ਕਾਲਜ ਵਿਚ ਪੜ੍ਹਦਿਆਂ ਉਹ ਵਿਦਿਆਰਥੀ ਜਥੇਬੰਦੀ ਦਾ ਮੈਂਬਰ ਬਣ ਗਿਆ ਅਤੇ ਮਾਰਕਸਵਾਦੀ ਸਾਹਿਤ ਦੇ ਲੜ ਲੱਗ ਗਿਆ। ਉਸ ਨੇ ਪਿੰਡ ਵਿਚ ਨੌਜਵਾਨ ਭਾਰਤ ਸਭਾ ਬਣਾਈ ਅਤੇ ਸਮਾਜ ਸੁਧਾਰ ਦੇ ਕਾਰਜ ਆਰੰਭੇ। ਉਹਨੇ ਕੁਝ ਸਾਲ ਖੇਤੀਬਾੜੀ ਅਤੇ ਨਾਲ ਬਿਜਲੀ ਬੋਰਡ ਦੀ ਨੌਕਰੀ ਕੀਤੀ। ਬਿਜਲੀ ਬੋਰਡ ਦੀ ਨੌਕਰੀ ਕਰਦਿਆਂ ਕਰਮਚਾਰੀਆਂ ਦੀ ਟੈਕਨੀਕਲ ਸਰਵਿਸਜ਼ ਯੂਨੀਅਨ ਵਿਚ ਵਧ ਚੜ੍ਹ ਕੇ ਸੰਘਰਸ਼ ਕੀਤਾ। ਸਟੇਜ ਤੋਂ ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਗਾਉਂਦਾ ਉਹ ਆਪ ਵੀ ਕਵਿਤਾਵਾਂ ਲਿਖਣ ਤੇ ਸੁਣਾਉਣ ਲੱਗ ਪਿਆ। ਉਹ ਸੰਘਰਸ਼ੀ ਲੇਖਕ ਹੈ। ਉਹਨੇ ਦੋ ਨਾਵਲ 'ਤਿੜਕਦੀ ਹਵੇਲੀ' ਅਤੇ 'ਸੰਘਰਸ਼ੀ ਰਾਹ' ਲਿਖੇ। 1982 ਤੋਂ ਉਹ ਅਮਰੀਕਾ ਵਿਚ ਹੈ ਪਰ ਆਪਣਾ ਪਿੰਡ, ਪੰਜਾਬ ਤੇ ਆਪਣੇ ਲੋਕ ਉਹਨੂੰ ਕਦੇ ਨਹੀਂ ਭੁੱਲੇ।**



ਪ੍ਰਿੰ. ਸਰਵਣ ਸਿੰਘ

ਸਾਧੂ ਸਿੰਘ ਸੰਘਾ ਸੰਘਰਸ਼ੀ ਲੇਖਕ ਹੈ। ਉਸ ਨੇ ਆਪਣੇ ਇਕ ਨਾਵਲ ਦਾ ਨਾਂ 'ਸੰਘਰਸ਼ੀ ਰਾਹ' ਰੱਖਿਆ ਹੈ। ਉਹ ਇਨਕਲਾਬੀ ਕਵੀ ਹੈ ਤੇ ਸਮਾਜਵਾਦੀ ਨਾਵਲਕਾਰ। ਖੇਡ ਪ੍ਰੇਮੀ ਵੀ ਹੈ। ਕਬੱਡੀ ਦੇ ਮੈਚ ਉਹ ਕਪੂਰਿਆਂ ਦੇ ਮੇਲੇ ਚ ਵੀ ਵੇਖਦਾ ਰਿਹਾ, ਢੁੱਡੀਕਿਆਂ ਦੇ ਲਾਜਪਤ ਰਾਏ ਖੇਡ ਮੇਲੇ ਵਿਚ ਵੀ ਤੇ ਪਤਾਲ ਦੀ ਧਰਤੀ ਅਮਰੀਕਾ ਦੇ ਕਬੱਡੀ ਮੇਲਿਆਂ ਵਿਚ ਵੀ। ਬਲਵੰਤ ਗਾਰਗੀ ਨੇ ਆਪਣੇ ਸਫ਼ਰਨਾਮੇ 'ਪਤਾਲ ਦੀ ਧਰਤੀ' ਦੇ ਮੁੱਢ 'ਚ ਲਿਖਿਆ ਹੈ ਕਿ ਸਾਡੇ ਸਕੂਲ ਮਾਸਟਰ ਨੇ ਆਪਣੀ ਖੂੰਡੀ ਧਰਤੀ 'ਤੇ ਗੱਡ ਕੇ ਕਿਹਾ ਸੀ, ਜੇ ਇਹ ਖੂੰਡੀ ਥੱਲੇ ਈ ਥੱਲੇ ਧੱਸਦੀ ਜਾਵੇ ਤਾਂ ਪਤਾਲ ਵਿਚ ਜਾ ਨਿਕਲੇਗੀ, ਉਥੇ ਅਮਰੀਕਾ ਹੈ। ਪੰਜਾਬ ਦੇ ਪ੍ਰਸ਼ਾਸਨ ਦਾ ਸਤਾਇਆ ਸਾਧੂ ਸਿੰਘ 1982 ਵਿਚ ਅਮਰੀਕਾ ਚਲਾ ਗਿਆ। ਪਹਿਲਾਂ ਲਾਸ ਏਂਜਲਸ ਰਿਹਾ ਤੇ 1998 ਤੋਂ ਫਰਿਜ਼ਨੋ ਰਹਿ ਰਿਹੈ। ਰਹਿੰਦਾ ਭਾਵੇਂ ਕੈਲੀਫੋਰਨੀਆ ਹੈ ਪਰ ਆਪਣਾ ਪਿੰਡ, ਆਪਣਾ ਪੰਜਾਬ ਤੇ ਆਪਣੇ ਲੋਕ ਉਹਨੂੰ ਕਦੇ ਨਹੀਂ ਭੁੱਲੇ। ਉਹਦੇ ਦੋਵੇਂ ਨਾਵਲ 'ਤਿੜਕਦੀ ਹਵੇਲੀ' ਤੇ 'ਸੰਘਰਸ਼ੀ ਰਾਹ' ਇਸ ਗੱਲ ਦੇ ਗਵਾਹ ਹਨ।

ਮੈਨੂੰ ਉਹ ਢੁੱਡੀਕੇ ਦੇ ਖੇਡ ਮੇਲੇ ਵਿਚ ਵੀ ਮਿਲਦਾ ਰਿਹਾ ਅਤੇ ਮਗਰੋਂ ਸੈਲਮਾ ਤੇ ਫਰਿਜ਼ਨੋ ਦੇ ਖੇਡ ਮੇਲਿਆਂ ਵਿਚ ਵੀ ਮਿਲਿਆ। ਖੇਡ ਮੇਲੇ ਵੇਖ ਕੇ ਖੇਡਾਂ ਦੀ ਚਰਚਾ ਵੀ ਕਰਦੈ। ਖੁਦ ਵੀ ਛੇ ਫੁੱਟਾ ਜੁਆਨ ਹੈ। 1990 ਵਿਚ ਜਦੋਂ ਅਸੀਂ ਪਹਿਲੀ ਵਾਰ ਅਮਰੀਕਾ ਗਏ ਤਾਂ ਲਾਸ ਏਂਜਲਸ ਦੇ ਹਵਾਈ ਅੱਡੇ ਤੋਂ ਸਿੱਧੇ ਉਹਦੇ ਘਰ ਪਹੁੰਚੇ ਸਾਂ। ਮੈਂ ਆਪਣੇ ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' (ਮੇਰੀ ਅਮਰੀਕਾ ਫੇਰੀ) ਵਿਚ 'ਮਿਲਣੀ ਮਿੱਤਰਾਂ ਦੀ' ਸਿਰਲੇਖ ਹੇਠ ਉਹਦੇ ਘਰ ਜੁੜੀ ਮਿੱਤਰਾਂ ਦੀ ਮਹਿਫ਼ਲ ਦਾ ਹੀ ਵਰਣਨ ਕੀਤਾ ਸੀ। ਫਿਰ ਉਹ ਮੇਰੇ ਭਰਾ ਭਜਨ ਸਿੰਘ ਸੰਧੂ ਦੇ ਘਰ ਮਨਾਏ ਮੇਰੇ 50ਵੇਂ ਜਨਮ ਦਿਨ 'ਤੇ ਪਰਿਵਾਰ ਸਮੇਤ ਬੇਕਰਜ਼ਫੀਲਡ ਪੁੱਜਾ। ਉਦੋਂ ਪਾਸ਼ ਦੀ ਪਤਨੀ ਰਾਣੀ, ਉਨ੍ਹਾਂ ਦੀ ਧੀ ਵਿੰਕਲ ਅਤੇ ਪਾਸ਼ ਦੇ ਮਾਤਾ ਪਿਤਾ ਭਜਨ ਦੇ ਗੁਆਂਢ ਹੀ ਰਹਿੰਦੇ ਸਨ। ਸੱਜੇ ਹੱਥ ਤੀਜਾ ਘਰ ਲਹਿੰਦੇ ਪੰਜਾਬ ਦੇ ਚੌਧਰੀ ਦਾ ਸੀ ਜਿਸ ਵਿਚ ਉਹ ਕਿਰਾਏਦਾਰ ਸਨ। ਮੇਰੇ ਜਨਮ ਦਿਨ ਦੇ ਚਾਅ ਵਿਚ ਭਜਨ ਦੀ ਪਤਨੀ ਰਵਿੰਦਰ ਨਾਲ ਰਸੋਈ 'ਚ ਹੱਥ ਵਟਾਉਂਦੀ ਰਾਣੀ ਮੈਨੂੰ ਆਪਣੀ ਨਿੱਕੀ ਭੈਣ ਜਾਪ ਰਹੀ ਸੀ। ਮੈਂ ਉਥੇ ਪਾਸ਼ ਦੇ ਪਿਤਾ ਸੋਹਣ ਸਿੰਘ ਸੰਧੂ ਅਤੇ ਰਾਣੀ ਨੂੰ ਪਹਿਲੀ ਵਾਰ ਮਿਲਿਆ ਸਾਂ। ਸਾਧੂ ਸਿੰਘ ਦੀ ਭੈਣ ਤੇ ਪਾਸ਼ ਦੀ ਭੈਣ ਢੁੱਡੀਕੇ ਦੇ ਸਰਪੰਚ ਰਾਮ ਸਿੰਘ ਦੇ ਪੁੱਤਰਾਂ ਨਛੱਤਰ ਸਿੰਘ ਤੇ ਹਰਸ਼ਰਨ ਧੀਦੋ ਨੂੰ ਵਿਆਹੀਆਂ ਦਰਾਣੀਆਂ ਜਠਾਣੀਆਂ ਸਨ। 1967 ਵਿਚ ਜਦੋਂ ਮੈਂ ਢੁੱਡੀਕੇ ਕਾਲਜ ਵਿਚ ਪੜ੍ਹਾਉਣ ਲੱਗਾ ਤਾਂ ਸਰਪੰਚ ਰਾਮ ਸਿੰਘ ਦੇ ਪੁੱਤਰ ਭੁਪਿੰਦਰ ਬੱਗੂ ਤੇ ਸ਼ਿੰਦਰਪਾਲ ਕਾਲਜ ਦੇ ਪਹਿਲੇ ਵਿਦਿਆਰਥੀ ਸਨ। ਇਨਕਲਾਬੀ ਸੋਚ ਪੱਖੋਂ ਸਾਧੂ, ਬੱਗੂ, ਪਾਸ਼ ਤੇ ਧੀਦੋ ਦਾ ਕਰੂਰਾ ਰਲ਼ਦਾ ਸੀ। ਰਲ਼ਦਾ ਤਾਂ ਬੱਗੂ ਦੇ ਭਤੀਜੇ ਨਿਰਭੈ ਤੇ ਕੁੱਕੀ ਦਾ ਵੀ ਸੀ। ਇਸੇ ਕਰਕੇ ਉਨ੍ਹਾਂ ਨੂੰ ਪੁਲੀਸ ਤੋਂ ਲੁਕਣਾ ਛਿਪਣਾ ਪੈਂਦਾ ਸੀ। ਕਾਲਜ ਵਿਚ ਸਟੂਡੈਂਟਸ ਫੈਡਰੇਸ਼ਨ ਦੀ ਅਗਵਾਈ ਬੰਤ ਸਿੰਘ ਬਰਾੜ ਕਰਦਾ ਸੀ ਤੇ ਸਟੂਡੈਂਟਸ ਯੂਨੀਅਨ ਦੀ ਭੁਪਿੰਦਰ ਸਿੰਘ ਗਿੱਲ। ਸਾਧੂ ਸਿੰਘ ਨੇ ਆਪਣੇ ਨਾਵਲ 'ਸੰਘਰਸ਼ੀ ਰਾਹ' ਦੇ ਪਹਿਲੇ ਪੰਨੇ 'ਤੇ ਲਿਖਿਆ ਹੈ:

ਇਨਸਾਨ ਹਮੇਸ਼ਾ ਸੰਘਰਸ਼ਸ਼ੀਲ ਰਿਹਾ ਹੈ। ਪੱਥਰ ਯੁੱਗ ਤੋਂ ਲੈ ਕੇ ਮਸ਼ੀਨੀ ਯੁੱਗ ਤਕ ਦਾ ਸਾਰਾ ਬਦਲਾਅ ਮਨੁੱਖ ਦੇ ਸੰਘਰਸ਼ ਕਰਕੇ ਹੀ ਸੰਭਵ ਹੋਇਆ ਹੈ। ਅਣਸਾਵੀਆਂ ਹਾਲਤਾਂ ਜੋ ਇਨਸਾਨ ਦੇ ਅਨੁਕੂਲ ਨਾ ਹੋਣ, ਉਨ੍ਹਾਂ ਨੂੰ ਸਾਵੀਆਂ ਹਾਲਤਾਂ 'ਚ ਬਦਲਣ ਲਈ ਮਨੁੱਖ ਹਮੇਸ਼ਾ ਤੋਂ ਹੀ ਜ਼ੋਰ ਤਾਣ ਲਾਉਂਦਾ ਆ ਰਿਹਾ ਹੈ। ਕਬੀਲਿਆਂ ਦੀ ਖਹਿਬਾਜ਼ੀ ਅਤੇ ਸਰੋਤਾਂ ਨੂੰ ਹਾਸਲ ਕਰਨ ਦੀ ਨੰਗੀ ਚਿੱਟੀ ਲੜਾਈ ਤੋਂ ਬਾਅਦ, ਧਨਾਢ ਅਤੇ ਜ਼ੋਰਾਵਰ ਦੇਸ਼ਾਂ ਵੱਲੋਂ ਕਮਜ਼ੋਰ ਅਤੇ ਪਛੜੇ ਦੇਸ਼ਾਂ ਵਿਚ ਦਖਲ ਅੰਦਾਜ਼ੀ ਕਰ ਕੇ, ਲੋਕਾਂ ਦੀ ਮਿਹਨਤ ਦੀ ਲੁਕਵੀਂ ਲੁੱਟ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਜਿਸ ਨੂੰ ਸਾਮਰਾਜੀ ਲੁੱਟ ਦਾ ਨਾਂ ਵੀ ਦਿੱਤਾ ਗਿਆ। ਵਿਦੇਸ਼ੀ ਲੁਟੇਰੇ ਇਹ ਲੁੱਟ, ਦੇਸੀ ਹਾਕਮਾਂ ਦੀ ਸ਼ਹਿ ਜਾਂ ਭਾਈਵਾਲੀ ਤੋਂ ਬਿਨਾ ਨਹੀਂ ਸਨ ਕਰ ਸਕਦੇ। ਸਿੱਟੇ ਵਜੋਂ ਆਪਣੇ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਮਿਹਨਤ ਨੂੰ ਲੁੱਟਣ ਲਈ, ਸਮੇਂ ਸਮੇਂ ਦੀਆਂ ਹਾਕਮ ਜਮਾਤਾਂ, ਘੱਟ ਤਨਖਾਹ, ਜਿਣਸਾਂ ਦੇ ਘੱਟ ਭਾਅ, ਵੱਧ ਸਮੇਂ ਲਈ ਅਤੇ ਵੱਧ ਤੋਂ ਵੱਧ ਕੰਮ ਕਰਵਾਉਣ ਵਰਗੀਆਂ ਹਾਲਤਾਂ ਨਾਲ ਮਿਹਨਤਕਸ਼ ਜਮਾਤ ਦਾ ਖ਼ੂਨ ਨਿਚੋੜ ਕੇ, ਆਪਣੀਆਂ ਤਿਜੌਰੀਆਂ ਭਰਨ ਦੇ ਰਾਹ ਪੈ ਗਈਆਂ। ਮਿਹਨਤਕਸ਼ ਜਮਾਤ ਨੂੰ ਜਿਵੇਂ ਜਿਵੇਂ ਸਮਝ ਆਉਂਦੀ ਗਈ, ਤਿਵੇਂ ਤਿਵੇਂ ਉਹ ਜਥੇਬੰਦ ਹੋ ਕੇ ਇਨ੍ਹਾਂ ਹਾਲਤਾਂ ਨੂੰ ਬਦਲਣ ਲਈ ਸੰਘਰਸ਼ ਦਾ ਰਾਹ ਫੜਦੀ ਗਈ। ਮੇਰੀ ਇਹ ਲਿਖਤ ਵੀ ਚੇਤੰਨ ਹੋਈ ਮਜ਼ਦੂਰ ਜਮਾਤ ਵੱਲੋਂ, ਲੁਟੇਰੀਆਂ ਜਮਾਤਾਂ ਖ਼ਿਲਾਫ਼, ਆਪਣੀ ਮਿਹਨਤ ਨੂੰ ਲੁੱਟ ਤੋਂ ਬਚਾਉਣ ਲਈ, ਮੇਰੀ ਸੋਚ ਵਿਚੋਂ ਉਭਰੀ ਲੜੀਬੱਧ ਅਤੇ ਲੰਬੇ ਜਥੇਬੰਦਕ ਸੰਘਰਸ਼ ਦੀ ਦਾਸਤਾਨ ਹੈ। ਇਸ ਵਿਚ ਮਨਾਂ ਅੰਦਰ ਦੱਬੇ ਹੋਏ ਜੁਝਾਰੂਪਣ ਨੂੰ ਆਪਣੇ ਹੱਕਾਂ ਲਈ ਅਣਖ ਅਤੇ ਰੋਹ ਵਿਚ ਬਦਲ ਕੇ, ਚਾਨਣ ਦੀ ਤਲਾਸ਼ ਲਈ ਤੁਰਨ ਦਾ ਇਕ ਅਕੀਦਾ ਹੈ।

ਨਾਵਲਕਾਰ ਬਲਦੇਵ ਸਿੰਘ ਨੇ ਇਸ ਨਾਵਲ ਬਾਰੇ ਲਿਖਿਆ: ਇਸ ਨਾਵਲ ਦੀ ਸਿਰਜਣ-ਭੂਮੀ, ਪੰਜਾਬ ਦਾ ਮਲਵਈ ਖਿੱਤਾ ਹੈ; ਖ਼ਾਸ ਕਰਕੇ ਮੋਗਾ, ਉਸ ਦੇ ਆਲੇ ਦੁਆਲੇ ਦੇ ਪਿੰਡ, ਜਗਰਾਵਾਂ, ਬੱਦੋਵਾਲ, ਲੁਧਿਆਣਾ, ਖੇਤੀਬਾੜੀ ਯੂਨੀਵਰਸਿਟੀ, ਇਹ ਸਭ ਨਾਮ ਨਾਵਲ ਦੀ ਯਥਾਰਥਿਕਤਾ ਵਿਚ ਵਾਧਾ ਕਰਦੇ ਹਨ। ਅਮਰਦੀਪ ਦੇ ਜੀਵਨ ਵਿਚ ਅਨੇਕਾਂ ਦੁਸ਼ਵਾਰੀਆਂ ਆਉਂਦੀਆਂ ਹਨ। ਉਹ ਜੇਲ੍ਹ ਜਾਂਦਾ ਹੈ ਪਰ ਆਪਣੇ ਮਕਸਦ ਤੋਂ ਡੋਲਦਾ ਨਹੀਂ ਸਗੋਂ ਲੋਕਾਂ ਦੇ ਹਿਤਾਂ ਬਾਰੇ ਉਸ ਦੀ ਸਮਝ ਹੋਰ ਪੁਖ਼ਤਾ ਹੋ ਜਾਂਦੀ ਹੈ। ਇਸ ਤਰ੍ਹਾਂ ਸਾਧੂ ਸਿੰਘ ਸੰਘਾ ਨੇ ਪੰਜਾਬੀ ਬੰਦੇ ਦੀ ਹੋਣੀ ਅਤੇ ਪੰਜਾਬੀ ਨੌਜੁਆਨਾਂ ਦੀ ਜੁਝਾਰੂ ਸੋਚ ਨੂੰ ਇਸ ਢੰਗ ਨਾਲ ਪ੍ਰਸਤੁਤ ਕੀਤਾ ਹੈ ਕਿ ਆਖ਼ਿਰ ਵਿਚ ਉਹ ਆਪਣੇ ਸੰਕਟਾਂ ਉਤੇ ਫਤਿਹ ਪਾਉਂਦੇ ਹਨ।



ਸਾਧੂ ਸਿੰਘ ਸੰਘਾ ਦੇ ਨਾਵਲ 'ਸੰਘਰਸ਼ੀ ਰਾਹ' ਦਾ ਸਰਵਰਕ।

ਇਹ ਨਾਵਲ ਦਸਦਾ ਹੈ, ਜੇ ਏਕਤਾ ਹੋਵੇ, ਜਥੇਬੰਦੀਆਂ ਦੇ ਕਾਰਕੁਨ ਅਤੇ ਅਹੁਦੇਦਾਰ ਸੁਹਿਰਦ ਹੋਣ ਤਾਂ ਜਿੱਤ ਯਕੀਨੀ ਹੈ। ਮੈਨੂੰ ਮਾਣ ਹੈ, ਮੇਰੇ ਜ਼ਿਲ੍ਹੇ ਵਿਚ ਇਕ ਹੋਰ ਨਾਵਲਕਾਰ ਨੇ ਪੱਕੇ ਪੈਰੀਂ ਆਪਣੀ ਦਸਤਕ ਦਿੱਤੀ ਹੈ।

ਜਦੋਂ ਮੈਂ ਇਹ ਨਾਵਲ ਪੜ੍ਹਿਆ ਤਾਂ ਮੈਨੂੰ ਲੱਗਾ ਜਿਵੇਂ 'ਸੰਘਰਸ਼ੀ ਰਾਹ' ਦਾ ਨਾਇਕ ਅਮਰਦੀਪ ਸਾਧੂ ਸਿੰਘ ਆਪ ਹੀ ਹੋਵੇ। ਡਾ. ਪ੍ਰਿਥੀਪਾਲ ਸਿੰਘ ਸੋਹੀ ਦੀ 'ਸੰਘਰਸ਼ੀ ਰਾਹ' ਦੇ ਸਰਵਰਕ ਉਤੇ ਟਿੱਪਣੀ ਹੈ: ਸਾਧੂ ਸਿੰਘ ਦਾ ਇਹ ਨਾਵਲ ਮੁੱਖ ਰੂਪ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੀ ਇਕ ਮੁਲਾਜ਼ਮ ਜਥੇਬੰਦੀ ਦੇ ਸੰਘਰਸ਼ ਅਤੇ ਚੁਣੌਤੀਆਂ ਦੁਆਲੇ ਘੁੰਮਦਾ ਹੈ ਪਰ ਇਸ ਦੇ ਨਾਲ ਨਾਲ ਇਸ ਵਿਚ ਪਿੰਡ ਦੇ ਰਾਜਨੀਤਕ ਅਤੇ ਸਮਾਜਿਕ ਧਰਾਤਲ ਨੂੰ ਵੀ ਬੜੀ ਖ਼ੂਬੀ ਨਾਲ ਬਿਆਨ ਕੀਤਾ ਗਿਆ ਹੈ। ਇਸ ਤੋਂ ਪਤਾ ਲੱਗਦਾ ਕਿ ਅੱਜ ਤੋਂ ਅੱਧੀ ਸਦੀ ਪਹਿਲਾਂ ਪਿੰਡ ਦੇ ਨੌਜੁਆਨ ਸੱਤਾ ਦੀ ਰਾਜਨੀਤੀ ਤੋਂ ਉਪਰ ਉੱਠ ਕੇ ਕਿਵੇਂ ਪਿੰਡ ਦੀ ਭਲਾਈ ਲਈ ਸੋਚਦੇ ਸਨ। ਪਿੰਡ ਦੀ ਸੱਤਾ 'ਤੇ ਕਾਬਜ਼ ਧਿਰਾਂ ਕਿਵੇਂ ਕੁਰੱਪਸ਼ਨ ਤੇ ਹੇਰਾਫੇਰੀਆਂ ਵਿਚ ਗ੍ਰਸਤ ਹੋ ਜਾਂਦੀਆਂ ਸਨ। ਹਥਲਾ ਨਾਵਲ ਇਕ ਵਾਰ ਫਿਰ ਸਮਾਜਵਾਦੀ ਸਿਧਾਂਤ ਦੀਆਂ ਜੜ੍ਹਾਂ ਨੂੰ ਪਾਣੀ ਲਾਉਂਦਾ ਵਿਖਾਈ ਦਿੰਦਾ ਹੈ। ਭਾਰਤ ਦਾ ਕਿਸਾਨੀ ਸੰਘਰਸ਼ ਜਿਸ ਤਰ੍ਹਾਂ ਕਾਰਪੋਰੇਟੀ ਅਦਾਰਿਆਂ ਨੂੰ ਚੁਣੌਤੀ ਦੇ ਰਿਹਾ ਸੀ ਅਤੇ ਲੋਕ ਸੱਤਾ ਦੇ ਪਰਦੇ ਨੂੰ ਨੰਗਾ ਕਰ ਰਿਹਾ ਸੀ ਜੋ ਲੋਕਾਂ ਦੀਆਂ ਵੋਟਾਂ ਤੋਂ ਸੱਤਾ ਲੈ ਕੇ ਵੱਡੇ ਘਰਾਣਿਆਂ ਦੇ ਹਿਤਾਂ ਦੀ ਪੂਰਤੀ ਕਰਦਾ ਹੈ, ਉਸ ਸਮੇਂ ਅਜਿਹੇ ਨਾਵਲ ਦਾ ਲੋਕਾਂ ਸਾਹਮਣੇ ਪੇਸ਼ ਹੋਣਾ ਵਿਸ਼ੇਸ਼ ਮਾਇਨੇ ਰੱਖਦਾ ਹੈ। ਕਰੋਨਾਵਾਇਰਸ ਨੇ ਵੀ ਸਮੁੱਚੀ ਦੁਨੀਆ ਵਿਚ ਸਾਮਰਾਜਵਾਦੀ ਵਿਵਸਥਾ ਦੇ ਮਾੜੇ ਪੱਖ ਉਜਾਗਰ ਕੀਤੇ ਹਨ।

ਸਾਧੂ ਸਿੰਘ ਦਾ ਜਨਮ ਫੁੱਮਣ ਸਿੰਘ ਅਤੇ ਕਰਤਾਰ ਦੇ ਘਰ ਮੋਗੇ ਨੇੜਲੇ ਪਿੰਡ ਦੋਸਾਂਝ ਵਿਚ ਨਵੰਬਰ 1945 'ਚ ਹੋਇਆ ਸੀ। ਪ੍ਰਾਇਮਰੀ ਦੀ ਪੜ੍ਹਾਈ ਉਸ ਨੇ ਪਿੰਡ ਦੇ ਸਕੂਲ ਤੋਂ ਕੀਤੀ ਤੇ ਹਾਇਰ ਸਕੰਡਰੀ, ਭੁਪਿੰਦਰਾ ਖਾਲਸਾ ਹਾਇਰ ਸਕੰਡਰੀ ਸਕੂਲ ਮੋਗੇ ਤੋਂ ਕਰ ਕੇ ਡੀਐੱਮ ਕਾਲਜ ਮੋਗੇ ਵਿਚ ਦਾਖਲ ਹੋ ਗਿਆ। ਉਸ ਦੇ ਪਿਤਾ ਦੀ ਰੀਝ ਸੀ ਕਿ ਮੇਰਾ ਇਕਲੌਤਾ ਪੁੱਤਰ ਵਧ ਤੋਂ ਵਧ ਪੜ੍ਹੇ। ਉਸ ਨੂੰ ਇੰਜਨੀਅਰ ਬਣਾਉਣ ਲਈ ਪ੍ਰੀ-ਇੰਜਨੀਅਰਿੰਗ ਕਲਾਸ ਵਿਚ ਪੜ੍ਹਨੇ ਪਾਇਆ ਗਿਆ ਪਰ ਕੁਦਰਤ ਦਾ ਗੇੜ ਅਜਿਹਾ ਬਣਿਆ ਕਿ ਉਸ ਦੇ ਬਾਪ ਦੀ ਅਧੇੜ ਉਮਰ ਵਿਚ ਹੀ ਮ੍ਰਿਤੂ ਹੋ ਗਈ। ਕਬੀਲਦਾਰੀ ਦਾ ਬੋਝ ਸਾਧੂ ਸਿੰਘ ਦੇ ਸਿਰ ਆਣ ਪਿਆ ਜਿਸ ਕਰਕੇ ਉਹ ਇੰਜਨੀਅਰਿੰਗ ਕਾਲਜ ਲੁਧਿਆਣੇ ਦਾਖਲਾ ਨਾ ਲੈ ਸਕਿਆ। ਏਨੀ ਕੁ ਢਾਰਸ ਜ਼ਰੂਰ ਰਹੀ ਕਿ ਉਸ ਦੀ ਭੈਣ, ਬਾਪ ਦੇ ਜਿਊਂਦੇ ਜੀਅ ਢੁੱਡੀਕੇ ਦੇ ਵੱਡੇ ਪਰਿਵਾਰ ਵਿਚ ਵਿਆਹੀ ਗਈ।

ਉਸ ਨੇ ਕੁਝ ਸਾਲ ਖੇਤੀਬਾੜੀ ਤੇ ਨਾਲ ਬਿਜਲੀ ਬੋਰਡ ਦੀ ਨੌਕਰੀ ਕੀਤੀ। ਕਾਲਜ ਵਿਚ ਪੜ੍ਹਦਿਆਂ ਉਹ ਵਿਦਿਆਰਥੀ ਜਥੇਬੰਦੀ ਦਾ ਮੈਂਬਰ ਬਣ ਗਿਆ ਸੀ ਅਤੇ ਮਾਰਕਸਵਾਦੀ ਸਾਹਿਤ ਦੇ ਲੜ ਲੱਗ ਗਿਆ ਸੀ। ਉਸ ਨੇ ਪਿੰਡ ਸੁਧਾਰ ਲਈ ਨੌਜਵਾਨ ਭਾਰਤ ਸਭਾ ਬਣਾਈ ਤੇ ਪਿੰਡ ਵਿਚ ਸਮਾਜ ਸੁਧਾਰ ਦੇ ਕਾਰਜ ਆਰੰਭੇ। ਬਿਜਲੀ ਬੋਰਡ ਦੀ ਨੌਕਰੀ ਕਰਦਿਆਂ ਕਰਮਚਾਰੀਆਂ ਦੀ ਟੈਕਨੀਕਲ ਸਰਵਿਸਜ਼ ਯੂਨੀਅਨ ਵਿਚ ਵਧ ਚੜ੍ਹ ਕੇ ਸੰਘਰਸ਼ ਕੀਤਾ। ਸਟੇਜ ਤੋਂ ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਗਾਉਂਦਾ ਉਹ ਆਪ ਵੀ ਕਵਿਤਾਵਾਂ ਲਿਖਣ ਤੇ ਸੁਣਾਉਣ ਲੱਗ ਪਿਆ। ਸੂਹੀਏ ਬਿੜਕਾਂ ਲੈਣ ਲੱਗੇ। ਢੁੱਡੀਕੇ ਵਾਲੇ ਪਰਿਵਾਰ ਨਾਲ ਉਹਦੀ ਭੈਣ ਅਮਰੀਕਾ ਗਈ ਤਾਂ ਸਾਧੂ ਸਿੰਘ ਦਾ ਵੀ ਅਮਰੀਕਾ ਜਾਣ ਦਾ ਗੇੜ ਬਣ ਗਿਆ ਤੇ 1982 ਵਿਚ ਉਹ ਪਰਿਵਾਰ ਸਮੇਤ ਅਮਰੀਕਾ ਜਾ ਪੁੱਜਾ। ਪਾਸ਼ ਦੀ ਭੈਣ ਵੀ ਅਮਰੀਕਾ ਸੀ ਪਰ ਉਹ ਉਸ ਤੋਂ ਚਾਰ ਸਾਲ ਬਾਅਦ ਪੁੱਜਾ। ਸਾਧੂ ਨੂੰ ਪਹਿਲੀ ਨੌਕਰੀ ਇਲੈਕਟ੍ਰੌਨਿਕ ਕੰਪਨੀ ਵਿਚ ਮਿਲੀ ਜਿਥੇ ਕੰਮ ਕਰਦਿਆਂ ਇਲੈਕਟ੍ਰੌਨਿਕ ਟੈਕਨੀਸ਼ਨ ਦਾ ਡਿਪਲੋਮਾ ਕਰ ਲਿਆ। ਉਸ ਡਿਪਲੋਮੇ ਸਦਕਾ ਨਾਰਥੋਰੋਪ ਏਅਰ ਕਰਾਫਟ ਕਾਰਪੋਰੇਸ਼ਨ ਵਿਚ ਨੌਕਰੀ ਅਤੇ ਕੁਆਲਟੀ ਇੰਜਨੀਅਰਿੰਗ ਦੀ ਪੜ੍ਹਾਈ ਨਾਲ ਕੁਆਲਟੀ ਕੰਟਰੋਲ ਇੰਸਪੈਕਟਰ ਦੀ ਹੋਰ ਚੰਗੇਰੀ ਨੌਕਰੀ ਮਿਲ ਗਈ। 1998 ਤੋਂ 2012 ਤਕ ਉਹ ਕੈਲੀਫੋਰਨੀਆ ਸਟੇਟ ਦੇ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ ਵਿਚ ਡਿਜ਼ਾਈਨ ਇੰਜਨੀਅਰ ਲੱਗਾ ਰਿਹਾ। ਨੌਕਰੀ ਤੋਂ ਰਿਟਾਇਰ ਹੋ ਕੇ ਉਹ ਗ਼ਦਰ ਲਹਿਰ ਨੂੰ ਸਮਰਪਿਤ ਸੰਸਥਾ ਇੰਡੋ-ਯੂਐੱਸਏ ਹੈਰੀਟੇਜ ਫਰਿਜ਼ਨੋ ਅਤੇ ਸਾਹਿਤ ਸਭਾਵਾਂ ਵਿਚ ਭਾਗ ਲੈਣ ਲੱਗਾ। ਹੁਣ ਉਹ ਕੈਲੀਫੋਰਨੀਆ ਦੇ ਪੰਜਾਬੀ ਕਵੀ ਦਰਬਾਰਾਂ ਦੀ ਸ਼ਾਨ ਤੇ ਸਾਹਿਤ ਸਭਾਵਾਂ ਦਾ ਰੂਹੇ-ਰਵਾਂ ਹੈ।

'ਸੰਘਰਸ਼ੀ ਰਾਹ' ਤੋਂ ਪਹਿਲਾਂ ਉਸ ਨੇ ਨਾਵਲ 'ਤਿੜਕਦੀ ਹਵੇਲੀ' ਛਪਵਾਇਆ ਸੀ। ਉਹ ਨਾਵਲ ਪਿੰਡ ਤਲਵੰਡੀ ਦੀ 'ਹਵੇਲੀ' ਦੁਆਲੇ ਘੁੰਮਦੈ। ਸਾਧੂ ਸਿੰਘ ਖ਼ੁਦ ਤਲਵੰਡੀ ਦੋਸਾਂਝ ਦਾ ਜੰਮਪਲ ਹੈ। ਉਥੋਂ ਨਾਵਲਕਾਰ ਜਸਵੰਤ ਸਿੰਘ ਕੰਵਲ ਦਾ ਪਿੰਡ ਢੁੱਡੀਕੇ ਵੀ ਨੇੜੇ ਹੀ ਪੈਂਦਾ ਹੈ। ਉਸ ਉਤੇ ਕੰਵਲ ਦੇ ਨਾਵਲਾਂ ਦਾ ਪ੍ਰਭਾਵ ਪੈਣਾ ਸੁਭਾਵਿਕ ਸੀ। ਸਾਹਿਤ ਸਭਾਵਾਂ ਦਾ ਸ਼ੌਕ ਉਸ ਨੂੰ ਮੋਗੇ ਤੋਂ ਹੀ ਲੱਗਾ ਸੀ ਜੋ ਫਰਿਜ਼ਨੋ ਵਿਚ ਵੀ ਕਾਇਮ ਹੈ। ਕੰਵਲ ਦੇ ਨਾਵਲਾਂ, ਖ਼ਾਸ ਕਰਕੇ 'ਪੂਰਨਮਾਸ਼ੀ' ਨੇ ਕਈ ਨਵੇਂ ਲੇਖਕਾਂ ਨੂੰ ਨਾਵਲ ਲਿਖਣ ਵੱਲ ਪ੍ਰੇਰਿਆ ਜਿਨ੍ਹਾਂ 'ਚ ਸੰਘਾ ਵੀ ਸ਼ਾਮਲ ਹੈ। ਨਾਵਲ ਪੂਰਨਮਾਸ਼ੀ ਦੀ ਕਹਾਣੀ 'ਚ ਨਵੇਂ ਪਿੰਡ (ਢੁੱਡੀਕੇ) ਦਾ ਬਣਦਾ ਫਬਦਾ ਜੁਆਨ 'ਰੂਪ' ਆਪਣੇ ਨਾਨਕੇ ਪਿੰਡ ਦਾਤੇ ਨੂੰ ਜਾਂਦਾ ਹੈ। ਖੇਤਾਂ 'ਚ ਪਿੰਡ ਕਪੂਰੇ ਦੀਆਂ ਕੁੜੀਆਂ ਚੰਨੋ ਤੇ ਸ਼ਾਮੋ ਸਾਗ ਤੋੜਦੀਆਂ ਹਨ। ਚੰਨੋ ਤੇ ਰੂਪ ਦੀ ਨਜ਼ਰ ਹੀਰ ਰਾਂਝੇ ਵਾਂਗ ਮਿਲਦੀ ਹੈ ਤਾਂ ਹੀਰ ਹੱਸ ਕੇ ਤੇ ਮਿਹਰਬਾਨ ਹੋਈ ਵਾਂਗ ਉਨ੍ਹਾਂ ਦਾ ਪਿਆਰ ਪੈ ਜਾਂਦਾ ਹੈ। ਪਿਆਰ ਕਹਾਣੀ ਅੱਗੇ ਵਧਦੀ ਹੈ ਪਰ ਉਨ੍ਹਾਂ ਦਾ ਵਿਆਹ ਹੋਣੋ ਰਹਿ ਜਾਂਦਾ ਹੈ। ਚੰਨੋ ਦੀ ਸਹੇਲੀ ਸ਼ਾਮੋ ਪਿੰਡ ਦੇ ਸ਼ੁਕੀਨ ਮੁੰਡੇ ਦਿਆਲੇ ਨੂੰ ਪਿਆਰ ਕਰਦੀ ਹੈ। ਪੰਜਾਬੀ ਸਮਾਜ ਦੇ ਪੁਰਾਣੇ ਸਭਿਆਚਾਰਕ ਵਰਤਾਰੇ ਵਿਚ ਨਾ ਸ਼ਾਮੋ ਤੇ ਦਿਆਲੇ ਦਾ ਵਿਆਹ ਹੋ ਸਕਦਾ ਹੈ, ਨਾ ਚੰਨੋ ਤੇ ਰੂਪ ਦਾ ਵਿਆਹ ਸਿਰੇ ਚੜ੍ਹਦਾ ਹੈ। ਹਾਲਾਤ ਚੰਨੋ ਨੂੰ ਬੁੱਟਰ ਦੇ ਕਰਮੇ ਨਾਲ ਵਿਆਹ ਦਿੰਦੇ ਹਨ ਤੇ ਰੂਪ ਨੂੰ ਰਾਏਕੋਟ ਦੀ ਪ੍ਰਸਿੰਨੀ ਨਾਲ। ਰੂਪ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤੇ ਚੰਨੋ ਦੇ ਘਰ ਧੀ। ਰੂਪ ਤੇ ਚੰਨੋ ਆਪਣੇ ਅਧੂਰੇ ਪਿਆਰ ਨੂੰ ਆਪਣੇ ਬੱਚਿਆਂ ਦੇ ਆਪਸ ਵਿਚ ਵਿਆਹ ਕਰ ਕੇ ਪ੍ਰਵਾਨ ਚੜ੍ਹਾਉਂਦੇ ਹਨ। ਇੰਜ ਪਹਿਲੀ ਪੀੜ੍ਹੀ ਦਾ ਅਧੂਰਾ ਪਿਆਰ ਅਗਲੀ ਪੀੜ੍ਹੀ ਰਾਹੀਂ ਪੂਰਾ ਕਰ ਲਿਆ ਜਾਂਦਾ ਹੈ। ਕੰਵਲ ਨੇ 'ਪੂਰਨਮਾਸ਼ੀ' ਵਿਚ ਚੰਨੋ ਦੇ ਪਿੰਡ ਕਪੂਰਿਆਂ ਦੇ ਮੇਲੇ ਦਾ ਵੀ ਵਰਨਣ ਕੀਤਾ ਹੈ। ਪੇਸ਼ ਹੈ ਸਾਧੂ ਸਿੰਘ ਸੰਘਾ ਦੀ ਉਸ ਮੇਲੇ ਬਾਰੇ ਖੇਡ ਲਿਖਤ:

## ਕਪੂਰਿਆਂ ਦਾ ਮੇਲਾ ਵੇਖਦਿਆਂ

ਮੈਂ ਅਜੇ ਸਵੇਰ ਦੀ ਚਾਹ ਪੀ ਰਿਹਾ ਸੀ ਕਿ ਮੁੰਡਿਆਂ ਨੇ ਬਾਹਰਲੇ ਬਾਰ 'ਚੋਂ ਆਵਾਜ਼ ਮਾਰੀ, "ਬਾਈ ਘਰੇ ਈ ਐਂ।" ਮੈਂ ਉੱਠ ਕੇ ਬਾਰ ਵੱਲ ਗਿਆ ਤੇ ਉਨ੍ਹਾਂ ਨੂੰ ਅੱਗੇ ਲੰਘ ਆਉਣ ਲਈ ਕਿਹਾ। ਉਹ ਸਾਰੇ ਹੀ ਮੈਥੋਂ ਪੰਜ ਚਾਰ ਸਾਲ ਛੋਟੇ ਸਨ।ਸੁਵੱਖਤੇ ਹੀ ਆਉਣ ਦਾ ਕਾਰਨ ਪੁੱਛਣ ਤੇ ਉਹ ਕਹਿਣ ਲੱਗੇ, "ਅੱਜ ਕਪੂਰਿਆਂ ਦਾ ਮੇਲਾ ਐ, ਬਾਈ ਤੂੰ ਚੱਲੇਂਗਾ?"

ਮੈਂ ਆਖਿਆ, "ਜ਼ਰੂਰ ਚੱਲਾਂਗੇ ਪਰ ਦੋ ਕੁ ਵਜੇ ਸਹੀ।" ਉਹ ਕਹਿਣ ਲੱਗੇ, "ਨਹੀਂ, ਦੋ ਵਜੇ ਨਹੀਂ। ਆਪਾਂ ਕਬੱਡੀ ਟੀਮ ਦੀ ਐਂਟਰੀ ਪਾਉਣੀ ਹੈ, ਇਸ ਲਈ ਜਲਦੀ ਜਾਣਾ ਪੈਣਾ ਹੈ।" ਸਾਡੇ ਪਿੰਡ ਦੀ ਉਸ ਸਮੇਂ ਕੋਈ ਤਕੜੀ ਕਬੱਡੀ ਟੀਮ ਨਹੀਂ ਸੀ। ਮੇਰੇ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਫ਼ਲਾਣੇ ਫ਼ਲਾਣੇ ਖਿਡਾਰੀ ਅਸੀਂ ਟੀਮ ਵਿਚ ਹੋਵਾਂਗੇ। ਮੈਂ ਸੋਚਣ ਲੱਗਾ, ਟੀਮ ਦੇ ਜਿਹੜੇ ਮੈਂਬਰ ਇਹ ਗਿਣਾ ਰਹੇ ਹਨ, ਇਨ੍ਹਾਂ ਦੇ ਜਿੱਤਣ ਦਾ ਕੋਈ ਆਸਾਰ ਨਹੀਂ ਦਿਸਦਾ। ਐਵੇਂ ਬੇਇੱਜ਼ਤੀ ਕਰਵਾਣ ਵਾਲੀ ਹੀ ਗੱਲ ਹੋਵੇਗੀ ਪਰ ਮੈਂ ਉਨ੍ਹਾਂ ਦਾ ਹੌਸਲਾ ਵੀ ਢਾਹੁਣਾ ਨਹੀਂ ਸੀ ਚਾਹੁੰਦਾ। ਮੈਨੂੰ ਤੇ ਕੁਝ ਹੋਰਨਾਂ ਨੂੰ ਉਹ ਸਿਰਫ਼ ਆਪਣੀ ਮਦਦ ਲਈ ਹੀ ਨਾਲ ਲਿਜਾਣਾ ਚਾਹੁੰਦੇ ਸਨ ਤਾਂ ਕਿ ਖੇਡ ਦੌਰਾਨ ਕਿਸੇ ਕਿਸਮ ਦਾ ਰੌਲਾ ਰੱਪਾ ਪੈਣ ਦੀ ਸੂਰਤ ਵਿਚ ਅਸੀਂ ਅੱਗੇ ਹੋ ਕੇ ਉਨ੍ਹਾਂ ਦੀ ਮਦਦ ਕਰ ਸਕੀਏ। ਹੌਸਲਾ ਅਫ਼ਜ਼ਾਈ ਲਈ ਪਾਛੂ ਵੀ ਤਾਂ ਚਾਹੀਦੇ ਹਨ। ਇਸ ਗੱਲ ਦਾ ਭਾਵੇਂ ਪਹਿਲਾਂ ਹੀ ਅੰਦੇਸ਼ਾ ਸੀ ਕਿ ਸਾਡੇ ਪਿੰਡ ਦੀ ਟੀਮ ਨੇ ਚੰਗਾ ਪ੍ਰਦਰਸ਼ਨ ਨਹੀਂ ਕਰਨਾ, ਫ਼ਿਰ ਵੀ ਮੈਂ ਨਾਲ ਜਾਣ ਦੀ ਹਾਮੀ ਭਰ ਦਿੱਤੀ।

ਸੰਧੂਆਂ ਦਾ ਇਹ ਮੇਲਾ ਆਪਣੇ ਪਿੰਡ ਕਪੂਰੇ ਹਰ ਸਾਲ ਲਗਦਾ ਸੀ। ਨੇੜ ਤੇੜ ਦੇ ਪਿੰਡਾਂ ਦੇ ਲੋਕ ਮੇਲਾ ਵੇਖਣ ਲਈ ਕਈ ਦਿਨ ਪਹਿਲਾਂ ਹੀ ਤਿਆਰੀਆਂ ਬੰਨ੍ਹ ਲੈਂਦੇ ਸਨ। ਦੂਰੋਂ ਦੂਰੋਂ ਕਬੱਡੀ ਟੀਮਾਂ ਖੇਡਣ ਲਈ ਆਉਂਦੀਆਂ ਸਨ। ਕਪੂਰੇ ਪਿੰਡ ਦੀ ਉਸ ਸਮੇਂ ਆਪਣੀ ਟੀਮ ਵੀ ਬਹੁਤ ਤਕੜੀ ਹੁੰਦੀ ਸੀ। ਉਥੋਂ ਦੇ ਦਾਦੇ ਦੀ ਖੇਡ ਅਜੇ ਵੀ ਲੋਕ ਮਨਾਂ ਵਿਚ ਵਸੀ ਹੋਈ ਹੈ। ਕਈ ਵਾਰੀ ਇਸ ਗੱਲ 'ਤੇ ਵੀ ਰੌਲਾ ਪੈ ਜਾਂਦਾ ਸੀ ਕਿ ਰੈਫਰੀ ਕਪੂਰਿਆਂ ਦੀ ਟੀਮ ਦੀ ਰਈ ਕਰਦੇ ਹਨ। ਮੇਲੇ ਦੀ ਖਿੱਚ ਦਾ ਵੱਡਾ ਕਾਰਨ ਭਾਵੇਂ ਕਬੱਡੀ ਦੇ ਮੈਚ ਹੁੰਦੇ ਸਨ ਪਰ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਮੇਲੀ ਗੋਲੀ, ਪਕੌੜੇ, ਜਲੇਬੀਆਂ ਤੇ ਹੋਰ ਖਾਣ ਪੀਣ ਦੇ ਸਮਾਨ ਦੁਆਲੇ ਜੁੜ ਜਾਂਦੇ ਤੇ ਮੇਲੇ ਦਾ ਤੁਰ ਫਿਰ ਕੇ ਅਨੰਦ ਮਾਣਦੇ। ਭੁੰਜੇ ਹੀ ਕੱਪੜਾ ਵਿਛਾ ਕੇ ਕਿੱਸਿਆਂ ਦੇ ਸਟਾਲ ਲਾਏ ਹੁੰਦੇ ਸਨ। ਸਾਡੇ ਵਰਗੇ ਆਪਣੇ ਮਨਪਸੰਦ ਕਿੱਸੇ ਖਰੀਦ ਕੇ ਲਿਆਉਂਦੇ ਤੇ ਘਰ ਆ ਕੇ ਘਰਦਿਆਂ ਤੋਂ ਚੋਰੀ ਚੋਰੀ ਪੜ੍ਹਨ ਦਾ ਭੁਸ ਪੂਰਾ ਕਰਦੇ।

ਅਸੀਂ ਮੇਲੇ 'ਚ ਗਿਆਰਾਂ ਕੁ ਵਜੇ ਪਹੁੰਚ ਗਏ। ਪਹਿਲਾਂ ਛੋਟੀਆਂ ਟੀਮਾਂ ਦੇ ਮੈਚ ਸ਼ੁਰੂ ਹੋਏ। ਸਾਡੇ ਪਿੰਡ ਦੀ ਟੀਮ 65 ਕਿਲੋਗਰਾਮ ਵਜ਼ਨ ਵਾਲੀ ਸੀ। ਜਿਨ੍ਹਾਂ ਦਾ ਭਾਰ ਕੁਝ ਵੱਧ ਸੀ, ਉਨ੍ਹਾਂ ਨੇ ਕੱਲ੍ਹ ਦਾ ਕੁਝ ਵੀ ਨਹੀਂ ਸੀ ਖਾਧਾ। ਉਹ ਭੱਜ ਭੱਜ ਕੇ ਆਪਣਾ ਭਾਰ ਥੱਲੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਸਨ। ਆਖਰ ਨੂੰ ਸਾਡੀ ਟੀਮ ਦੀ ਵਾਰੀ ਵੀ ਆ ਗਈ। ਮੁਕਾਬਲਾ ਪਿੰਡ ਭਿੰਡਰਾਂ ਦੀ ਟੀਮ ਨਾਲ ਸੀ। ਸਾਡੇ ਪਿੰਡ ਦੀ ਟੀਮ ਨੇ ਮੈਨੂੰ ਕਿਹਾ ਕਿ ਦਾਇਰੇ ਵਿਚ ਬੈਠ ਕੇ ਪੁਆਇੰਟ ਤੂੰ ਲਿਖਣੇ ਹਨ। ਮੈਂ ਕਾਪੀ ਤੇ ਪੈੱਨ ਲੈ ਕੇ ਗਰਾਊਂਡ ਵਿਚ ਚਲਾ ਗਿਆ। ਭਿੰਡਰਾਂ ਦੀ ਟੀਮ ਵੱਲੋਂ ਵੀ ਇਕ ਜਣਾ ਪੁਆਇੰਟ ਲਿਖਣ ਲਈ ਮੇਰੇ ਕੋਲ ਬੈਠ ਗਿਆ। ਗਰਾਊਂਡ ਵਿਚ ਬੈਠ ਕੇ ਪੁਆਇੰਟ ਲਿਖਣ ਦਾ ਕੰਮ ਮੈਂ ਪਹਿਲੀ ਵਾਰ ਕਰ ਰਿਹਾ ਸਾਂ। ਪਹਿਲੀ ਕਬੱਡੀ ਭਿੰਡਰਾਂ ਦੇ ਖਿਡਾਰੀ ਨੇ ਪਾਈ ਜੋ ਬਿਨਾ ਕਿਸੇ ਜੱਦੋਜਹਿਦ ਦੇ ਪੁਆਇੰਟ ਲੈ ਕੇ ਵਾਪਸ ਚਲਾ ਗਿਆ। ਇਧਰੋਂ ਸਾਡਾ ਖਿਡਾਰੀ ਕਬੱਡੀ ਪਾਉਣ ਗਿਆ ਤਾਂ ਉਨ੍ਹਾਂ ਨੇ ਝਕਾਨੀ ਦੇ ਕੇ ਉਸ ਨੂੰ ਪਕੜ ਲਿਆ। ਇਉਂ ਸਾਡੇ ਪਿੰਡ ਦੇ ਸਭ ਤੋਂ ਤਕੜੇ ਖਿਡਾਰੀ ਨੂੰ ਜੱਫਾ ਲੱਗ ਚੁੱਕਾ ਸੀ। ਬੱਸ ਫਿਰ ਉਸ ਤੋਂ ਬਾਅਦ ਸਾਡੇ ਖਿਡਾਰੀ ਦੂਜਿਆਂ ਦੇ ਮੁਕਾਬਲੇ ਵਿਚ ਖੜ੍ਹਨ ਜੋਗੇ ਨਹੀਂ ਸਨ। ਮੇਰੇ ਨਾਲ ਬੈਠਾ ਪਿੰਡ ਭਿੰਡਰਾਂ ਦਾ ਪੁਆਇੰਟ ਲਿਖਣ ਵਾਲਾ, ਪੁਆਇੰਟ ਦਾ ਫੈਸਲਾ ਹੋਣ ਤੋਂ ਪਹਿਲਾਂ ਹੀ ਮੈਨੂੰ ਚਿੜਾਉਣ ਲਈ ਕਹਿ ਦਿਆ ਕਰੇ, ਬਾਈ ਆਹ ਪਆਇੰਟ ਵੀ ਮੈਂ ਆਪਣੇ ਪਿੰਡ ਦੇ ਨਾਂ ਲਿਖ ਦਿਆਂ? ਭਿੰਡਰ 19 ਤੇ ਸਾਡੇ ਪਿੰਡ ਦੇ 6 ਪੁਆਇੰਟਾਂ ਨਾਲ ਹਾਫ-ਟਾਈਮ ਹੋ ਗਿਆ। ਮੈਨੂੰ ਖਿਡਾਰੀ ਕਹਿਣ ਲੱਗੇ, ਹੁਣ ਹਾਰ ਤਾਂ ਜਾਣਾ ਹੀ ਹੈ, ਗਰਾਊਂਡ ਵਿਚ ਜਾ ਕੇ ਪੁਆਇੰਟ ਲਿਖਣ ਨੂੰ ਰਹਿਣ ਦੇਹ। ਖੇਡ ਖਤਮ ਹੋਣ ਤੋਂ ਪਿੱਛੋਂ ਅਸੀਂ ਆਪਣੇ ਖਿਡਾਰੀਆਂ ਨੂੰ ਹੌਸਲਾ ਦੇਣ ਲਈ ਕਿਹਾ, ਤੁਸੀਂ ਤਾਂ ਆਪਣੇ ਪਿੰਡ ਦੇ ਹੀਰੋ ਹੋ, ਹਰ ਕੋਈ ਕੱਪੜੇ ਉਤਾਰ ਕੇ ਮੈਦਾਨ ਵਿਚ ਨਹੀਂ ਆ ਸਕਦਾ, ਇਹ ਜੁਅਰਤ ਵੀ ਕੋਈ ਮਾਈ ਦਾ ਲਾਲ ਹੀ ਕਰ ਸਕਦਾ ਹੈ।

ਪਿੰਡ ਵਿਚ ਕਈ ਦਿਨ ਹਾਸਾ ਮਖੌਲ ਅਤੇ ਟਿੱਚਰਾਂ ਦਾ ਮਾਹੌਲ ਬਣਿਆ ਰਿਹਾ। ਕਬੱਡੀ ਦੀਆਂ ਗੱਲਾਂ ਚਲਦੀਆਂ ਰਹੀਆਂ। ਇੱਕ ਦਿਨ ਵਡੇਰੀ ਉਮਰ ਦਾ ਇਕ ਰੌਣਕੀ ਬੰਦਾ ਕਹਿਣ ਲੱਗਾ- ਆਪਣੇ ਪਿੰਡ ਦੀ ਕਬੱਡੀ ਪਹਿਲਾਂ ਤੋਂ ਹੀ ਇਹੋ ਜਿਹੀ ਐ। ਤੁਹਾਨੂੰ ਪੁਰਾਣੀ ਗੱਲ ਦੱਸਦਾਂ। ਇੱਕ ਵਾਰ ਆਪਣੇ ਪਿੰਡ ਦੀ ਟੀਮ ਕਬੱਡੀ ਖੇਡਣ ਇਸੇ ਮੇਲੇ 'ਤੇ ਗਈ। ਟੀਮ 'ਚ ਸਾਰੇ ਖਿਡਾਰੀ ਲੰਬੇ ਸਨ। ਵੈਸੇ ਵੀ ਆਪਣੇ ਪਿੰਡ ਦੇ ਲੋਕ ਬਾਕੀ ਪਿੰਡਾਂ ਨਾਲੋਂ ਲੰਬੇ ਕੱਦ ਦੇ ਹਨ। ਜਦ ਮੈਚ ਸ਼ੁਰੂ ਹੋਇਆ ਤਾਂ ਆਪਣੇ ਪਿੰਡ ਦਾ ਛੇ ਫੁੱਟ ਦੋ ਇੰਚ ਲੰਬਾ ਕੁੱਲਾ ਕੌਡੀ ਪਾਉਣ ਚਲਾ ਗਿਆ। ਦੂਜੀ ਟੀਮ ਦੇ ਸਾਰੇ ਖਿਡਾਰੀ, ਲੰਮ ਸਲੰਮਾ ਗੱਭਰੂ ਦੇਖ ਕੇ ਡਰਦੇ ਪਿੱਛੇ ਹਟ ਕੇ 75 ਦੇ ਦਾਇਰੇ ਕੋਲ ਜਾ ਖੜ੍ਹੇ ਹੋਏ। ਲੰਬੀਆਂ ਅਤੇ ਪਤਲੀਆਂ ਲੱਤਾਂ ਵਾਲਾ ਕੁੱਲ੍ਹਾ ਜਦ ਕੌਡੀ ਕੌਡੀ ਕਰਦਾ 25 ਦੇ ਦਾਇਰੇ ਕੋਲ ਗਿਆ ਤਾਂ ਗਿੱਟੇ ਨਾਲ ਗਿੱਟਾ ਭਿੜਨ ਕਰਕੇ ਡਿੱਗ ਪਿਆ। ਜਦ ਦੂਜੀ ਟੀਮ ਦੇ ਖਿਡਾਰੀ ਡਿੱਗੇ ਪਏ ਨੂੰ ਨੱਪਣ ਲਈ ਭੱਜੇ ਤਾਂ ਉਹ ਉਥੇ ਪਿਆ ਹੀ ਡੰਡ ਲਾਉਣ ਲੱਗ ਪਿਆ ਤੇ ਦੂਜੀ ਟੀਮ ਵਾਲਿਆਂ ਨੂੰ ਕਹਿਣ ਲੱਗ ਪਿਆ, ਮੈਂ ਤਾਂ ਅਜੇ ਵਾਰਮ-ਅੱਪ ਹੀ ਹੋ ਰਿਹਾਂ! ਦੂਜੀ ਟੀਮ ਦੇ ਖਿਡਾਰੀ ਪਿੱਛੇ ਹਟੇ ਤਾਂ ਕੁੱਲ੍ਹਾ ਪੰਜ ਸੱਤ ਡੰਡ ਲਾ ਕੇ ਵਾਪਸ ਆਪਣੇ ਪਾਲੇ 'ਚ ਆ ਗਿਆ।ਕੁੱਲ੍ਹੇ ਦੀ ਡਿੱਗ ਕੇ ਡੰਡ ਲਾਉਣ ਵਾਲੀ ਫ਼ੁਰਤੀ ਨੇ ਮੇਲੇ ਵਿਚ ਹਾਸੜ ਮਚਾ ਦਿੱਤੀ। ਕਬੱਡੀ ਦੀ ਗੱਲ ਚੱਲੇ ਤਾਂ ਸਾਡੇ ਪਿੰਡ ਦੇ ਲੋਕ ਉਸ ਨੂੰ ਅਜੇ ਵੀ ਯਾਦ ਕਰਦੇ ਹਨ।

ਕਪੂਰਿਆਂ ਦੇ ਮੇਲੇ ਨਾਲ ਫਿਰ ਹੋਰਨਾਂ ਪਿੰਡਾਂ ਵਿਚ ਵੀ ਕਬੱਡੀ ਟੂਰਨਾਮੈਂਟ ਹੋਣ ਲੱਗ ਪਏ। ਉਨ੍ਹਾਂ ਵਿਚੋਂ ਲਾਲਾ ਲਾਜਪਤ ਰਾਏ ਦੀ ਯਾਦ ਵਿਚ ਲੱਗਣ ਵਾਲਾ ਢੁੱਡੀਕੇ ਦਾ ਖੇਡ ਮੇਲਾ ਬਹੁਤ ਮਸ਼ਹੂਰ ਹੋਇਆ ਜਿਥੇ ਸਾਰੇ ਪੰਜਾਬ 'ਚੋਂ ਕਬੱਡੀ ਦੀਆਂ ਟੀਮਾਂ ਭਾਗ ਲੈਂਦੀਆਂ। ਮੇਰੇ ਪਿੰਡ ਦੇ ਸਾਥੀ ਮੈਨੂੰ ਕਹਿਣ ਲੱਗੇ, ਢੁੱਡੀਕਿਆਂ ਦੇ ਮੇਲੇ 'ਚ ਕੱਲ੍ਹ ਨੂੰ ਫਾਈਨਲ ਮੈਚ ਹੋਣੇ ਐਂ। ਤੁਹਾਡੀ ਉਥੇ ਰਿਸ਼ਤੇਦਾਰੀ ਹੈ, ਕੱਲ੍ਹ ਨੂੰ ਆਪਾਂ ਢੁੱਡੀਕੇ ਮੇਲਾ ਵੇਖਣ ਚੱਲੀਏ। ਅਗਲੇ ਦਿਨ ਅਸੀਂ ਬੱਸ ਚੜ੍ਹ ਕੇ ਅਜੀਤਵਾਲ, ਤੇ ਉੱਥੋਂ ਤਾਂਗਾ ਲੈ ਕੇ ਢੁੱਡੀਕੇ ਮੇਲੇ 'ਚ ਪਹੁੰਚ ਗਏ। ਜ਼ਿਲ੍ਹਿਆਂ ਦੇ ਮੈਚ ਹੋ ਰਹੇ ਸਨ ਤੇ ਅੰਤਾਂ ਦਾ 'ਕੱਠ ਸੀ। ਹਰੇਕ ਇੱਕ ਦੂਜੇ ਦੇ ਵਿਚ ਦੀ ਘੁਸੜ ਕੇ, ਅੱਗੇ ਹੋ ਕੇ ਵੇਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਸਵੰਤ ਸਿੰਘ ਕੰਵਲ, ਰੈਫਰੀ ਬਣੇ ਖੜ੍ਹੇ ਸਨ ਤੇ ਪ੍ਰੋ. ਸਰਵਣ ਸਿੰਘ ਕੁਮੈਂਟਰੀ ਕਰ ਰਹੇ ਸਨ। ਕਦੇ ਕੰਵਲ ਸਾਹਿਬ ਵੀ ਕੁਮੈਂਟਰੀ ਕਰਨ ਲੱਗ ਜਾਂਦੇ ਤੇ ਬਾਘੇ ਪੁਰਾਣੇ ਵਾਲੇ ਜਸਵੰਤ ਸਿੰਘ ਬਰਾੜ ਰੈਫਰੀ ਕਰਨ। ਉਹ ਢੁੱਡੀਕੇ ਹੀ ਵਿਆਹੇ ਹੋਏ ਸਨ। ਮੈਚ ਮੁੱਕਿਆ ਤਾਂ ਮੇਰੇ ਪਿੰਡ ਵਾਲੇ ਕਹਿਣ ਲੱਗੇ- ਚਲੋ ਚਾਹ ਪੀ ਆਈਏ। ਸਾਡੇ ਪਿੰਡ ਦੇ ਕੁਝ ਹੋਰ ਬੰਦੇ ਵੀ ਨਾਲ ਰਲ ਗਏ। ਪਿੰਡ ਦੀਆਂ ਗਲੀਆਂ ਵਿਚ ਆਉਣ ਜਾਣ ਵਾਲਿਆਂ ਦੀ ਰੌਣਕ ਲੱਗੀ ਹੋਈ ਸੀ। ਕੋਈ ਰਿਸ਼ਤੇਦਾਰਾਂ ਤੇ ਜਾਣ ਪਛਾਣ ਵਾਲਿਆਂ ਦੇ ਘਰਾਂ ਵੱਲ ਜਾ ਰਿਹਾ ਸੀ, ਕੋਈ ਚਾਹ ਪਾਣੀ ਪੀ ਕੇ ਆ ਰਿਹਾ ਸੀ। ਹਰੇਕ ਘਰ ਪ੍ਰਾਹੁਣਿਆਂ ਨਾਲ ਭਰਿਆ ਹੋਇਆ ਸੀ। ਅਸੀਂ ਪੱਚੀ-ਤੀਹ ਜਣੇ ਸਰਪੰਚ ਰਾਮ ਸਿੰਘ ਦੇ ਘਰ ਪਹੁੰਚ ਗਏ। ਉਸ ਘਰ ਮੇਰੀ ਭੈਣ ਵਿਆਹੀ ਹੋਈ ਸੀ। ਪਹਿਲਾਂ ਸਭ ਨੂੰ ਰੋਟੀ ਖੁਆਈ ਤੇ ਪਿੱਛੋਂ ਚਾਹ ਵਰਤਾਈ ਗਈ। ਘਰ ਵਿਚ ਹੋਰ ਵੀ ਪ੍ਰਾਹੁਣੇ ਆਏ ਹੋਏ ਸਨ। ਅਸੀਂ ਰੱਜ ਪੁੱਜ ਕੇ ਫਿਰ ਮੇਲੇ 'ਚ ਆ ਗਏ। ਕਬੱਡੀ ਦੇ ਬੜੇ ਫਸਵੇਂ ਮੁਕਾਬਲੇ ਸਨ। ਫਾਈਨਲ ਮੈਚ ਦੇਖ ਕੇ ਸਭ ਆਪੋ ਆਪਣੇ ਘਰਾਂ ਨੂੰ ਮੁੜ ਗਏ ਪਰ ਮੈਂ ਰਾਤ ਨੂੰ ਉੱਥੇ ਹੀ ਰਹਿ ਪਿਆ। ਹਰ ਸਾਲ ਮੈਂ ਇਹ ਮੇਲਾ ਦੇਖਣ ਜਾਂਦਾ। ਪਹਿਲੇ ਦਿਨ ਲਾਲਾ ਲਾਜਪਤ ਰਾਏ ਦੀ ਜਗ੍ਹਾ 'ਚ ਡਰਾਮੇ ਤੇ ਹੋਰ ਪ੍ਰੋਗਰਾਮ ਹੁੰਦੇ ਅਤੇ ਅਗਲੇ ਦੋ ਦਿਨ ਚੋਟੀ ਦੀਆਂ ਟੀਮਾਂ ਦੀ ਕਬੱਡੀ ਹੁੰਦੀ। ਮੇਰੀ ਦਿਲੀ ਕਾਮਨਾ ਹੈ ਕਿ ਕਬੱਡੀ ਨੂੰ ਡਰੱਗ ਤੇ ਗੈਂਗਸਟਰਾਂ ਦੀ ਮਾਰ ਕਦੇ ਨਾ ਪਵੇ। ਕਬੱਡੀ ਦੇ ਕੁੰਭ ਹੁੰਦੇ ਰਹਿਣ ਤੇ ਮੇਲੀਆਂ ਨੂੰ ਮਿਲਾਉਣ ਵਾਲੇ ਇਹ ਮੇਲੇ ਮਹਿਕਾਂ ਖਿਲਾਰਦੇ ਰਹਿਣ।



**ਸੰਪਰਕ:** principalsarwansingh@gmail.com


Sri Satguru Jagjit Singh Ji eLibrary NamdhariElibrary@gmail.com